ਸੋਮਵਾਰ, 10 ਜੁਲਾਈ, 2023
26 ਹਾੜ੍ਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 39

# ਨਵਾਂ ਜ਼ਮਾਨਾ

DAILY NAWAN ZAMANA • MONDAY, 10 JULY, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਮੁਹਾਲੀ 'ਚ ਫੌਜ ਤਲਬ

## ਮਾਨ ਵੱਲੋਂ ਮੰਤਰੀਆਂ, ਵਿਧਾਇਕਾਂ ਤੇ ਅਫਸਰਾਂ ਨੂੰ ਫੀਲਡ 'ਚ ਰਹਿਣ ਦੀ ਹਦਾਇਤ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁਹਾਲੀ ਵਿਚ ਲੋਕਾਂ ਨੂੰ ਬਚਾਉਣ ਲਈ ਫੌਜ ਦੀ ਮਦਦ ਮੰਗ ਲਈ ਗਈ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਰਕਾਰ ਨੂੰ ਕਿਹਾ ਸੀ ਕਿ ਤਿੰਨ ਦਿਨਾਂ ਤੋਂ ਲਗਾਤਾਰ ਮੀਂਹ ਪੈ ਰਿਹਾ ਹੈ ਤੇ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਪਾਣੀ ਸ਼ਹਿਰ ਤੇ ਪਿੰਡਾਂ 'ਚ ਲੋਕਾਂ ਦੇ ਘਰਾਂ 'ਚ ਵੜਨ ਲੱਗ ਪਿਆ ਹੈ। ਇਸ ਤੋਂ ਬਾਅਦ ਗ੍ਰਹਿ ਸਕੱਤਰ ਨੇ ਪੱਛਮੀ ਕਮਾਨ ਦੇ ਮੁਖੀ ਦੇ ਸਲਾਹਕਾਰ ਨੂੰ ਫੌਜ ਮੁਹੱਈਆ ਕਰਨ ਦੀ ਬੇਨਤੀ ਕੀਤੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਮੰਤਰੀਆਂ, ਵਿਧਾਇਕਾਂ ਤੇ ਅਫਸਰਾਂ ਨੂੰ ਲੋਕਾਂ 'ਚ ਜਾ ਕੇ ਮਦਦ ਕਰਨ ਦੇ ਆਦੇਸ਼ ਦਿੱਤੇ ਹਨ। ਡੀ ਸੀ ਤੇ ਐੱਸ ਐੱਸ ਪੀ ਨੂੰ ਵੀ ਫੀਲਡ 'ਤੇ ਰਾਹਤ ਕਾਰਜ ਤੇਜ਼ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਨੀਵੇਂ ਤੇ ਦਰਿਆਵਾਂ ਨਾਲ ਲੱਗਦੇ ਇਲਾਕਿਆਂ 'ਚ ਅਲਰਟ ਜਾਰੀ ਕਰ ਦਿੱਤਾ ਹੈ ਅਤੇ ਲੋਕਾਂ ਨੂੰ ਜ਼ਰੂਰੀ ਕੰਮ ਹੋਣ 'ਤੇ ਹੀ ਘਰੋਂ ਬਾਹਰ ਨਿਕਲਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਵੱਲੋਂ ਹਾਲਾਤ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ।

ਡੇਰਾ ਬੱਸੀ ਅਤੇ ਜ਼ੀਰਕਪੁਰ ਖੇਤਰ 'ਚ ਦੋ ਦਿਨਾਂ ਤੋਂ ਪੈ ਰਹੇ ਭਰਵੇਂ ਮੀਂਹ ਨਾਲ ਹੜ੍ਹ ਵਰਗੇ ਹਾਲਾਤ ਬਣੇ ਹੋਏ ਹਨ। ਦੋਵਾਂ ਖੇਤਰਾਂ 'ਚ ਲੰਘ ਰਹੇ ਨਦੀ, ਨਾਲੇ ਅਤੇ ਬਰਸਾਤੀ ਚੋਅ ਪੂਰੇ ਭਰ ਕੇ ਚੱਲ ਰਹੇ ਹਨ। ਦੋਵਾਂ ਸ਼ਹਿਰਾਂ ਵਿਚ ਕਈ ਰਿਹਾਇਸ਼ੀ ਸੁਸਾਇਟੀਆਂ ਪਾਣੀ ਵਿਚ ਡੁੱਬ ਗਈਆਂ ਹਨ। ਸਭ ਤੋਂ ਮਾੜੀ ਹਾਲਤ ਡੇਰਾ ਬੱਸੀ-ਹੈਬਤਪੁਰ ਸੜਕ 'ਤੇ ਗੁਲਮੋਹਰ ਸਿਟੀ ਐਕਸਟੈਂਸ਼ਨ ਵਿਚ ਬਣੀ ਹੋਈ ਹੈ। ਪੂਰੀ ਸੁਸਾਇਟੀ ਪਾਣੀ 'ਚ ਡੁੱਬ ਗਈ ਹੈ ਅਤੇ ਲੋਕ ਅਪਣੇ ਫਲੈਟ ਵਿੱਚ ਫਸ ਕੇ ਰਹਿ ਗਏ ਹਨ। ਪ੍ਰਸ਼ਾਸਨ ਵੱਲੋਂ ਕਿਸ਼ਤੀ ਦੀ ਮਦਦ ਨਾਲ ਲੋਕਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਲੋੜੀਂਦਾ ਸਾਮਾਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਜ਼ੀਰਕਪੁਰ ਦੇ ਗੁਰਦੇਵ ਨਗਰ, ਸ਼ਿਵਾਲਿਕ ਵਿਹਾਰ, ਵੀ ਆਈ ਪੀ ਰੋਡ, ਬਲਟਾਣਾ ਖੇਤਰ, ਗਾਜੀਪੁਰ ਸਣੇ ਕਈ ਖੇਤਰਾਂ 'ਚ ਪਾਣੀ ਭਰ ਗਿਆ ਹੈ। ਡੇਰਾ ਬੱਸੀ ਦੇ ਦਰਜਨਾਂ ਪਿੰਡਾਂ 'ਚ ਹਾਲਾਤ ਬਦ ਤੋਂ ਬਦਤਰ ਨਜ਼ਰ ਆ ਰਹੇ ਹਨ, ਜਦਕਿ ਪ੍ਰਸ਼ਾਸਨ ਲਾਚਾਰ ਨਜ਼ਰ ਆ ਰਿਹਾ ਹੈ। ਡੇਰਾ ਬੱਸੀ ਤੋਂ ਲੰਘ ਰਹੀ ਘੱਗਰ ਨਦੀ 'ਚ ਪਾਣੀ ਦਾ ਪੱਧਰ ਵਧਦਾ ਜਾ ਰਿਹਾ ਹੈ, ਜੋ ਨੇੜਲੇ ਪਿੰਡਾਂ ਲਈ ਖਤਰੇ ਦੀ ਘੰਟੀ ਹੈ। ਲਾਲੜੂ ਖੇਤਰ ਵਿੱਚੋਂ ਲੰਘਦੀ ਘੱਗਰ, ਟਾਂਗਰੀ ਤੇ ਝਰਮਲ ਨਦੀਆਂ ਸਮੇਤ ਬਰਸਾਤੀ ਚੋਆਂ 'ਚ ਲਗਾਤਾਰ ਬਰਸਾਤੀ ਪਾਣੀ ਦੀ ਆਮਦ ਵਧਣ ਕਾਰਨ ਹੜ੍ਹਾਂ ਵਰਗੀ ਸਥਿਤੀ ਬਣੀ ਹੋਈ ਹੈ।

ਚੰਡੀਗੜ੍ਹ 'ਚ ਪਿਛਲੇ 24 ਘੰਟਿਆਂ ਦੌਰਾਨ ਪਏ ਮੀਂਹ ਨੇ ਪਿਛਲੇ 23 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਇਹ ਇਸ ਸੀਜ਼ਨ ਦਾ ਹੁਣ ਤੱਕ ਦਾ ਸਭ ਤੋਂ ਭਾਰੀ ਮੀਂਹ ਹੈ। ਮੌਸਮ ਵਿਭਾਗ ਮੁਤਾਬਕ ਚੰਡੀਗੜ੍ਹ 'ਚ ਪਿਛਲੇ 24 ਘੰਟਿਆਂ ਦੌਰਾਨ 322.2 ਮਿਲੀਮੀਟਰ ਮੀਂਹ ਰਿਕਾਰਡ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਸ਼ਹਿਰ 'ਚ 18 ਜੁਲਾਈ 2000 ਨੂੰ 262 ਮਿਲੀਮੀਟਰ ਮੀਂਹ ਪਿਆ ਸੀ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਾਰੇ ਸਰਕਾਰੀ ਅਧਿਕਾਰੀਆਂ ਦੀ ਐਤਵਾਰ ਦੀ ਛੁੱਟੀ ਰੱਦ ਕਰਦਿਆਂ ਉਨ੍ਹਾਂ ਨੂੰ ਫੀਲਡ ਵਿਚ ਜਾਣ ਦੀ ਹਦਾਇਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਨੂੰ ਹਰੇਕ ਮੌਨਸੂਨ ਦੌਰਾਨ ਕੁੱਲ ਮੀਂਹ ਦਾ 15 ਫੀਸਦ ਮਿਲਦਾ ਹੈ, ਜੋ ਪਿਛਲੇ 12 ਘੰਟਿਆਂ ਦੌਰਾਨ ਪੈ ਚੁੱਕਾ ਹੈ। ਦਿੱਲੀ 'ਚ ਪਿਛਲੇ 24 ਘੰਟਿਆਂ ਦੌਰਾਨ ਐਤਵਾਰ ਸਵੇਰੇ ਅੱਠ ਵਜੇ ਤੱਕ 153 ਮਿਲੀਮੀਟਰ ਮੀਂਹ ਪੈ ਚੁੱਕਾ ਸੀ। ਮੌਸਮ ਵਿਭਾਗ ਮੁਤਾਬਕ ਜੁਲਾਈ 1982 ਮਗਰੋਂ ਇਹ ਇਕ ਦਿਨ 'ਚ ਪਏ ਮੀਂਹ ਦਾ ਸਿਖਰਲਾ ਅੰਕੜਾ ਹੈ। 25 ਜੁਲਾਈ 1982 'ਚ 169.9 ਮਿਲੀਮੀਟਰ ਮੀਂਹ ਪਿਆ ਸੀ। 2003 'ਚ 133.4 ਤੇ 2013 'ਚ 123.4 ਮਿਲੀਮੀਟਰ ਮੀਂਹ ਪਿਆ ਸੀ। ਜੰਮੂ-ਕਸ਼ਮੀਰ ਦੇ ਪੁਣਛ 'ਚ ਦੋ ਫੌਜੀ ਪੋਸ਼ਾਨਾ ਨਦੀ ਪਾਰ ਕਰਦੇ ਡੁੱਬ ਗਏ। ਹਿਮਾਚਲ 'ਚ 5, ਜੰਮੂ 'ਚ 2 ਅਤੇ ਯੂ ਪੀ 'ਚ 4 ਮੌਤਾਂ ਦੀਆਂ ਰਿਪੋਰਟਾਂ ਸਨ।



ਮੁਹਾਲੀ 'ਚ ਕਈ ਘਰਾਂ 'ਚ ਪਾਣੀ ਵੜ ਗਿਆ ਹੈ ਤੇ ਹੋਰ ਮੀਂਹ ਪੈਣ ਦੀ ਭਵਿੱਖਬਾਣੀ ਹੈ।

ਹਿਮਾਚਲ ਦੇ ਸ਼ਿਮਲਾ ਜ਼ਿਲ੍ਹੇ ਦੇ ਕੋਟਗੜ੍ਹ ਇਲਾਕੇ 'ਚ ਢਿਗਾਂ ਡਿੱਗਣ ਕਰਕੇ ਇਕ ਘਰ 'ਚ ਪਰਵਾਰ ਦੇ ਤਿੰਨ ਜੀਆਂ ਦੀ ਮੌਤ ਹੋ ਗਈ। ਕੁੱਲੂ ਕਸਬੇ 'ਚ ਵੀ ਢਿਗਾਂ ਡਿੱਗਣ ਕਰਕੇ ਇਕ ਘਰ 'ਚ ਰਹਿੰਦੀ ਮਹਿਲਾ ਦੀ ਮੌਤ ਹੋ ਗਈ। ਸਨਿੱਚਰਵਾਰ ਰਾਤ ਚੰਬਾ 'ਚ ਕਾਤਿਆਨ ਤਹਿਸੀਲ ਵਿਚ ਢਿਗਾਂ ਡਿੱਗਣ ਕਰ ਕੇ ਇਕ ਵਿਅਕਤੀ ਮਲਬੇ ਹੇਠਾ ਜ਼ਿੰਦਾ ਦਫਨ ਹੋ ਗਿਆ। ਸਟੇਟ ਐਮਰਜੈਂਸੀ ਅਪਰੇਸ਼ਨ ਸੈਂਟਰ ਮੁਤਾਬਕ ਪਿਛਲੇ 36 ਘੰਟਿਆਂ 'ਚ 13 ਥਾਵਾਂ 'ਤੇ ਢਿਗਾਂ ਡਿੱਗਣ 'ਤੇ 9 ਥਾਈਂ ਹੜ੍ਹ ਆਉਣ ਦੀਆਂ ਰਿਪੋਰਟਾਂ ਹਨ। ਮੰਡੀ, ਕੁੱਲੂ ਅਤੇ ਲਾਹੌਲ ਤੇ ਸਪਿਤੀ ਜ਼ਿਲ੍ਹਿਆਂ 'ਚ ਨਿੱਜੀ ਤੇ ਸਰਕਾਰੀ ਜਾਇਦਾਦ ਨੂੰ ਵੱਡਾ ਨੁਕਸਾਨ ਪੁੱਜਾ ਹੈ। ਮਨਾਲੀ ਨੇੜੇ ਬਾਹਾਂਗ 'ਚ ਹੜ੍ਹ ਕਰਕੇ ਕਈ ਦੁਕਾਨਾਂ ਰੁੜ੍ਹ ਗਈਆਂ। ਕੁੱਲੂ ਜ਼ਿਲ੍ਹੇ ਦੇ ਪਾਟਲੀਕੂਹਲ ਨੇੜੇ ਉਸਾਰੀ ਅਧੀਨ ਘਰ ਬਿਆਸ ਦਰਿਆ 'ਚ ਹੜ੍ਹ ਗਿਆ। ਪੰਡੋਹ ਡੈਮ ਅਥਾਰਟੀਜ਼ ਨੇ ਵਾਧੂ ਪਾਣੀ ਛੱਡਣ ਲਈ ਫਲੱਡ ਗੇਟ ਖੋਲ੍ਹ ਦਿੱਤੇ ਹਨ। ਨਤੀਜੇ ਵਜੋਂ ਬਿਆਸ ਦਰਿਆ 'ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਉੱਤੇ ਚਲੇ ਗਿਆ। ਮੀਂਹ ਕਰਕੇ ਪੰਡੋਹ ਬਾਜ਼ਾਰ ਪਾਣੀ 'ਚ ਡੁੱਬ ਗਿਆ। ਮੰਡੀ ਜ਼ਿਲ੍ਹਾ ਪ੍ਰਸ਼ਾਸਨ ਨੇ ਪਰਵਾਰ ਦੇ ਛੇ ਜੀਆਂ ਨੂੰ ਹੜ੍ਹ ਦੇ ਪਾਣੀ 'ਚੋਂ ਕੱਢ ਕੇ ਸੁਰੱਖਿਅਤ ਥਾਂ 'ਤੇ ਪਹੁੰਚਾਇਆ। ਬੰਜਾਰ ਸਬਜ਼ੀ ਮੰਡੀ ਵੀ ਹੜ੍ਹ ਦੇ ਪਾਣੀ ਨਾਲ ਘਿਰ ਗਈ। ਅਖਾੜਾ ਬਾਜ਼ਾਰ ਪਾਰਕਿੰਗ 'ਚ ਇਕ ਕਾਰ ਬਿਆਸ 'ਚ ਰੁੜ੍ਹ ਗਈ। ਚੰਡੀਗੜ੍ਹ-ਮਨਾਲੀ ਹਾਈਵੇ ਮੰਡੀ ਤੇ ਪੰਡੋਹਰ ਦਰਮਿਆਨ ਵੱਡੀਆਂ ਢਿਗਾਂ ਡਿੱਗਣ ਕਰਕੇ ਆਵਾਜਾਈ ਲਈ ਬੰਦ ਹੋ ਗਿਆ ਹੈ। ਬੰਜਾਰ ਨੇੜੇ ਢਿਗਾਂ ਡਿੱਗਣ ਕਰਕੇ ਔਤ-ਲੁਹਰੀ ਹਾਈਵੇ ਬੰਦ ਹੋ ਗਿਆ ਹੈ। ਲਾਹੌਲ ਤੇ ਸਪਿਤੀ, ਲੋਸਾਰ 'ਚ ਸੱਜਰੀ ਬਰਫਬਾਰੀ ਕਰਕੇ ਤਾਪਮਾਨ ਲਗਾਤਾਰ ਡਿੱਗਦਾ ਜਾ ਰਿਹਾ ਹੈ। ਹਿਮਾਚਲ 'ਚ ਤਿੰਨ ਕੌਮੀ ਸ਼ਾਹਰਾਹਾਂ ਸਣੇ ਕੁੱਲ 736 ਸੜਕਾਂ ਆਵਾਜਾਈ ਲਈ ਬੰਦ ਹਨ। 1743 ਦੇ ਕਰੀਬ ਡਿਸਟ੍ਰੀਬਿਊਸ਼ਨ ਟਰਾਂਸਫਾਰਮਰਾਂ ਨੂੰ ਵੀ ਨੁਕਸਾਨ ਪੁੱਜਾ ਹੈ, ਜਿਸ ਕਰਕੇ ਕਈ ਥਾਈਂ ਬਿਜਲੀ ਗੁਲ ਹੈ।



ਹਿਮਾਚਲ ਦੇ ਮੰਡੀ ਸ਼ਹਿਰ 'ਚੋਂ ਨਿਕਲਦਾ ਬਿਆਸ ਦਰਿਆ।

### ਭਾਖੜਾ ਡੈਮ 'ਚ ਪਾਣੀ ਦਾ ਪੱਧਰ 1611 ਫੁੱਟ

**ਨੰਗਲ (ਸੁਰਜੀਤ ਸਿੰਘ)**-ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ 'ਚ ਪਾਣੀ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਐਤਵਾਰ 9 ਫੁੱਟ ਪਾਣੀ ਵਧਿਆ ਹੈ। ਅੱਜ ਸ਼ਾਮੀ ਖਬਰ ਲਿਖਣ ਸਮੇਂ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1611.12 ਫੁੱਟ ਤੱਕ ਪਹੁੰਚ ਗਿਆ ਹੈ। ਖਤਰੇ ਦੇ ਨਿਸ਼ਾਨ 'ਤੇ ਪੁੱਜਣ ਲਈ 74 ਫੁੱਟ ਘੱਟ ਹੈ। ਗੋਬਿੰਦ ਸਾਗਰ ਝੀਲ ਵਿੱਚ 113992 ਕਿਊਸਿਕ ਪਾਣੀ ਆ ਰਿਹਾ ਹੈ ਜਦੋਂ ਕਿ 21647 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਭਾਖੜਾ ਡੈਮ ਵਿੱਚ 1685 ਫੁੱਟ ਤੱਕ ਪਾਣੀ ਜਮ੍ਹਾਂ ਕੀਤਾ ਜਾ ਸਕਦਾ ਹੈ। ਪਰ ਵਿਭਾਗ 1680 ਫੁੱਟ ਤੱਕ ਪਾਣੀ ਜਮ੍ਹਾਂ ਕਰਨ ਦਾ ਰਿਸਕ ਨਹੀਂ ਲੈ ਸਕਦਾ। ਇੱਥੇ ਤੱਕ ਪਾਣੀ ਪਹੁੰਚਣ ਤੇ ਫਲੱਡ ਗੇਟ ਖੋਲੇ ਜਾ ਸਕਦੇ ਹਨ।

ਰਾਵੀ, ਬਿਆਸ, ਸਤਲੁਜ ਤੇ ਝਨਾਂ ਸਣੇ ਸਾਰੀਆਂ ਪ੍ਰਮੁੱਖ ਨਦੀਆਂ ਤੇ ਨਾਲੇ ਚੜ੍ਹੇ ਹੋਏ ਹਨ ਅਤੇ ਆਮ ਲੋਕਾਂ ਤੇ ਯਾਤਰੀਆਂ ਨੂੰ ਨਦੀਆਂ ਨਾਲਿਆਂ ਨੇੜੇ ਜਾਣ ਵਿਰੁੱਧ ਚੇਤਾਵਨੀ ਦਿੱਤੀ ਗਈ ਹੈ।

## ਭਾਜਪਾ ਨੇ ਵੀ 18 ਨੂੰ ਐੱਨ ਡੀ ਏ ਦੀ ਮੀਟਿੰਗ ਸੱਦੀ

**ਨਵੀਂ ਦਿੱਲੀ** : ਆਪੋਜ਼ੀਸ਼ਨ ਪਾਰਟੀਆਂ ਦੀ 17-18 ਜੁਲਾਈ ਨੂੰ ਬੇਂਗਲੁਰੂ 'ਚ ਹੋਣ ਵਾਲੀ ਮੀਟਿੰਗ ਦੇ ਮੁਕਾਬਲੇ ਭਾਜਪਾ ਨੇ ਵੀ 18 ਜੁਲਾਈ ਨੂੰ ਨਵੀਂ ਦਿੱਲੀ 'ਚ ਐੱਨ ਡੀ ਏ ਦੀ ਮੀਟਿੰਗ ਸੱਦ ਲਈ ਹੈ। ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਕਰ ਰਹੀ ਭਾਜਪਾ ਦੀ ਨਜ਼ਰ ਮਹਾਰਾਸ਼ਟਰ, ਬਿਹਾਰ, ਯੂ ਪੀ ਤੇ ਪੰਜਾਬ ਦੇ ਉਨ੍ਹਾਂ ਆਗੂਆਂ ਤੇ ਪਾਰਟੀਆਂ 'ਤੇ ਹੈ, ਜਿਹੜੀਆਂ ਕੁਝ ਸਾਲ ਪਹਿਲਾਂ ਐੱਨ ਡੀ ਏ ਨੂੰ ਛੱਡ ਗਈਆਂ ਸਨ। ਮਹਾਰਾਸ਼ਟਰ ਦੇ ਐੱਨ ਸੀ ਪੀ ਦੇ ਅਜੀਤ ਧੜੇ, ਸ਼ਿਵ ਸੈਨਾ ਦੇ ਸ਼ਿੰਦੇ ਧੜੇ ਨੂੰ ਐੱਨ ਡੀ ਏ ਵਿਚ ਸ਼ਾਮਲ ਕੀਤਾ ਜਾਵੇਗਾ।

ਯੂ ਪੀ ਤੋਂ ਓਮ ਪ੍ਰਕਾਸ਼ ਰਾਜਭਰ ਦੀ ਸੁਹੇਲਦੇਵ ਭਾਰਤੀ ਸਮਾਜ ਪਾਰਟੀ ਨੂੰ ਗੰਢਣ ਦੇ ਯਤਨ ਚੱਲ ਰਹੇ ਹਨ। ਬਿਹਾਰ ਤੋਂ ਜੀਤਨ ਰਾਮ ਮਾਂਝੀ ਦੇ ਹਿੰਦੁਸਤਾਨ ਅਵਾਮ ਮੋਰਚਾ, ਚਿਰਾਗ ਪਾਸਵਾਨ ਦੀ ਐੱਲ ਜੇ ਪੀ, ਮੁਕੇਸ਼ ਸਾਹਨੀ ਦੀ ਵੀ ਆਈ ਪੀ ਤੇ ਉਪੇਂਦਰ ਕੁਸ਼ਵਾਹਾ ਦੀ ਆਰ ਐੱਲ ਐੱਸ ਪੀ ਨੂੰ ਮੀਟਿੰਗ 'ਚ ਸੱਦਿਆ ਗਿਆ ਹੈ। ਅਕਾਲੀ ਦਲ (ਬਾਦਲ) ਤੇ ਆਂਧਰਾ ਦੇ ਸਾਬਕਾ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਦੀ ਤੇਲਗੂ ਦੇਸਮ ਦੇ ਵੀ ਸ਼ਾਮਲ ਹੋਣ ਦੀ ਸੰਭਾਵਨਾ ਹੈ।

## ਦਿੱਲੀ ਦੀ ਅਪੀਲ 'ਤੇ ਸੁਣਵਾਈ ਅੱਜ

**ਨਵੀਂ ਦਿੱਲੀ** : ਸੁਪਰੀਮ ਕੋਰਟ ਕੌਮੀ ਰਾਜਧਾਨੀ 'ਚ ਸੇਵਾਵਾਂ ਦੇ ਕੰਟਰੋਲ ਬਾਰੇ ਕੇਂਦਰ ਸਰਕਾਰ ਵੱਲੋਂ ਲਿਆਂਦੇ ਆਰਡੀਨੈਂਸ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੰਦੀ ਦਿੱਲੀ ਸਰਕਾਰ ਦੀ ਅਪੀਲ 'ਤੇ ਸੋਮਵਾਰ ਨੂੰ ਸੁਣਵਾਈ ਕਰੇਗੀ।

ਚੀਫ ਜਸਟਿਸ ਡੀ ਵਾਈ ਚੰਦਰਚੂੜ ਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਸ਼ਮੂਲੀਅਤ ਵਾਲੀ ਬੈਂਚ ਵੱਲੋਂ ਸੁਣਵਾਈ ਕੀਤੇ ਜਾਣ ਦੇ ਆਸਾਰ ਹਨ।

## ਦਿਗਵਿਜੈ ਖਿਲਾਫ ਕੇਸ

**ਇੰਦੌਰ** : ਸਥਾਨਕ ਪੁਲਸ ਨੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੇ ਸਾਬਕਾ ਮੁਖੀ ਐੱਮ ਐੱਸ ਗੋਲਵਾਲਕਰ ਖਿਲਾਫ ਸੋਸ਼ਲ ਮੀਡੀਆ 'ਤੇ ਕਥਿਤ ਵਿਵਾਦਤ ਪੋਸਟ ਸਾਂਝੀ ਕਰਨ 'ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਦਿਗਵਿਜੈ ਸਿੰਘ ਖਿਲਾਫ ਕੇਸ ਦਰਜ ਕੀਤਾ ਹੈ। ਉਧਰ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਾਂਗਰਸ ਆਗੂ 'ਤੇ ਇਸ ਪੋਸਟ ਜ਼ਰੀਏ 'ਗਲਤ ਜਾਣਕਾਰੀ' ਫੈਲਾਉਣ ਤੇ ਸਮਾਜਕ ਨਫਰਤ ਦਾ ਮਾਹੌਲ ਸਿਰਜਣ ਦਾ ਦੋਸ਼ ਲਾਇਆ ਹੈ।

## ਟੋਰਾਂਟੋ 'ਚ ਖਾਲਿਸਤਾਨ ਪੱਖੀਆਂ ਖਿਲਾਫ ਪ੍ਰਦਰਸ਼ਨ

**ਟੋਰਾਂਟੋ** : ਭਾਰਤੀ ਭਾਈਚਾਰੇ ਦੇ ਮੈਂਬਰਾਂ ਨੇ ਹੱਥਾਂ 'ਚ ਤਿਰੰਗਾ ਫੜੀ ਸਨਿੱਚਰਵਾਰ ਆਪਣੇ ਡਿਪਲੋਮੈਟਾਂ ਅਤੇ ਕੌਂਸਲਖਾਨੇ ਦੀ ਸੁਰੱਖਿਆ ਲਈ ਇਥੇ ਕੌਂਸਲਖਾਨੇ ਦੇ ਬਾਹਰ ਖਾਲਿਸਤਾਨ ਪੱਖੀਆਂ ਖਿਲਾਫ ਪ੍ਰਦਰਸ਼ਨ ਕੀਤਾ। ਉਨ੍ਹਾਂ 'ਭਾਰਤ ਮਾਤਾ ਕੀ ਜੈ', 'ਖਾਲਿਸਤਾਨ ਮੁਰਦਾਬਾਦ' ਦੇ ਨਾਅਰੇ ਲਾਏ। ਇਨ੍ਹਾਂ ਮੈਂਬਰਾਂ ਨੇ ਤਖਤੀਆਂ ਵੀ ਚੁੱਕੀਆਂ ਹੋਈਆਂ ਸਨ, ਜਿਨ੍ਹਾਂ 'ਤੇ 'ਖਾਲਿਸਤਾਨੀ ਸਿੱਖ ਨਹੀਂ ਹਨ' ਤੇ 'ਕੈਨੇਡਾ ਖਾਲਿਸਤਾਨੀ ਕੈਨੇਡੀਅਨ ਦਹਿਸ਼ਗਰਦਾਂ ਦੀ ਹਮਾਇਤ ਬੰਦ ਕਰੇ' ਲਿਖਿਆ ਸੀ। ਸੁਨੀਲ ਅਰੋੜਾ ਨੇ ਕਿਹਾ—ਅਸੀਂ ਇੱਥੇ ਖਾਲਿਸਤਾਨੀਆਂ ਦਾ ਸਾਹਮਣਾ ਕਰਨ ਲਈ ਕੌਂਸਲਖਾਨੇ ਦੇ ਸਾਹਮਣੇ ਖੜ੍ਹੇ ਹਾਂ। ਅਸੀਂ ਇੱਥੇ ਭਾਰਤ ਅਤੇ ਕੈਨੇਡਾ ਦੀ ਇੱਕਮੁੱਠਤਾ ਲਈ ਹਾਂ।

ਖਾਲਿਸਤਾਨ ਪੱਖੀ ਇਹ ਕਹਿ ਕੇ ਗਲਤ ਜਾਣਕਾਰੀ ਦੇ ਰਹੇ ਹਨ ਕਿ ਉਹ ਸਾਡੇ ਡਿਪਲੋਮੈਟਾਂ ਨੂੰ ਮਾਰ ਦੇਣਗੇ, ਅਸੀਂ ਇਸ ਦੇ ਪੂਰੀ ਤਰ੍ਹਾਂ ਖਿਲਾਫ ਹਾਂ। ਅਨਿਲ ਸਾਰਿੰਗੀ ਨੇ ਕਿਹਾ ਕਿ ਉਹ ਭਾਰਤੀ ਕੌਂਸਲਖਾਨੇ ਦਾ ਸਮਰਥਨ ਕਰਨ ਲਈ ਇਥੇ ਆਏ ਹਨ ਅਤੇ ਭਾਰਤੀ ਡਿਪਲੋਮੈਟਾਂ ਨੂੰ ਦਿੱਤੀ ਖਾਲਿਸਤਾਨੀਆਂ ਦੀ ਧਮਕੀ ਦੇ ਵਿਰੁੱਧ ਖੜ੍ਹੇ ਹਨ।

## ਵੰਡ-ਪਾਊ ਤਾਕਤਾਂ ਦਾ ਮੂੰਹ ਭੰਨਣ ਲਈ ਲੋਕਾਂ ਨੂੰ ਜਥੇਬੰਦ ਕਰਨਾ ਅਤਿ ਜ਼ਰੂਰੀ : ਬਰਾੜ



**ਜਲੰਧਰ** : 'ਭਾਰਤੀ ਕਮਿਊਨਿਸਟ ਪਾਰਟੀ ਆਪਣੀ ਸਥਾਪਤੀ ਦੇ ਦਿਨ ਤੋਂ ਹੀ ਹਰ ਕਿਸਮ ਦੀ ਲੁੱਟ-ਖ਼ਸੁੱਟ ਦੇ ਖਿਲਾਫ ਸੰਘਰਸ਼ ਕਰਦੀ ਹੋਈ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਸੰਘਰਸ਼ਸ਼ੀਲ ਹੈ। ਸਿਰਫ਼ ਤੇ ਸਿਰਫ਼ ਸੀ ਪੀ ਆਈ ਹੀ ਇੱਕ ਅਜਿਹੀ ਪਾਰਟੀ ਹੈ, ਜੋ ਗੁਰੂ ਨਾਨਕ ਦੇਵ ਜੀ, ਸਤਿਗੁਰੂ ਕਬੀਰ ਜੀ ਤੇ ਗੁਰੂ ਰਵਿਦਾਸ ਜੀ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਹਮੇਸ਼ਾ ਸੰਘਰਸ਼ ਕਰਦੀ ਰਹੀ ਹੈ। ਸਾਡੇ ਰਹਿਬਰਾਂ ਨੇ ਸਰਬੱਤ ਦੇ ਭਲੇ, ਸਾਂਝੀਵਾਲਤਾ ਤੇ ਬਰਾਬਰੀ ਦਾ ਸਮਾਜ ਸਿਰਜਣ ਲਈ ਕੁਰਬਾਨੀਆਂ ਕੀਤੀਆਂ, ਪਰ ਅਜੋਕੇ ਸਮੇਂ ਆਰ ਐੱਸ ਐੱਸ ਵਰਗੀਆਂ ਫਿਰਕੂ ਸ਼ਕਤੀਆਂ ਲੋਕਾਂ ਵਿੱਚ ਧਾਰਮਕ ਵੰਡੀਆਂ ਪਾ ਕੇ ਆਪਣੇ ਸਿਆਸੀ ਮੁਫ਼ਾਦ ਪੂਰੇ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀਆਂ ਹਨ। ਅਜਿਹੇ ਨਾਜ਼ੁਕ ਸਮੇਂ ਅਜਿਹੀਆਂ ਵੰਡ-ਪਾਊ ਸ਼ਕਤੀਆਂ ਦਾ ਮੂੰਹ ਭੰਨਣ ਲਈ ਇਹਨਾਂ ਰਹਿਬਰਾਂ ਦੀ ਵਿਚਾਰਧਾਰਾ ਦੁਆਲੇ ਲੋਕਾਂ ਨੂੰ ਜਥੇਬੰਦ ਕਰਨਾ ਅਤੀ ਜ਼ਰੂਰੀ ਹੋ ਗਿਆ ਹੈ।' ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸੀ ਪੀ ਆਈ ਪੰਜਾਬ ਦੇ ਸਕੱਤਰ ਬੰਤ ਬਰਾੜ ਨੇ ਭਾਰਗੋ ਕੈਂਪ ਜਲੰਧਰ ਵਿਖ਼ੇ ਗੁਲਸ਼ਨ ਆਜ਼ਾਦ ਦੀ ਪ੍ਰਧਾਨਗੀ ਹੇਠ ਹੋਏ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ ਸਾਥੀ ਬਰਾੜ ਨੇ ਕਿਹਾ ਕਿ ਅੱਜ ਜਦੋਂ ਦੇਸ਼ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਅਨਪੜ੍ਹਤਾ ਦੀ ਦਲਦਲ ਵਿੱਚ ਫਸਦਾ ਜਾ ਰਿਹਾ ਹੈ ਤੇ ਹਾਕਮ ਇਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ ਲੋਕਾਂ ਨੂੰ ਧਰਮਾਂ ਤੇ ਫ਼ਿਰਕਿਆਂ ਦੇ ਨਾਂਅ 'ਤੇ ਲੜਾ ਕੇ ਸਿਆਸੀ ਰੋਟੀਆਂ ਸੇਕ ਰਹੇ ਹਨ। ਪੰਜਾਬ ਸਰਕਾਰ ਵੀ ਸਿਰਫ਼ ਅਖਬਾਰੀ ਪ੍ਰਚਾਰ ਦੇ ਆਸਰੇ ਸਾਰ ਰਹੀ ਹੈ ਤੇ ਧਰਾਤਲ ਉੱਤੇ ਕੋਈ ਵੀ ਬਦਲਾਅ ਨਜ਼ਰ ਨਹੀਂ ਆ ਰਿਹਾ। ਇਸ ਦੇ ਲੀਡਰਾਂ ਦਾ ਆਮ ਲੋਕਾਂ ਨਾਲ ਵਿਹਾਰ ਗੁੰਡਿਆਂ ਵਾਲਾ ਹੋ ਗਿਆ ਹੈ। ਇਸ ਮੌਕੇ ਕਿਸਾਨ ਸਭਾ ਦੇ ਆਗੂ ਹਰਜਿੰਦਰ ਸਿੰਘ ਮੌਜੀ ਤੇ ਮਜ਼ਦੂਰ ਆਗੂ ਵੀਰ ਕੁਮਾਰ ਨੇ ਵੀ ਸੰਬੋਧਨ ਕੀਤਾ. ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਕੱਤਰ ਰਸ਼ਪਾਲ ਕੈਲੇ ਨੇ ਹਾਜ਼ਰ ਸਾਥੀਆਂ ਨੂੰ ਭਰੋਸਾ ਦਿੱਤਾ ਕਿ ਲੋਕਾਂ ਦੇ ਹਿੱਤ ਵਿੱਚ ਸਾਡੀ ਪਾਰਟੀ ਹਰ ਸਮੇਂ ਉਹਨਾਂ ਦੇ ਅੰਗਸੰਗ ਰਹੇਗੀ। ਪ੍ਰਬੰਧਕਾਂ ਵੱਲੋਂ ਆਏ ਹੋਏ ਆਗੂਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਸਮੇਂ ਕਰਤਾਰ ਚੰਦ, ਰੋਸ਼ਨ ਬੌਬੀ, ਕੈਪਟਨ ਸੰਦੀਪ, ਪ੍ਰਿੰਸ ਕੁਮਾਰ, ਰਮੇਸ਼ ਲਾਲ, ਗਿਰਧਾਰੀ ਲਾਲ, ਦੀਨਾ ਨਾਥ, ਵਿਨੋਦ ਭਗਤ, ਤਿਰਲੋਕ ਚੰਦ, ਪ੍ਰਦੀਪ ਕੁਮਾਰ, ਕ੍ਰਿਸ਼ਨ ਲਾਲ, ਬਲਵਿੰਦਰ ਕੁਮਾਰ, ਸਨੀ ਭਗਤ, ਗੌਰਵ ਕੁਮਾਰ, ਜਗਦੀਪ ਸਿੰਘ, ਸੁਨੀਲ ਭਗਤ ਤੇ ਰਾਜੀਵ ਕੁਮਾਰ ਆਦਿ ਹਾਜ਼ਰ ਸਨ।

## ਅੱਜ-ਨਾਮਾ

ਪੈਂਦੀ ਪਈ ਹੜ੍ਹਾਂ ਦੀ ਮਾਰ ਪੰਜਾਬ ਅੰਦਰ,
ਦਿੱਲੀ ਅੰਦਰ ਵੀ ਚੰਗੇ ਨਹੀਂ ਹਾਲ ਭਾਈ।
ਹਰ ਥਾਂ ਪਾਣੀ ਦੇ ਪਏ ਨੇ ਵਹਿਣ ਵਗਦੇ,
ਝੱਲਣੀ ਔਖੀ ਹੈ ਲਹਿਰ ਦੀ ਝਾਲ ਭਾਈ।
ਝੱਲਦੀ ਪਾਣੀ ਨਹੀਂ ਝੀਲ ਆ ਭਾਖੜਾ ਦੀ,
ਜਿਹੜੀ ਅਸਲ ਪੰਜਾਬ ਲਈ ਢਾਲ ਭਾਈ।
ਸਤਲੁਜ, ਰਾਵੀ, ਬਿਆਸ ਨਾ ਜਾਣ ਝੱਲੇ,
ਮੀਲਾਂ-ਮੀਲ ਪਏ ਬਣੇ ਹਨ ਤਾਲ ਭਾਈ।
ਘੜੀ ਔਖੀ ਅੱਜ ਆਈ ਆ ਸਾਰਿਆਂ 'ਤੇ,
ਆਪਸ ਵਿੱਚ ਸਭ ਕਰੋ ਇਮਦਾਦ ਭਾਈ।
ਔਖੇ-ਸੌਖੇ ਇਹ ਸਮਾਂ ਤਾਂ ਗੁਜ਼ਰ ਜਾਣਾ,
ਨਿਭਦੀ ਸਾਂਝ ਹੈ ਰਹਿੰਦੜੀ ਯਾਦ ਭਾਈ।

-ਤੀਸ ਮਾਰ ਖਾਂ

## ਸਰਬ ਭਾਰਤ ਨੌਜਵਾਨ ਸਭਾ ਦੀ 3 ਰੋਜ਼ਾ ਕੌਮੀ ਵਰਕਸ਼ਾਪ ਹੈਦਰਾਬਾਦ 'ਚ ਸ਼ੁਰੂ

**ਹੈਦਰਾਬਾਦ (ਰਾਜੇਸ਼ ਥਾਪਾ)**

ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਕੌਂਸਲ ਮੈਂਬਰਾਂ ਦੀ 3 ਰੋਜ਼ਾ ਵਿਸ਼ੇਸ਼ ਕੌਮੀ ਵਰਕਸ਼ਾਪ ਐਤਵਾਰ ਇਥੇ ਏਟਕ ਭਵਨ ਵਿਖੇ ਪੂਰੇ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਸ਼ੁਰੂ ਹੋਈ। ਇਸ ਮੌਕੇ ਜਥੇਬੰਦੀ ਦਾ ਝੰਡਾ ਲਹਿਰਾਉਣ ਦੀ ਰਸਮ ਸਰਬ ਭਾਰਤ ਨੌਜਵਾਨ ਸਭਾ ਦੇ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ ਨੇ ਅਦਾ ਕੀਤੀ। ਵਰਕਸ਼ਾਪ ਦੀ ਪ੍ਰਧਾਨਗੀ ਕੌਮੀ ਪ੍ਰਧਾਨ ਸੁਖਜਿੰਦਰ ਮਹੇਸਰੀ, ਵਿਕਰਾਂਤ ਸ਼ਰਮਾ ਛਤੀਸਗੜ੍ਹ ਅਤੇ ਐੱਨ ਅਰੁਣ ਕੇਰਲਾ ਨੇ ਕੀਤੀ। ਉਪਰੰਤ ਵਰਕਸ਼ਾਪ ਦੇ ਪਹਿਲੇ ਸੈਸ਼ਨ ਦੀ ਸ਼ੁਰੂਆਤ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸਾਬਕਾ ਕੌਮੀ ਪ੍ਰਧਾਨ ਅਜੀਜ ਪਾਸ਼ਾ ਨੇ ਉਦਘਾਟਨੀ ਭਾਸ਼ਣ ਦਿੰਦਿਆਂ ਕਿਹਾ ਕਿ ਦੇਸ਼ ਜਿਸ ਸਥਿਤੀ ਵਿਚੋਂ ਲੰਘ ਰਿਹਾ ਹੈ, ਉਸ 'ਚ ਸਰਬ ਭਾਰਤ ਨੌਜਵਾਨ ਸਭਾ ਦੀ ਲੀਡਰਸ਼ਿਪ ਦੀ ਬਹੁਤ ਵੱਡੀ ਜ਼ਿੰਮੇਵਾਰੀ ਬਨਦੀ ਹੈ ਕਿ ਦੇਸ਼ ਦੀ ਜਵਾਨੀ ਨੂੰ ਆਪਣੇ ਹੱਕਾਂ ਪ੍ਰਤੀ ਜਗਾਉਣ ਦਾ ਕੰਮ ਕਰੇ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਧਰਮ ਦੇ ਨਾਂਅ 'ਤੇ ਫੁੱਟਪਾਊ ਨੀਤੀ ਆਦਿ ਮੁੱਦਿਆਂ ਦੇ ਮੁਕੰਮਲ ਹੱਲ ਲਈ ਦੇਸ਼ ਵਿਆਪੀ ਮੁਹਿੰਮ ਚਲਾਉਣੀ ਚਾਹੀਦੀ ਹੈ। ਉਹਨਾ ਨੌਜਵਾਨਾਂ ਨੂੰ ਥਾਪੜਾ ਦਿੰਦਿਆਂ ਕਿਹਾ ਕਿ ਭਗਤ ਸਿੰਘ ਦੀ ਵਿਚਾਰਧਾਰਾ ਤੋਂ ਅਗਵਾਈ ਲੈਣ ਵਾਲੇ ਨੌਜਵਾਨਾਂ ਦਾ ਹੀ ਭਵਿੱਖ ਹੈ ਅਤੇ ਉਹਨਾਂ ਨੂੰ ਇਸ ਵਿਚਾਰਧਾਰਾ 'ਤੇ ਪੱਕੇ ਪੈਰੀਂ ਚਲਦੇ ਰਹਿਣਾ ਚਾਹੀਦਾ ਹੈ। ਨੌਜਵਾਨ ਪੀੜ੍ਹੀ ਨੂੰ ਆਪਣੀਆਂ ਮੁੱਖ ਮੰਗਾਂ ਦੀ ਪ੍ਰਾਪਤੀ ਲਈ ਇਕਜੁੱਟ ਹੋਣਾ ਚਾਹੀਦਾ ਹੈ। ਇਸ ਉਪਰੰਤ ਕੌਮੀ ਜਨਰਲ ਸਕੱਤਰ ਵੱਲੋਂ ਜਥੇਬੰਦੀ ਦੇ ਕੰਮਾਂ ਅਤੇ ਸਰਗਰਮੀਆਂ ਦੀ ਕਾਰਜ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਤੇ ਹਾਜ਼ਰ ਡੈਲੀਗੇਟਾਂ ਵੱਲੋਂ ਬੜੀ ਡੂੰਘਾਈ ਨਾਲ ਚਰਚਾ/ ਬਹਿਸ ਕੀਤੀ ਗਈ। ਬਹਿਸ ਵਿਚ ਪੰਜਾਬ ਸਮੇਤ ਕੇਰਲਾ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਛਤੀਸਗੜ੍ਹ, ਬਿਹਾਰ, ਝਾਰਖੰਡ, ਉਤਰ ਪ੍ਰਦੇਸ, ਹਰਿਆਣਾ, ਹਿਮਾਚਲ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ, ਤੇਲੰਗਾਨਾ, ਅਸਾਮ, ਪੁਡੂਚੇਰੀ, ਮਨੀਪੁਰ ਅਤੇ ਕਰਨਾਟਕ ਦੇ ਆਗੂਆਂ ਨੇ ਹਿੱਸਾ ਲਿਆ। ਵਰਕਸ਼ਾਪ ਵਿੱਚ ਪੰਜਾਬ ਤੋਂ ਚਰਨਜੀਤ ਛਾਂਗਾਰਾਏ ਦੀ ਅਗਵਾਈ ਵਿੱਚ ਕਰਮਵੀਰ ਕੌਰ ਬਧਨੀ, ਨਵਜੀਤ ਸੰਗਰੂਰ, ਜਸਪ੍ਰੀਤ ਬਧਨੀ, ਪਰਮਜੀਤ ਕੌਰ ਛਾਂਗਾਰਾਏ ਅਤੇ ਨਵਕਿਰਨ ਬਧਨੀ ਬਤੌਰ ਡੈਲੀਗੇਟ ਹਿੱਸਾ ਲੈ ਰਹੇ ਹਨ।



## ਐੱਸ ਐੱਫ ਸੀ ਪਬਲਿਕ ਸਕੂਲ 'ਚ ਮਨਾਇਆ ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਹਾੜਾ



**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਪਬਲਿਕ ਸਕੂਲ ਜਲਾਲਾਬਾਦ ਮੋਗਾ ਵਿਦਿਆਰਥੀਆਂ ਨੂੰ ਹਰ ਖੇਤਰ ਧਰਮ ਸਿੱਖਿਆ ਤੇ ਹੋਰ ਗਿਆਨ ਦੀ ਜਾਣਕਾਰੀ ਉਪਲਬਧ ਕਰਾਉਂਦਾ ਹੈ। ਕਿਸੇ ਕੜੀ ਤਹਿਤ ਅੱਜ ਐੱਸ ਐੱਫ ਸੀ ਪਬਲਿਕ ਸਕੂਲ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਦਾ ਪ੍ਰਕਾਸ਼ ਦਿਵਸ ਮਨਾਇਆ ਗਿਆ। ਸਕੂਲੀ ਵਿਦਿਆਰਥੀਆਂ ਨੂੰ ਗੁਰੂ ਜੀ ਬਾਰੇ ਜਾਣਕਾਰੀ ਦਿੱਤੀ ਗਈ ਤੇ ਸ਼ਬਦ ਗਾਇਨ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਸਨ। ਆਪ ਜੀ ਦਾ ਜਨਮ 7 ਜੁਲਾਈ 1656 ਈਸਵੀ ਨੂੰ ਕੀਰਤਪੁਰ ਸਾਹਿਬ ਵਿਖੇ ਹੋਇਆ ਸੀ। ਉਨ੍ਹਾਂ ਨੇ ਅੱਠ ਸਾਲ ਦੀ ਉਮਰ ਵਿੱਚ ਜਾਤ-ਪਾਤ ਤੇ ਉੱਚ ਦੇ ਭੇਦ ਨੂੰ ਖਤਮ ਕੀਤਾ। ਉਨ੍ਹਾ ਨੇ ਉਸ ਸਮੇਂ ਦੀ ਭਿਆਨਕ ਬਿਮਾਰੀ ਹੈਜਾ ਪੀੜਤਾਂ ਲਈ ਸੇਵਾ ਕਾਰਜ ਅਰੰਭ ਕੀਤੇ। ਇਸ ਮੌਕੇ ਸਕੂਲ ਡਾਇਰੈਕਟਰ ਅਭਿਸ਼ੇਕ ਜਿੰਦਲ ਤੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਸ਼ਨਿਮ ਜਿਦੰਲ ਨੇ ਦੱਸਿਆ ਕਿ ਮੁਸਲਮਾਨ ਉਨ੍ਹਾਂ ਵੱਲੋਂ ਨਿਭਾਈ ਜਾ ਰਹੀ ਸੇਵਾ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਨੂੰ "ਬਾਲਾ ਪੀਰ" ਕਹਿ ਕੇ ਬਲਾਉਣ ਲੱਗੇ। ਉਨ੍ਹਾਂ ਦੱਸਿਆ ਕਿ ਬਾਲਾ ਪੀਰ ਨੇ ਕਿਹਾ ਸੀ ਕਿ ਉਨ੍ਹਾਂ ਦੀ ਮੌਤ 'ਤੇ ਕੋਈ ਵੀ ਰੋਏਗਾ ਨਹੀਂ। 1664 ਈਸਵੀ ਨੂੰ ਉਹ ਪਰਲੋਕ ਸਿਧਾਰ ਗਏ। ਉਨ੍ਹਾਂ ਬੱਚਿਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਸਾਨੂੰ ਵੀ ਇਮਾਨਦਾਰੀ, ਸੇਵਾ ਤੇ ਧਰਮ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ।

## ਸਬ-ਸੈਂਟਰ ਲੱਲੇ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਵਲ ਸਰਜਨ ਫ਼ਿਰੋਜ਼ਪੁਰ ਡਾਕਟਰ ਰਜਿੰਦਰਪਾਲ ਤੇ ਸੀਨੀਅਰ ਮੈਡੀਕਲ ਅਫਸਰ ਸੀਐੱਚਸੀ ਫਿਰੋਜ਼ਸ਼ਾਹ ਡਾਕਟਰ ਅਰਸ਼ਦੀਪ ਸਿੰਘ ਦੀ ਯੋਗ ਅਗਵਾਈ ਵਿੱਚ ਸਬ ਸੈਂਟਰ ਲੱਲੇ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਵਿੱਚ ਸਿਹਤ ਵਿਭਾਗ ਦੇ ਕਰਮਚਾਰੀ ਗੁਰਦੇਵ ਸਿੰਘ ਮਲਟੀਪਰਪਜ਼ ਹੈਲਥ ਵਰਕਰ ਮੇਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਦਾ ਮੱਛਰ ਸਾਫ ਖੜੇ ਪਾਣੀ ਦੇ ਸੋਮਿਆਂ ਵਿੱਚ ਪੈਦਾ ਹੁੰਦਾ ਹੈ।ਇਹ ਮੱਛਰ ਦਿਨ ਵੇਲੇ ਕੱਟਦਾ ਹੈ ਤੇ ਡੇਂਗੂ ਬੁਖਾਰ ਦੇ ਲੱਛਣ ਤੇਜ਼ ਬੁਖਾਰ, ਸਿਰ ਦਰਦ, ਮਾਸ ਪੇਸ਼ੀਆਂ ਵਿੱਚ ਦਰਦ, ਚਮੜੀ ਤੇ ਦਾਣੇ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ ਮਸੂੜਿਆਂ ਤੇ ਨੱਕ ਵਿੱਚੋਂ ਖੂਨ ਵਗਣਾ ਆਦਿ। ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਦੱਸਿਆ ਗਿਆ ਕਿ ਕੂਲਰਾਂ, ਗਮਲਿਆਂ ਦੀਆ ਟਰੇਆਂ ਵਿੱਚ ਖੜੇ ਪਾਣੀ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰੋ। ਸੌਣ ਵੇਲੇ ਮੱਛਰਦਾਨੀ, ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤਮਾਲ ਕਰੋ। ਬੁਖਾਰ ਹੋਣ 'ਤੇ ਪੈਰਾਸਿਟਾਮੋਲ ਦੀ ਗੋਲ਼ੀ ਲਵੋ।ਡੇਂਗੂ ਬੁਖਾਰ ਦਾ ਟੈਸਟ ਤੇ ਇਲਾਜ ਸਾਰੇ ਸਰਕਾਰੀ ਹਸਪਤਾਲ ਵਿੱਚ ਬਿਲਕੁਲ ਮੁਫਤ ਹੁੰਦਾ ਹੈ।ਇਸ ਮੌਕੇ ਰੁਪਿੰਦਰ ਕੌਰ ਸੀ ਐੱਚ ਓ, ਸਤਯੋਗ ਸਿੰਘ, ਹਰਨੇਕ ਸਿੰਘ, ਓਮ ਪ੍ਰਕਾਸ਼ ਮਲਟੀਪਰਪਜ਼ ਹੈਲਥ ਵਰਕਰ ਮੇਲ, ਬਲਵਿੰਦਰ ਕੌਰ, ਸਿਮਰਨ ਆਸ਼ਾ ਵਰਕਰ ਤੇ ਸਮੂਹ ਪਿੰਡ ਵਾਸੀ ਹਾਜ਼ਰ ਹੋਏ।

## ਸਮਰ ਕੈਂਪ ਦੌਰਾਨ ਲਗਾਈ ਪ੍ਰਦਰਸ਼ਨੀ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ 6ਵੀਂ ਤੋਂ 8ਵੀਂ ਜਮਾਤਾਂ ਦੇ ਚੱਲ ਰਹੇ ਸਮਰ ਕੈਂਪ ਵਿੱਚ ਵਿਦਿਆਰਥੀਆਂ ਨੇ ਆਪਣੇ ਵੱਲੋਂ ਤਿਆਰ ਕੀਤੀਆਂ ਕਲਾਕ੍ਰਿਤਾਂ ਦੀ ਪ੍ਰਦਰਸ਼ਨੀ ਲਗਾਈ ਗਈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਅਨੀਤਾ ਕਾਲੜਾ ਨੇ ਦੱਸਿਆ ਕਿ ਇਸ ਕੈਂਪ ਦਾ ਵਿਦਿਆਰਥੀਆਂ ਨੂੰ ਬਹੁਤ ਫਾਇਦਾ ਹੋ ਰਿਹਾ ਹੈ, ਜਿੱਥੇ ਵਿਦਿਆਰਥੀਆਂ ਵਿੱਚ ਕਿਰਿਆਤਮਕ ਗੁਣ ਪੈਦਾ ਹੋਇਆ ਹੈ, ਉੱਥੇ ਉਹ ਆਪਣੇ ਅਧਿਆਪਕਾਂ ਨਾਲ ਨੇੜਲੇ ਸਬੰਧ ਬਣਾਉਣ ਵਿੱਚ ਵੀ ਸਫਲ ਹੋਏ ਹਨ। ਵਿਦਿਆਰਥੀਆਂ ਵਿੱਚ ਅਧਿਆਪਕਾਂ ਦੇ ਡਰ ਪ੍ਰਤੀ ਨਜ਼ਰੀਆ ਬਦਲਿਆ ਹੈ ਤੇ ਹੁਣ ਉਹ ਬਿਨਾਂ ਕਿਸੇ ਡਰ-ਭੈਅ ਦੇ ਆਪਣੇ ਅਧਿਆਪਕਾਂ ਤੋਂ ਨਵੀਂ ਜਾਣਕਾਰੀ ਹਾਸਲ ਕਰਨ ਲਈ ਪ੍ਰਸ਼ਨ ਪੁੱਛਣ ਲੱਗ ਪਏ ਹਨ। ਇਸ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਆਪਣੇ ਹੁਨਰ ਦਾ ਬਾਖੂਬੀ ਪ੍ਰਦਰਸ਼ਨ ਕੀਤਾ। ਇਸ ਨੂੰ ਐੱਸ ਐੱਮ ਸੀ ਦੇ ਅਹੁਦੇਦਾਰਾਂ, ਮਾਪਿਆਂ ਤੇ ਅਧਿਆਪਕਾਂ ਨੇ ਬਹੁਤ ਸਲਾਹਿਆ।

## ਲੋਕ ਸੇਵਾ ਸੁਸਾਇਟੀ ਵੱਲੋਂ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ



**ਜਗਰਾਉਂ (ਸੰਜੀਵ ਅਰੋੜਾ)**-ਸਵ: ਸ੍ਰੀਮਤੀ ਸਵਦੇਸ਼ ਚੋਪੜਾ ਦੀ 8ਵੀਂ ਬਰਸੀ ਨੂੰ ਸਮਰਪਤ ਲੋਕ ਸੇਵਾ ਸੁਸਾਇਟੀ (ਰਜਿ:) ਜਗਰਾਉਂ ਵੱਲੋਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸਰਪ੍ਰਸਤ ਰਾਜਿੰਦਰ ਜੈਨ, ਸੈਕਟਰੀ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਹੇਠ ਚਮੜੀ, ਹੱਡੀਆਂ ਤੇ ਨੱਕ, ਕੰਨ, ਗਲੇ ਦਾ ਮਰੀਜ਼ਾਂ ਲਈ ਮੁਫ਼ਤ ਮੈਡੀਕਲ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ ਲਗਾਇਆ ਗਿਆ। ਕੈਂਪ ਦਾ ਉਦਘਾਟਨ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਕੌਂਸਲਰ ਅਮਰਜੀਤ ਸਿੰਘ ਮਾਲਵਾ ਨੇ ਕਰਦਿਆਂ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਕੈਂਪ ਵਿੱਚ ਸੀ ਐੱਮ ਸੀ ਲੁਧਿਆਣਾ ਦੇ ਆਰਥੋ ਦੇ ਡਾਕਟਰ ਸੁਮਿਤ ਪਾਲ ਸਿੰਘ, ਈ ਐੱਨ ਟੀ ਡਾਕਟਰ ਡਾ: ਜੂਡ ਤੇ ਸਕਿਨ ਦੇ ਇੰਦਰਪ੍ਰੀਤ ਕੌਰ ਸਕਿਨ ਨੇ 149 ਮਰੀਜ਼ਾਂ ਦਾ ਚੈੱਕਅੱਪ ਕਰਦਿਆਂ ਜਿੱਥੇ ਬਿਮਾਰੀਆਂ ਨੂੰ ਬਚਣ ਦੇ ਨੁਕਤੇ ਦੱਸੇ, ਉੱਥੇ ਲੋੜਵੰਦਾਂ ਮਰੀਜ਼ਾਂ ਨੂੰ ਦਵਾਈਆਂ ਵੀ ਦਿੱਤੀਆਂ। ਇਸ ਮੌਕੇ ਕੌਂਸਲਰ ਕੰਵਰਪਾਲ ਸਿੰਘ, ਕੌਂਸਲਰ ਅਨਮੋਲ ਗੁਪਤਾ, ਰਾਜ ਭਾਰਦਵਾਜ, ਅਮਰ ਨਾਥ ਕਲਿਆਣ, ਰੋਹਿਤ ਗੋਇਲ, ਸਾਜਨ ਮਲਹੋਤਰਾ, ਕਰਮਜੀਤ ਕੈਂਥ, ਪ੍ਰੋਜੈਕਟ ਚੇਅਰਮੈਨ ਰਾਜੀਵ ਗੁਪਤਾ, ਲਾਕੇਸ਼ ਟੰਡਨ, ਮਨੋਹਰ ਸਿੰਘ ਟੱਕਰ, ਰਾਜਿੰਦਰ ਜੈਨ, ਆਰ. ਕੇ. ਗੋਇਲ, ਪ੍ਰੇਮ ਬਾਂਸਲ, ਜਸਵੰਤ ਸਿੰਘ, ਮੁਕੇਸ਼ ਗੁਪਤਾ, ਪ੍ਰਸ਼ੋਤਮ ਅਗਰਵਾਲ, ਮਨੋਜ ਗਰਗ ਤੇ ਮਦਨ ਲਾਲ ਅਰੋੜਾ ਆਦਿ ਹਾਜ਼ਰ ਸਨ।

## ਸਕੂਲ ਕੁੱਬੇ ਦੀ ਵਿਦਿਆਰਥਣ ਨੇ ਪਾਸ ਕੀਤੀ ਐੱਨ ਐੱਮ ਐੱਮ ਐੱਸ ਵਜ਼ੀਫ਼ਾ ਪ੍ਰੀਖਿਆ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅਤਰੀ)**-ਸਰਕਾਰੀ ਹਾਈ ਸਕੂਲ ਕੁੱਬੇ ਦੀ ਵਿਦਿਆਰਥਣ ਰਮਨਦੀਪ ਕੌਰ ਪੁੱਤਰ ਜਗਤਾਰ ਸਿੰਘ ਵਾਸੀ ਕੁੱਬੇ ਨੇ ਭਾਰਤ ਸਰਕਾਰ ਦੁਆਰਾ ਸਾਲ 2023 ਦੌਰਾਨ ਲਈ ਗਈ ਦੇਸ਼ ਪੱਧਰੀ ਵਜ਼ੀਫਾ ਪ੍ਰੀਖਿਆ ਪਾਸ ਕਰਕੇ ਆਪਣੇ ਸਕੂਲ, ਪਿੰਡ ਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ। ਵਿਦਿਆਰਥਣ ਦੇ ਸਨਮਾਨ 'ਚ ਰੱਖੇ ਸਕੂਲ ਪੱਧਰੀ ਪ੍ਰੋਗਰਾਮ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਜ਼ਿਲ੍ਹਾ ਬਰਨਾਲਾ ਦੇ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰ ਪਾਲ ਸਿੰਘ ਨੇ ਵਿਦਿਆਰਥਣ ਨੂੰ ਸਕੂਲ ਪਹੁੰਚ ਕੇ ਸਨਮਾਨਤ ਕੀਤਾ। ਉਨ੍ਹਾਂ ਵਿਦਿਆਰਥਣ ਦੀ ਇਸ ਪ੍ਰਾਪਤੀ 'ਤੇ ਸਰਕਾਰੀ ਹਾਈ ਸਕੂਲ, ਕੁੱਬੇ ਦੀ ਹੈਡਮਿਸਟ੍ਰੈਸ, ਸਮੂਹ ਸਟਾਫ ਅਤੇ ਵਿਦਿਆਰਥਣ ਦੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਹੈਡ ਮਲਕੀਤ ਕੌਰ ਤੇ ਸਮੂਹ ਸਟਾਫ਼ ਨੇ ਡਿਪਟੀ ਡੀ ਈ ਓ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ। ਸਮੂਹ ਗ੍ਰਾਮ ਪੰਚਾਇਤ, ਸਕੂਲ ਪ੍ਰਬੰਧਕ ਕਮੇਟੀ ਤੇ ਪਿੰਡ ਦੇ ਪਤਵੰਤੇ ਸੱਜਣਾਂ ਨੇ ਵਿਦਿਆਰਥਣ, ਸਮੂਹ ਸਟਾਫ਼ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।

## 30 ਜ਼ਰੂਰਤਮੰਦ ਪਰਵਾਰਾਂ ਨੂੰ ਦਿੱਤਾ ਰਾਸ਼ਨ



**ਜਗਰਾਉਂ (ਅਮਿਤ ਖੰਨਾ)**-ਜਗਰਾਉਂ ਦੇ ਨੌਜਵਾਨਾਂ ਦੀ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਵੱਲੋਂ ਕਰਵਾਏ 38ਵੇਂ ਮਹੀਨਾਵਾਰੀ ਸਮਾਗਮ ਵਿੱਚ 30 ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਤਕਸੀਮ ਕੀਤਾ ਗਿਆ। ਸਥਾਨਕ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਵਿਖੇ ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਤਕਸੀਮ ਕਰਦਿਆਂ ਕਰ ਭਲਾ ਹੋ ਭਲਾ ਸੰਸਥਾ ਦੇ ਆਗੂਆਂ ਨੇ ਕਿਹਾ ਕਿ ਸੰਸਥਾ ਵੱਲੋਂ ਪਿਛਲੇ 38 ਮਹੀਨਿਆਂ ਤੋਂ ਹਰੇਕ ਮਹੀਨੇ 30 ਪਰਿਵਾਰਾਂ ਨੂੰ ਮੁਫਤ ਰਾਸ਼ਨ ਦਿੱਤਾ ਜਾ ਰਿਹਾ ਹੈ।

## ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਅੱਜ ਦਾ ਧਰਨਾ ਮੁਲਤਵੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪੰਜਾਬ ਭਰ ਵਿੱਚ ਮਾਨਸੂਨ ਦੀ ਭਾਰੀ ਬਾਰਸ਼ ਤੇ ਜ਼ਿਲ੍ਹਾ ਫਿਰੋਜ਼ਪੁਰ ਅੰਦਰ ਹੜ੍ਹ ਵਰਗੀ ਸਥਿਤੀ ਨੂੰ ਦੇਖਦਿਆਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ 10 ਜੁਲਾਈ ਨੂੰ ਬੀਡੀਪੀਓ ਦਫ਼ਤਰ ਵਿਖੇ ਲੱਗਣ ਵਾਲਾ ਧਰਨਾ ਇੱਕ ਹਫਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ।ਇਸ ਬਾਰੇ ਪੱਤਰਕਾਰਾਂ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰੈੱਸ ਸਕੱਤਰ ਅਵਤਾਰ ਸਿੰਘ ਮਹਿਮਾ ਨੇ ਕਿਹਾ ਕਿ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਅਬਾਦਕਾਰ ਕਿਸਾਨਾਂ ਦੀ ਲੜਾਈ ਜਾਰੀ ਰੱਖੇਗੀ।

ਉਨ੍ਹਾ ਕਿਹਾ ਕਿ ਪੰਜਾਬ ਅੰਦਰ ਹੜ੍ਹ ਵਰਗੀ ਸਥਿਤੀ ਬਣ ਚੁੱਕੀ ਹੈ, ਜਿਸ ਨਾਲ ਨਿਪਟਣ ਲਈ ਪ੍ਰਸ਼ਾਸਨ ਤੇ ਸਰਕਾਰ ਨੂੰ ਤੁਰੰਤ ਲੋੜੀਂਦੇ ਕਦਮ ਚੁੱਕਣੇ ਚਾਹੀਦੇ ਹਨ ਤਾਂ ਕਿ ਪਿੰਡਾਂ ਵਿੱਚ ਪਾਣੀ ਦੀ ਸਮੱਸਿਆ ਕਰਕੇ ਪਿੰਡਾਂ ਦੇ ਕਿਸਾਨਾਂ ਦਾ ਆਪਸੀ ਤਕਰਾਰ ਨਾ ਹੋਵੇ।

# ਦੋ ਦਿਨਾਂ ਤੋਂ ਪੈ ਰਹੇ ਭਾਰੀ ਮੀਂਹ ਨਾਲ ਮਮਦੋਟ ਇਲਾਕੇ 'ਚ ਝੋਨੇ ਦੀ ਫਸਲ ਡੁੱਬੀ



ਐੱਸ ਸੀ ਮੋਰਚਾ ਜ਼ਿਲ੍ਹੇ ਦੇ ਵਾਇਸ ਪ੍ਰਧਾਨ ਵਿਕਰਮਜੀਤ ਸਿੰਘ ਤੇ ਹੋਰ ਕਿਸਾਨ ਝੋਨੇ ਦੀ ਡੁੱਬੀ ਫਸਲ ਵਿਖਾਉਂਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਪਿਛਲੇ 2 ਦਿਨਾਂ ਤੋਂ ਪੰਜਾਬ ਵਿੱਚ ਪੈ ਰਹੀ ਮੋਹਲੇਧਾਰ ਬਾਰਸ਼ ਨੇ ਗਰਮੀ ਤੋਂ ਰਾਹਤ ਤਾਂ ਜ਼ਰੂਰ ਦੁਆਈ ਹੈ, ਪਰ ਇਹ ਬਾਰਸ਼ ਲੋਕਾਂ ਤੇ ਕਿਸਾਨਾਂ ਲਈ ਤਬਾਹੀ ਦਾ ਰੂਪ ਵੀ ਧਾਰਨ ਕਰ ਰਹੀ ਹੈ। ਮਮਦੋਟ ਇਲਾਕੇ ਵਿੱਚ ਸ਼ੁੱਕਰਵਾਰ ਤੇ ਸ਼ਨੀਵਾਰ ਦੋ ਦਿਨ ਲਗਾਤਾਰ ਪੈ ਰਹੀ ਬਾਰਸ਼ ਨੇ ਆਮ ਲੋਕਾਂ ਦਾ ਜਨ ਜੀਵਨ ਪ੍ਰਭਾਵਿਤ ਕੀਤਾ ਹੈ। ਉਥੇ ਮਮਦੋਟ ਇਲਾਕੇ ਦੇ ਪਿੰਡਾਂ ਵਿੱਚ ਬਹੁਤ ਜ਼ਿਆਦਾ ਪਾਣੀ ਗਲੀਆਂ ਵਿੱਚ ਖੜ੍ਹਾ ਹੋ ਗਿਆ। ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਮਮਦੋਟ ਇਲਾਕੇ ਦੇ ਪਿੰਡਾਂ ਪੋਜੋਕੇ ਉਤਾੜ, ਪੋਜੋ ਕੇ ਮੱਕੀ ਦੀ ਫਸਲ, ਜੋ ਪੱਕ ਕੇ ਤਿਆਰ ਸੀ, ਪਾਣੀ ਨਾਲ ਉਹ ਵੀ ਖਰਾਬ ਹੋ ਗਈ। ਉਨ੍ਹਾ ਦੱਸਿਆ ਕਿ ਕਿਸਾਨਾਂ ਦੀਆਂ ਸਬਜ਼ੀਆਂ ਵੀ ਮੀਂਹ ਦੇ ਪਾਣੀ ਨਾਲ ਤਬਾਹ ਹੋ ਗਈਆਂ ਹਨ। ਪਿੰਡ ਪੋਜੋ ਕੇ ਤੇ ਹੋਰ ਪਿੰਡਾਂ ਦੇ ਕਿਸਾਨਾਂ ਨੇ ਹਲਕਾ ਵਿਧਾਇਕ, ਜ਼ਿਲ੍ਹਾ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਜਿਨ੍ਹਾਂ ਕਿਸਾਨਾਂ ਦੀ ਝੋਨੇ ਦੀ ਫਸਲ ਮੀਂਹ ਦੇ ਪਾਣੀ ਨਾਲ ਨੁਕਸਾਨੀ ਗਈ ਹੈ ਅਤੇ ਜਿਨ੍ਹਾਂ ਕਿਸਾਨਾਂ ਦੀ ਸਬਜ਼ੀ ਦੀ ਫਸਲ ਤੇ ਮੱਕੀ ਦੀ ਫਸਲ ਨੂੰ ਨੁਕਸਾਨ ਹੋਇਆ ਹੈ, ਉਨ੍ਹਾਂ ਫਸਲਾਂ ਦੀ ਸਪੈਸ਼ਲ ਗਿਰਦਾਵਰੀ ਕਰਵਾ ਕੇ ਪੀੜਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇ।

ਹਿਠਾੜ, ਕਾਲੂ ਅਰਾਈਂ, ਕਿਲੀ ਬਹਾਲ, ਕੋਟ ਸੂਬਾ ਸਿੰਘ, ਲੱਖਾ ਹਾਜ਼ੀ, ਟਿੱਬੀ ਖੁਰਦ, ਛਾਂਗਾ ਖੁਰਦ, ਚੱਕ ਘੁਬਾਈ ਉਰਫ ਟਾਂਗਣ, ਝੁੱਗੇ ਨੱਥ ਸਿੰਘ, ਟਿੱਬੀ ਕਲਾਂ, ਨਿਆਜ਼ੀਆਂ ਆਦਿ ਪਿੰਡਾਂ ਦੇ ਕਿਸਾਨਾਂ ਦੀ ਝੋਨੇ ਦੀ ਫਸਲ, ਜਿਸ ਨੂੰ ਅਜੇ ਬੀਜੀ ਨੂੰ ਸਿਰਫ 10-15 ਦਿਨ ਹੋਏ ਸਨ, ਤਰਕੀਬਨ ਡੁੱਬ ਗਈ। ਜਾਣਕਾਰੀ ਦਿੰਦਿਆਂ ਭਾਜਪਾ ਐੱਸ ਸੀ ਮੋਰਚਾ ਦੇ ਜ਼ਿਲ੍ਹਾ ਵਾਇਸ ਪ੍ਰਧਾਨ (ਸਰਪੰਚ) ਵਿਕਰਮਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਉਪਰੋਕਤ ਪਿੰਡਾਂ ਦੀ ਝੋਨੇ ਦੀ ਫਸਲ ਤੋਂ ਇਲਾਵਾ ਜਿਨ੍ਹਾਂ ਕਿਸਾਨਾਂ ਨੇ

# ਐੱਸ ਕੇ ਸੂਰੀ ਨਵੇਂ ਭਵਨ ਦਾ ਨਿਰੀਖਣ ਕਰਨ ਲਈ ਸਮਾਣਾ ਪੁੱਜੇ



**ਸਮਾਣਾ (ਇਕਬਾਲ ਸਿੰਘ ਬੱਲ)**

ਭਵਨ ਨਿਰਮਾਣ ਤੇ ਭਵਨ ਮੇਨਟੀਨੈਂਸ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਐੱਸ ਕੇ ਸੂਰੀ ਸਮਾਣਾ ਵਿਖੇ ਬਣ ਰਹੇ ਨਵੇਂ ਸੰਤ ਨਿਰੰਕਾਰੀ ਸਤਿਸੰਗ ਭਵਨ ਦਾ ਮੁਆਇਨਾ ਕਰਨ ਲਈ ਪਹੁੰਚੇ।

ਇਸ ਮੌਕੇ ਉਨ੍ਹਾ ਨਾਲ ਪਟਿਆਲਾ ਜ਼ੋਨ ਦੇ ਜ਼ੋਨਲ ਇੰਚਾਰਜ ਰਾਧੇ ਸ਼ਿਆਮ, ਨਿਰੰਕਾਰੀ ਪ੍ਰਚਾਰਕ ਸੰਤ ਪ੍ਰੇਮ ਸਾਗਰ, ਆਰ ਜੇ ਪੀ ਜੋਗੀ ਵੀ ਸਨ, ਜਿਨ੍ਹਾਂ ਦਾ ਸੁਆਗਤ ਸਮਾਣਾ ਪਹੁੰਚਣ 'ਤੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਪਟਿਆਲਾ ਖੇਤਰ ਦੀ ਖੇਤਰੀ ਸੰਚਾਲਕ ਮਨਮੋਹਨ ਸਿੰਘ, ਸਮਾਣਾ ਸੇਵਾਦਲ ਦੇ ਸੰਚਾਲਕ ਪ੍ਰੇਮ ਕੁਮਾਰ ਤੇ ਹੋਰ ਸੇਵਾਦਾਰ ਅਧਿਕਾਰੀਆਂ ਨੇ ਨਿੱਘਾ ਸਵਾਗਤ ਕੀਤਾ। ਨਵੇਂ ਬਣ ਰਹੇ ਸੰਤ ਨਿਰੰਕਾਰੀ ਸਤਿਸੰਗ ਭਵਨ ਦਾ ਨਰੀਖਣ ਕਰਨ ਉਪਰੰਤ ਸ੍ਰੀ ਸੂਰੀ ਨੇ ਸੇਵਾ ਦਲ ਅਧਿਕਾਰੀਆਂ ਨੂੰ ਕਿਹਾ ਕਿ ਜੋ ਵੀ ਭਵਨ ਦਾ ਕੰਮ ਅਧੂਰਾ ਹੈ, ਉਸ ਨੂੰ ਜਲਦੀ ਪੂਰਾ ਕਰਵਾਇਆ ਜਾਵੇ, ਜੋ ਛੋਟੀਆਂ ਮੋਟੀਆਂ ਕਮੀਆਂ ਰਹਿੰਦੀਆਂ ਹਨ, ਉਨ੍ਹਾਂ ਦੀ ਲਿਸਟ ਬਣਾ ਕੇ ਮੰਡਲ ਨੂੰ ਭੇਜੀ ਜਾਵੇ ਤਾਂ ਜੋ ਉਨ੍ਹਾਂ ਨੂੰ ਦੂਰ ਕਰਵਾਇਆ ਜਾ ਸਕੇ। ਇਸ ਮੌਕੇ ਜ਼ੋਨਲ ਇੰਚਾਰਜ ਰਾਧੇ ਸ਼ਿਆਮ ਨੇ ਸਮਾਣਾ ਬਰਾਂਚ ਦੇ ਪ੍ਰਬੰਧਕਾਂ ਨੂੰ ਕਿਹਾ ਕਿ ਭਵਨ ਲੱਗਭੱਗ ਬਣ ਕੇ ਤਿਆਰ ਹੋ ਚੁੱਕਾ ਹੈ ਤੇ ਐਤਵਾਰ ਦੀਆਂ ਸੰਗਤਾਂ ਨਵੇਂ ਭਵਨ 'ਤੇ ਸ਼ੁਰੂ ਕੀਤੀਆਂ ਜਾਣ।

# ਲਾਇਨਜ਼ ਕਲੱਬ ਨੇ ਮਨਾਇਆ ਡਾਕਟਰ ਤੇ ਸੀ ਏ ਡੇ



ਸਨਮਾਨਤ ਸ਼ਖਸੀਅਤਾਂ ਕਲੱਬ ਪ੍ਰਧਾਨ ਡਾ. ਅਸ਼ੋਕ ਰਗਰ ਅਤੇ ਕਲੱਬ ਮੈਂਬਰਾਂ ਨਾਲ। (ਫੋਟੋ : ਭੁਪਿੰਦਰ ਸਿੰਘ)

**ਮੋਗਾ (ਅਮਰਜੀਤ ਬੱਬਰੀ)**-ਡਿਸਟ੍ਰਿਕ ਗਰਵਨਰ ਲਾਇਨ ਜੀ ਐਸ ਕਾਲੜਾ ਦੇ ਦਿਸ਼ਾ ਨਿਰਦੇਸ਼ ਅਧੀਨ ਅਤੇ ਲਾਇਨ ਪ੍ਰਧਾਨ ਲਾਇਨ ਡਾ. ਅਸ਼ੋਕ ਗਰਗ ਦੀ ਯੋਗ ਅਗਵਾਈ ਹੇਠ ਲਾਇਨਜ਼ ਕਲੱਬ ਮੋਗਾ ਸਿਟੀ ਵੱਲੋਂ ਡਾਕਟਰਜ਼ ਡੇ ਅਤੇ ਸੀ ਏ (ਚਾਰਟਰਡ ਅਕਾਊਂਟੈਂਟ) ਡੇ ਸਥਾਨਕ ਬਿਗ ਬੈਨ ਵਿਖੇ ਮਨਾਇਆ ਗਿਆ। ਇਸ ਮੌਕੇ ਸ਼ਹਿਰ ਦੇ ਨਾਮੀ ਡਾ. ਐਸ ਐਮ ਓ ਡਾ. ਅਸ਼ੋਕ ਸਿੰਗਲਾ ਅਤੇ ਨਾਮੀ ਸੀ ਏ ਪ੍ਰੇਮ ਸਿੰਗਲ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਸ਼ਾਨਦਾਰ ਸੇਵਾਵਾਂ ਲਈ ਸਨਮਾਨਤ ਕੀਤਾ ਗਿਆ । ਡਾ. ਅਸ਼ੋਕ ਸਿੰਗਲਾ ਬਾਰੇ ਜਾਣ ਪਛਾਣ ਲਾਇਨ ਗੁਰਬੀਰ ਸਿੰਘ ਜੱਸਲ ਅਤੇ ਸੀ ਏ ਪ੍ਰੇਮ ਕੁਮਾਰ ਦੀ ਜਾਣ ਪਛਾਣ ਲਾਇਨ ਅਮਰਜੀਤ ਸਿੰਘ ਨੇ ਕਰਵਾਈ। ਪ੍ਰਧਾਨ ਲਾਇਨ ਡਾ. ਅਸ਼ੋਕ ਗਰਗ ਨੇ ਹਾਜ਼ਰੀਨ ਨੂੰ ਜੀ ਆਇਆਂ ਆਖਿਆਂ ਅਤੇ ਲਾਇਨ ਵਿਜੇ ਸਿੰਗਲਾ ਨੇ ਧੰਨਵਾਦ ਕੀਤਾ । ਇਸ ਮੌਕੇ ਕਲੱਬ ਦੇ ਫਾਊਂਡਰ ਮੈਂਬਰ ਲਾਇਨ ਡਾ. ਕੁਲਦੀਪ ਸਿੰਘ ਗਿੱਲ ਨੇ ਡਾਕਟਰਜ਼ ਡੇ ਬਾਰੇ ਦੱਸਿਆ ਕਿ ਇਹ ਦਿਨ ਡਾ. ਬੀ ਕੇ ਰਾਏ ਦੇ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ । ਡਾ. ਬੀ ਕੇ ਰਾਏ ਦਾ ਜਨਮ ਇਕ ਜੁਲਾਈ 1882 ਨੂੰ ਹੋਇਆ ਸੀ ਅਤੇ ਇਕ ਜੁਲਾਈ 1962 ਨੂੰ ਜਨਮ ਦਿਨ ਵਾਲੇ ਦਿਨ ਹੀ ਉਨ੍ਹਾਂ ਦੀ ਮੌਤ ਹੋਈ ਸੀ । ਉਹ 1948 ਤੋਂ ਆਖਰੀ ਸਾਹ ਲੈਣ ਤੱਕ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਰਹੇ। ਚਾਰਟਰਡ ਅਕਾਊਂਟੈਂਟ ਡੇ ਬਾਰੇ ਲਾਇਨ ਅਮਰਜੀਤ ਸਿੰਘ ਨੇ ਦੱਸਿਆ ਕਿ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਆਫ ਇੰਡੀਆ (ਆਈ ਸੀ ਏ ਆਈ) ਐਕਟ 1949 ਵਿਚ ਪਾਰਲੀਮੈਂਟ ਵਿਚ 1 ਜੁਲਾਈ ਨੂੰ ਪਾਸ ਕੀਤਾ ਗਿਆ ਸੀ, ਉਸੇ ਦਿਨ ਨੂੰ ਹਮੇਸ਼ਾ ਯਾਦ ਰੱਖਣ ਲਈ ਇਹ ਦਿਨ ਇਕ ਜੁਲਾਈ ਨੂੰ ਮਨਾਇਆ ਜਾਂਦਾ ਹੈ। ਕਲੱਬ ਵੱਲੋਂ ਦੋਵੇਂ ਸ਼ਖਸੀਅਤਾਂ ਨੂੰ ਦੁਸ਼ਾਲਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਨਤ ਕੀਤਾ ਗਿਆ। ਇਸ ਮੌਕ 'ਲਾਇਨਜ਼ ਕਲੱਬ ਦੇ ਫਾਊਂਡਰ ਮੈਂਬਰ ਡਾ. ਕੁਲਦੀਪ ਸਿੰਘ ਗਿੱਲ ਨੂੰ ਵੀ ਸਨਮਾਨਤ ਕੀਤਾ ਗਿਆ। ਇਸ ਮੌਕੇ ਲਾਇਨ ਜੇ ਪੀ ਐਸ ਖੰਨਾ, ਲਾਇਨ ਹਰਨੇਕ ਸਿੰਘ, ਲਾਇਨ ਭੁਪਿੰਦਰ ਸਿੰਘ ਜੰਡੂ, ਲਾਇਨ ਰਾਕੇਸ਼ ਕੱਕੜ, ਲਾਇਨ ਹਰਦੀਪ ਸਿੰਘ, ਲਾਇਨ ਬਲਵੰਤ ਸਿੰਘ, ਸਾਬਕਾ ਡਿਪਟੀ ਮੇਅਰ ਅਨਿਲ ਬਾਂਸਲ, ਨਰਿੰਦਰਜੀਤ ਸਿੰਘ ਡੱਡੀ ਤੋਂ ਇਲਾਵਾ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਬੱਚਿਆਂ ਨੂੰ ਹੱਥਾਂ ਦੀ ਸਫ਼ਾਈ ਸੰਬੰਧੀ ਕੀਤਾ ਜਾਗਰੂਕ



ਵਿਦਿਆਰਥੀਆਂ ਨੂੰ ਹੱਥਾਂ ਦੀ ਸਫ਼ਾਈ ਕਾਇਮ ਰੱਖਣ ਲਈ ਸਹੁੰ ਚੁਕਾਉਂਦੇ ਅਧਿਆਪਕ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਓਰੀਐਂਟ ਇੰਟਰਨੈਸ਼ਨਲ ਸਕੂਲ ਤੇ ਸਪੋਰਟਸ ਅਕੈਡਮੀ ਵਿੱਚ ਫੋਰਟਿਸ ਹਸਪਤਾਲ, ਫੇਰੋਕਲੀਨ ਦੇ ਸਾਂਝੇ ਸਹਿਯੋਗ ਨਾਲ ਹੱਥਾਂ ਦੀ ਸਫ਼ਾਈ ਸਬੰਧੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਫੋਰਟਿਸ ਹਸਪਤਾਲ ਲੁਧਿਆਣਾ ਵਿਖੇ ਸਲਾਹਕਾਰ ਮਾਈਕ੍ਰੋਬਾਇਓਲੋਜਿਸਟ ਤੇ ਇਨਫੈਕਸ਼ਨ ਕੰਟਰੋਲ ਅਫ਼ਸਰ ਡਾ. ਬੇਨਿਕਾ ਕਾਜਲਾ ਪੁੱਜੇ। ਸਿਹਤ ਸੰਬੰਧੀ ਵੱਖ-ਵੱਖ ਸਮੱਸਿਆਵਾਂ ਤੋਂ ਬਚਣ ਲਈ ਡਾ. ਬੇਨਿਕਾ ਨੇ ਲਗਭਗ 20 ਸੈਕਿੰਡ ਤੱਕ ਸਾਬਣ ਨਾਲ ਹੱਥਾਂ ਦੀ ਸਫ਼ਾਈ ਕਰਨ ਦੇ ਸਹੀ ਤਰੀਕੇ 'ਤੇ ਜ਼ੋਰ ਦਿੱਤਾ। ਉਨ੍ਹਾ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਕਿ ਹੱਥ ਵਾਇਰਸ ਤੇ ਕੀਟਾਣੂਆਂ ਨੂੰ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਤਬਦੀਲ ਕਰਨ 'ਚ ਵੱਡੀ ਭੂਮਿਕਾ ਨਿਭਾਉਂਦੇ ਹਨ। ਓਰੀਐਂਟ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਹੱਥਾਂ ਦੀ ਸਫ਼ਾਈ ਨੂੰ ਕਾਇਮ ਰੱਖਣ ਤੇ ਦੂਜਿਆਂ ਨੂੰ ਪ੍ਰੇਰਿਤ ਕਰਨ ਲਈ ਸਹੁੰ ਚੁੱਕੀ। ਸਕੂਲ ਚੇਅਰਮੈਨ ਵਿਕਰਮ ਸ਼ਰਮਾ ਨੇ ਵਿਦਿਆਰਥੀਆਂ ਲਈ ਅਜਿਹੇ ਸ਼ਾਨਦਾਰ ਜਾਗਰੂਕਤਾ ਸੈਸ਼ਨ ਦਾ ਆਯੋਜਨ ਕਰਨ ਲਈ ਟੀਮ ਫੋਰਟਿਸ, ਟੀਮ ਫੇਰੋਕਲੀਨ ਦਾ ਧੰਨਵਾਦ ਕੀਤਾ। ਸਕੂਲ ਪ੍ਰਿੰਸੀਪਲ ਰਜਤ ਸ਼ਰਮਾ ਨੇ ਇਸ ਜਾਗਰੂਕਤਾ ਸੈਸ਼ਨ ਦਾ ਸੰਚਾਲਨ ਕਰਨ ਲਈ ਡਾ. ਬੇਨਿਕਾ ਕਾਜਲਾ ਨੂੰ ਮੋਮੈਂਟੋ ਭੇਟ ਕਰਕੇ ਸਨਮਾਨਤ ਕੀਤਾ। ਇਸ ਮੌਕੇ ਵਾਈਸ ਪ੍ਰਿੰਸੀਪਲ ਨਵਜੋਤ ਕੌਰ, ਸਟਾਫ਼ ਮੈਂਬਰ ਨਵਪ੍ਰੀਤ ਕੌਰ, ਦਮਨਪ੍ਰੀਤ ਕੌਰ, ਮਨਜੀਤ ਕੌਰ, ਦੁਰਗੇਸ਼, ਅਨੁਪਮਾ ਜੈਨ, ਬਲਵਿੰਦਰ ਕੌਰ, ਮਨਪ੍ਰੀਤ ਕੌਰ, ਪਰਮਜੀਤ ਕੌਰ, ਹਰਪ੍ਰੀਤ ਕੌਰ ਤੇ ਹੋਰ ਹਾਜ਼ਰ ਸਨ।

## ਚੇਤਨਾ ਪਰਖ ਪ੍ਰੀਖਿਆ ਸੰਬੰਧੀ ਐਂਟਰੀ ਫਾਰਮ 31 ਤੱਕ ਜਮ੍ਹਾਂ ਕਰਵਾਏ ਜਾਣਗੇ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਕਾਰਜਕਾਰਨੀ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਤੇ ਜ਼ੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ 'ਚ ਦੋ ਜੁਲਾਈ ਦੀ ਜ਼ੋਨ ਮੀਟਿੰਗ ਵਿੱਚ ਹੋਏ ਫੈਸਲਿਆਂ ਬਾਰੇ ਦੱਸਿਆ ਗਿਆ ਕਿ ਜ਼ੋਨ ਵਿੱਚ ਜੁਲਾਈ ਮਹੀਨੇ ਤਰਕਸ਼ੀਲ ਸਾਹਿਤ ਵੈਨ ਆ ਰਹੀ ਹੈ, ਹਰ ਇਕਾਈ ਕੋਲ ਘੱਟੋ ਘੱਟ ਦੋ ਦਿਨ ਰਹੇਗੀ। ਸਥਾਨਕ ਇਕਾਈ ਨੇ ਉਸ ਦੇ ਪ੍ਰਬੰਧ ਸੰਬੰਧੀ ਸੁਰਿੰਦਰ ਪਾਲ, ਸੀਤਾ ਰਾਮ, ਚਰਨ ਕਮਲ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ, ਕ੍ਰਿਸ਼ਨ ਸਿੰਘ, ਗੁਰਦੀਪ ਲਹਿਰਾ ਆਦਿ ਤਰਕਸ਼ੀਲ ਆਗੂਆਂ ਦੀ ਡਿਊਟੀ ਲਗਾਈ ਗਈ। ਚੇਤਨਾ ਪਰਖ ਪ੍ਰੀਖਿਆ ਬਾਰੇ ਦੱਸਿਆ ਕਿ 15 ਜੁਲਾਈ ਤੱਕ ਵਧੀਆ ਸਿਲੇਬਸ ਪੁਸਤਕਾਂ ਦੀ ਰਿਪੋਰਟ ਸੂਬਾ ਕਮੇਟੀ ਨੂੰ ਭੇਜਣੀ ਹੈ। ਚੇਤਨਾ ਪਰਖ ਪ੍ਰੀਖਿਆ ਬਾਰੇ ਇਕਾਈ ਦੀ ਸਰਗਰਮੀ ਸੰਬੰਧੀ ਮਾਸਟਰ ਪਰਮਵੇਦ ਨੇ ਰਿਪੋਰਟਿੰਗ ਕੀਤੀ ਕਿ ਹੁਣ ਤੱਕ 25 ਸਕੂਲਾਂ ਵਿੱਚ ਜਾਇਆ ਗਿਆ ਹੈ, 10 ਹੋਰ ਸਕੂਲਾਂ 'ਚ ਜਾਣ ਦਾ ਪ੍ਰੋਗਰਾਮ ਬਣਾਇਆ ਗਿਆ। ਤਕਰੀਬਨ 1200 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਐਂਟਰੀ ਫਾਰਮ 31 ਜੁਲਾਈ ਤੱਕ ਲਏ ਜਾਣਗੇ। ਉਨ੍ਹਾ ਕਿਹਾ ਕਿ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਵਿੱਚ ਇਸ ਪ੍ਰੀਖਿਆ ਸਬੰਧੀ ਕਾਫੀ ਉਤਸ਼ਾਹ ਹੈ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ, ਸੀਤਾ ਰਾਮ, ਸੁਖਦੇਵ ਸਿੰਘ ਕਿਸਨਗੜ੍ਹ, ਪ੍ਰਗਟ ਸਿੰਘ ਬਾਲੀਆਂ, ਰਘਵੀਰ ਸਿੰਘ ਛਾਜਲੀ ਨੇ ਸ਼ਮੂਲੀਅਤ ਕੀਤੀ।

## ਰਵਨੀਸ਼ ਗੋਇਲ ਬਣੇ ਸ੍ਰੀ ਨੈਣਾ ਦੇਵੀ ਲੰਗਰ ਕਮੇਟੀ ਦੇ ਐਡੀਸ਼ਨਲ ਜਨਰਲ ਸਕੱਤਰ

**ਨਾਭਾ (ਵਰਿੰਦਰ ਵਰਮਾ)**-ਸ੍ਰੀ ਨੈਣਾ ਦੇਵੀ ਲੰਗਰ ਕਮੇਟੀ ਪੰਜਾਬ, ਹਰਿਆਣਾ, ਹਿਮਾਚਲ ਤੇ ਦਿੱਲੀ ਵੱਲੋਂ ਰਾਸ਼ਟਰੀ ਪ੍ਰਧਾਨ ਡਾ: ਸਤਪਾਲ ਅਗਰਵਾਲ ਦੀ ਅਗਵਾਈ 'ਚ ਸਮਾਜ ਸੇਵੀ ਤੇ ਸਾਬਕਾ ਸਕੱਤਰ ਰੋਟਰੀ ਕਲੱਬ ਨਾਭਾ, ਪ੍ਰਧਾਨ ਸ਼ਿਵ ਮੰਦਰ ਨਾਗਰਾ ਚੌਕ ਨੂੰ ਸਮਾਜ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ 'ਤੇ ਐਡੀਸ਼ਨਲ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਦਿੰਦਿਆਂ ਪ੍ਰਧਾਨ ਡਾ. ਸਤਪਾਲ ਅਗਰਵਾਲ ਨੇ ਦੱਸਿਆ ਕਿ ਸਮਾਜ ਸੇਵੀ ਰਵਨੀਸ਼ ਗੋਇਲ ਨੂੰ ਤਿੰਨ ਸਾਲ ਲਈ ਜਰਨਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾ ਨਵ-ਨਿਯੁਕਤ ਜਨਰਲ ਸਕੱਤਰ ਰਵਨੀਸ਼ ਗੋਇਲ ਨੂੰ ਮੁਬਾਰਕਬਾਦ ਦਿੱਤੀ ਤੇ ਨਿਯੁਕਤੀ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਜੀਵਨ ਲਾਲ ਗੁਪਤਾ ਮੁਖੀ, ਸੁਰਿੰਦਰ ਕੁਮਾਰ ਗੁਪਤਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਨਾਭਾ, ਵਿਨੈ ਗੁਪਤਾ ਸਮਾਜ ਸੇਵਕ, ਮੋਹਨ ਲਾਲ, ਨਰੇਸ਼ ਕੁਮਾਰ, ਆਦੇਸ਼ ਗੁਪਤਾ, ਅੰਮ੍ਰਿਤ ਪਾਲ ਗਰਗ, ਅਮਰਦੀਪ ਆਹੂਜਾ ਆਦਿ ਮੈਂਬਰ ਹਾਜ਼ਰ ਸਨ।



## ਜੈ ਮਿਲਾਪ ਲੈਬੋਰੇਟਰੀ ਐਸੋਸੀਏਸ਼ਨ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ



**ਮੱਖੂ (ਰਛਪਾਲ ਸਿੰਘ ਸੰਧੂ)**

ਜੈ ਮਲਾਪ ਲੈਬੋਰਟਰੀ ਐਸੋਸੀਏਸ਼ਨ ਜ਼ਿਲ੍ਹਾ ਫਿਰੋਜ਼ਪੁਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ ਜੀ ਦੀ ਪਵਿੱਤਰ ਯਾਤਰਾ ਆਪਣੇ ਮੈਂਬਰਾਂ ਨੂੰ ਕਰਵਾਈ ਗਈ। ਇਸ ਯਾਤਰਾ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ-ਵੱਖ ਬਲਾਕਾਂ ਦੇ ਲਗਭਗ 18 ਮੈਂਬਰ ਸ਼ਾਮਲ ਹੋਏ। ਸ੍ਰੀ ਕਰਤਾਰਪੁਰ ਸਾਹਿਬ ਜੀ ਦੀ ਪਵਿੱਤਰ ਯਾਤਰਾ ਕਰਕੇ ਆਏ ਜੈ ਮਲਾਪ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਬਰਜਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਸਾਰੇ ਮੈਂਬਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸ਼ੀਰਵਾਦ ਲੈ ਕੇ ਬਹੁਤ ਹੀ ਵਡਭਾਗਾ ਮਹਿਸੂਸ ਕਰ ਰਹੇ ਹਨ। ਇਸ ਪਵਿੱਤਰ ਯਾਤਰਾ 'ਚ ਵਫਦ ਨਾਲ ਬੱਚੇ ਵੀ ਸ਼ਾਮਲ ਹਨ। ਇਹ ਪਵਿੱਤਰ ਯਾਤਰਾ ਕਰਨ ਨਾਲ ਵਫਦ ਤੇ ਬੱਚਿਆਂ 'ਚ ਬਹੁਤ ਖੁਸ਼ੀ ਪਾਈ ਜਾ ਰਹੀ ਹੈ। ਇਸ ਯਾਤਰਾ ਵਿੱਚ ਹਰਜਿੰਦਰ ਸ਼ਰਮਾ, ਪਰਮਪਰੀਤ ਸਿੰਘ, ਜਸਪ੍ਰੀਤ ਸਿੰਘ, ਜਸਬੀਰ ਸਿੰਘ ਗਿੱਲ, ਜੁਗਰਾਜ ਸਿੰਘ ਵਿਰਕ, ਕਰਨਜੀਤ ਸਿੰਘ ਭੁੱਲਰ, ਸੁਰਿੰਦਰ ਸਿੰਘ ਮਮਦੋਟ, ਓਮਪਾਲ, ਬੀਰਇੰਦਰ ਸਿੰਘ, ਕੁਲਦੀਪ ਕੌਰ, ਸੁਰਿੰਦਰ ਸਿੰਘ ਮੱਲਾਂਵਾਲਾ, ਜਸਵਿੰਦਰ ਸਿੰਘ, ਸੁਖਚੈਨ ਸਿੰਘ ਤੇ ਹੋਰ ਪਰਿਵਾਰਕ ਮੈਂਬਰ ਸ਼ਾਮਲ ਸਨ।

## ਭਾਰੀ ਮੀਂਹ ਨੇ ਰੇਲਵੇ ਟਰੈਕ ਨੂੰ ਪਹੁੰਚਾਇਆ ਨੁਕਸਾਨ

### *ਸਰਹਿੰਦ ਤੋਂ ਨੰਗਲ-ਊਨਾ ਵਿਚਾਲੇ ਰੇਲ ਸੇਵਾ ਠੱਪ*



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰੀ ਮੀਂਹ ਕਾਰਨ ਸਰਹਿੰਦ-ਮੋਰਿੰਡਾ ਮਾਰਗ 'ਤੇ ਪੈਂਦੇ ਪਿੰਡ ਨੌਗਾਵਾਂ ਨੇੜੇ ਰੇਲਵੇ ਟਰੈਕ ਦਾ ਕੁਝ ਹਿੱਸਾ ਨੁਕਸਾਨੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਤੋਂ ਇਲਾਕੇ 'ਚ ਪੈ ਰਹੇ ਮੀਂਹ ਕਾਰਨ ਐੱਸ.ਵਾਈ.ਐੱਲ. ਨਹਿਰ ਨੇੜੇ ਵਗ ਰਹੇ ਮੀਂਹ ਦੇ ਪਾਣੀ ਨੇ ਪਿੰਡ ਨੌਗਾਵਾਂ ਕੋਲੋਂ ਲੰਘਦੀ ਰੇਲ ਲਾਈਨ ਦੇ ਕੁਝ ਹਿੱਸੇ ਦੇ ਹੇਠੋਂ ਮੈਟੀਰੀਅਲ ਹੀ ਵਹਾ ਦਿੱਤਾ, ਜਿਸ ਕਾਰਨ ਸਰਹਿੰਦ ਤੋਂ ਊਨਾ-ਨੰਗਲ ਵਿਚਾਲੇ ਚੱਲ ਰਹੀ ਰੇਲ ਸੇਵਾ ਪ੍ਰਭਾਵਿਤ ਹੋ ਗਈ। ਉੱਤਰੀ ਰੇਲਵੇ ਦੀ ਅੰਬਾਲਾ ਡਵੀਜ਼ਨ ਦੇ ਬੁਲਾਰੇ ਨੇ ਨੌਗਾਵਾਂ ਨੇੜੇ ਰੇਲਵੇ ਟਰੈਕ ਨੁਕਸਾਨੇ ਜਾਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਮਾਰਗ 'ਤੇ ਅਗਲੇ ਹੁਕਮਾਂ ਤੱਕ ਰੇਲ ਸੇਵਾ ਮੁਅੱਤਲ ਕਰ ਦਿੱਤੀ ਗਈ ਹੈ ਤੇ ਟਰੈਕ ਦੀ ਮੁਰੰਮਤ ਉਪਰੰਤ ਰੇਲ ਸੇਵਾ ਬਹਾਲ ਕਰ ਦਿੱਤੀ ਜਾਵੇਗੀ।

## ਡਾ. ਵਾਂਡਰ ਤੇ ਡਾ. ਬਾਂਸਲ ਦੀ ਨਿਯੁਕਤੀ ਦੀ ਖੁਸ਼ੀ 'ਚ ਲੱਡੂ ਵੰਡੇ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੰਜਾਬ ਸਰਕਾਰ ਵੱਲੋਂ ਡਾ. ਗੁਰਪ੍ਰੀਤ ਸਿੰਘ ਵਾਂਡਰ ਨੂੰ ਬਾਬਾ ਫਰੀਦ ਯੂਨੀਵਰਸਿਟੀ ਫਰੀਦਕੋਟ ਦੀ ਮੈਨੇਜਮੈਂਟ ਬੋਰਡ ਦੇ ਚੇਅਰਮੈਨ ਤੇ ਚੀਮਾ ਮੰਡੀ ਦੇ ਜੰਮਪਲ ਡਾ. ਰਾਜਿੰਦਰ ਬਾਂਸਲ ਡੀ ਐੱਮ ਸੀ ਹਸਪਤਾਲ ਲੁਧਿਆਣਾ (ਦਿਮਾਗੀ ਰੋਗਾਂ ਦੇ ਮਾਹਰ) ਮੈਨੇਜਮੈਂਟ ਮੈਂਬਰ ਨਿਯੁਕਤ ਕਰਨ ਦੀ ਖੁਸ਼ੀ ਵਿੱਚ ਕਸਬੇ 'ਚ ਲੱਡੂ ਵੰਡੇ ਗਏ। ਇਸ ਮੌਕੇ ਆਪ ਆਗੂ ਕੁਲਦੀਪ ਸਿੰਘ, ਬਲਵੀਰ ਸਿੰਘ ਵਿਸਕੀ ਐੱਮ ਸੀ, ਗੁਰਪ੍ਰੀਤ ਸਿੰਘ, ਜਸਵੰਤ ਬਾਂਸਲ, ਜਗਸੀਰ ਸਿੰਘ, ਜਗਤਾਰ ਸਿੰਘ, ਕੁਲਵਿੰਦਰ ਸਿੰਘ ਤੇ ਕਸਬੇ ਦੇ ਹੋਰ ਲੋਕਾਂ ਨੇ ਇਨ੍ਹਾਂ ਨਿਯੁਕਤੀਆਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਨਿਯੁਕਤੀਆਂ ਨਾਲ ਮਾਹਰ ਡਾਕਟਰਾਂ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਕਾਰਜਾਂ ਵਿੱਚ ਭਾਰੀ ਸੁਧਾਰ ਹੋਣਗੇ। ਜ਼ਿਕਰਯੋਗ ਹੈ ਕਿ ਡਾ. ਗੁਰਪ੍ਰੀਤ ਸਿੰਘ ਵਾਂਡਰ ਤੇ ਰਾਜਿੰਦਰ ਬਾਂਸਲ ਦੇ ਉਪਰਾਲੇ ਸਦਕਾ ਚੀਮਾ ਕਸਬੇ ਦੇ ਵਸਨੀਕ ਮਰੀਜ਼ਾਂ ਨੂੰ ਇਲਾਜ ਲਈ ਡੀ ਐੱਮ ਸੀ ਹਸਪਤਾਲ ਲੁਧਿਆਣਾ ਵਿੱਚ ਵੀਹ ਪ੍ਰਤੀਸ਼ਤ ਛੋਟ ਦਿੱਤੀ ਜਾ ਰਹੀ ਹੈ, ਜਿਸ ਕਾਰਨ ਕਸਬੇ ਦੇ ਮਰੀਜ਼ਾਂ ਨੂੰ ਔਖੀ ਘੜੀ ਵਿੱਚ ਵੀ ਆਰਥਿਕ ਪੱਖੋਂ ਰਾਹਤ ਮਿਲ ਰਹੀ ਹੈ।

## ਬਸਪਾ ਦੇ ਸਰਗਰਮ ਕਾਰਕੁਨਾਂ ਦੀ ਜ਼ਰੂਰੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਬਹੁਜਨ ਸਮਾਜ ਪਾਰਟੀ ਦੇ ਸਰਗਰਮ ਕਾਰਕੁਨਾਂ ਦੀ ਇਕ ਜ਼ਰੂਰੀ ਮੀਟਿੰਗ ਪਾਰਟੀ ਦੇ ਸਾਬਕਾ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਰਾਠੀ ਦੇ ਗ੍ਰਹਿ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਦਰਸ਼ਨ ਰਾਠੀ ਨੇ ਪਹੁੰਚੇ ਸਮੂਹ ਵਰਕਰਾਂ ਨੂੰ ਜੀ ਆਇਆਂ ਕਹਿਣ ਉਪਰੰਤ ਮੀਟਿੰਗ ਦੇ ਏਜੰਡੇ ਬਾਰੇ ਦਸਦਿਆਂ ਕਿਹਾ ਕਿ ਮੋਹਾਲੀ ਵਿਖੇ ਜਾਲ੍ਹੀ ਸਰਟੀਫਿਕੇਟਾਂ ਸਬੰਧੀ ਚੱਲ ਰਹੇ ਮੋਰਚੇ ਬਾਰੇ, ਪਾਰਟੀ ਦੀ ਮੌਜੂਦਾ ਸਥਿਤੀ ਤੇ ਘਰੀਂ ਬੈਠੇ ਬਸਪਾ ਦੇ ਕੱਟੜ ਸਮਰਥਕਾਂ ਨੂੰ ਪਾਰਟੀ ਵਿੱਚ ਮੁੜ ਤੋਂ ਸਰਗਰਮ ਕਰਨਾ ਆਦਿ ਮੁੱਖ ਮੁੱਦੇ ਰੱਖੇ ਗਏ ਹਨ। ਬੁਲਾਰਿਆਂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਮੌਜੂਦਾ ਦੌਰ ਵਿੱਚ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਵਿਸਥਾਰ, ਜਿਸ ਪੱਧਰ ਦਾ ਹੋਣਾ ਚਾਹੀਦਾ ਸੀ, ਉਸ ਪੱਧਰ 'ਤੇ ਕਿਧਰੇ ਵੀ ਖਰਾ ਉੱਤਰਦਾ ਦਿਖਾਈ ਨਹੀਂ ਦਿੰਦਾ। ਇਸ ਦੀ ਮਜ਼ਬੂਤੀ ਲਈ ਘਰੀਂ ਬੈਠੇ ਪਾਰਟੀ ਦੇ ਕੱਟੜ ਸਮਰਥਕਾਂ ਨੂੰ ਘਰ ਘਰ ਜਾ ਕੇ ਮਿਲਣ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਜਾਲੀ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਸਬੰਧੀ ਮੋਹਾਲੀ ਵਿਖੇ ਚੱਲ ਰਹੇ ਪੱਕੇ ਮੋਰਚੇ ਦੇ ਸਮਰਥਨ 'ਚ ਵੀ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਭਗਵਾਨ ਸਿੰਘ ਭਾਟੀਆ, ਗੁਰਦੇਵ ਸਿੰਘ ਕੋਟ ਧਰਮੂੰ, ਧਰਮਿੰਦਰ ਸਿੰਘ ਮਾਨਸਾ, ਦਰਸ਼ਨ ਸਿੰਘ ਰਾਠੀ, ਗੁਰਮੇਲ ਸਿੰਘ ਬੋੜਾਵਾਲ, ਬਚਿੱਤਰ ਸਿੰਘ, ਮਿੱਠੂ ਸਿੰਘ ਭੂਪਾਲ, ਬੂਟਾ ਸਿੰਘ ਭੂਪਾਲ, ਡਾ. ਰੋਹਿਤ ਤੇ ਮਿੰਟ ਭਾਟੀਆ, ਕੌਰ ਸਿੰਘ ਆਦਿ ਹਾਜ਼ਰ ਸਨ।

# 216 ਇੰਸਟਰਕਟਰਾਂ ਦੀ ਭਰਤੀ ਦੀ ਵਿਜੀਲੈਂਸ ਇਨਕੁਆਰੀ ਰਿਪੋਰਟ 'ਤੇ ਹਾਈ ਕੋਰਟ ਨੇ ਲਗਾਈ ਰੋਕ : ਜਸਵਿੰਦਰ ਸਿੰਘ



**ਜਲਾਲਾਬਾਦ (ਜੀਤ ਕੁਮਾਰ)**

ਆਈਟੀਆਈ ਇੰਸਟ੍ਰਕਟਰ ਯੂਨੀਅਨ ਪੰਜਾਬ (ਰਜਿ.) ਦੇ ਸਹਾਇਕ ਸਲਾਹਕਾਰ ਜਸਵਿੰਦਰ ਸਿੰਘ ਤੇ ਨਵਜੋਤ ਵੱਟੂ ਨੇ ਇਥੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ, ਚੰਡੀਗੜ੍ਹ ਵਿੱਚ 2013 ਵਿੱਚ ਪਾਰਦਰਸ਼ੀ ਤਰੀਕੇ ਨਾਲ ਕੀਤੀ 216 ਕ੍ਰਾਫਟ ਇੰਸਟਰੱਕਟਰ ਦੀ ਭਰਤੀ ਸਬੰਧੀ ਕਿਸੇ ਵਿਅਕਤੀ ਵਿਸ਼ੇਸ਼ ਦੀ ਸ਼ਿਕਾਇਤ ਦੇ ਆਧਾਰ 'ਤੇ ਨਿਯਮਾਂ ਨੂੰ ਅੱਖੋਂ-ਪਰੋਖੇ ਤੇ ਚੁਣੇ ਉਮੀਦਵਾਰਾਂ ਦੇ ਸਹੀ ਤੱਥਾਂ ਨੂੰ ਵੀ ਦਰੁਸਤ ਨਾ ਮੰਨਦੇ ਹੋਏ ਕੀਤੀ ਵਿਜੀਲੈਂਸ ਇੰਨਕੁਆਰੀ ਰਿਪੋਰਟ 22/2017 ਨੂੰ ਰੱਦ ਕਰਵਾਉਣ ਲਈ ਚੁਣੇ ਗਏ ਉਮੀਦਵਾਰਾਂ ਦੁਆਰਾ ਮਾਣਯੋਗ ਹਾਈ ਕੋਰਟ ਚੰਡੀਗੜ੍ਹ ਵਿੱਚ ਵਕੀਲ ਸ੍ਰੀ ਅਮਿਤ ਕੁਮਾਰ ਸੈਣੀ ਰਾਹੀਂ ਰਿਟ ਪਟੀਸ਼ਨ ਦਾਇਰ ਕੀਤੀ ਗਈ ਸੀ, ਜਿਸ 'ਤੇ ਮਾਣਯੋਗ ਹਾਈ ਕੋਰਟ ਨੇ ਇਸ ਵਿਜੀਲੈਂਸ ਰਿਪੋਰਟ ਉਪਰ ਰੋਕ ਲਗਾਉਂਦੇ ਹੋਏ ਪੰਜਾਬ ਸਰਕਾਰ ਨੂੰ ਹੁਕਮ ਕੀਤਾ ਕਿ ਵਿਜੀਲੈਂਸ ਰਿਪੋਰਟ ਸਬੰਧੀ ਚੀਫ ਸੈਕਟਰੀ ਦੁਆਰਾ ਗਠਿਤ ਕੀਤੀ ਕਮੇਟੀ ਦੀ ਰਿਪੋਰਟ ਉਪਰ ਇਸ ਕੋਰਟ ਵਿੱਚ ਅਗੇਤੀ ਮਨਜ਼ੂਰੀ ਲਏ ਬਿਨਾਂ ਕੋਈ ਕਾਰਵਾਈ ਨਾ ਕੀਤੀ ਜਾਵੇ।

ਉਨ੍ਹਾ ਕਿਹਾ ਕਿ ਵਕੀਲ ਸ੍ਰੀ ਅਮਿਤ ਕੁਮਾਰ ਸੈਣੀ ਦੁਆਰਾ ਵਿਜੀਲੈਂਸ ਰਿਪੋਰਟ ਵਿੱਚ ਵੱਡੀਆ ਖਾਮੀਆਂ ਨੂੰ ਮਾਣਯੋਗ ਹਾਈ ਕੋਰਟ ਅੱਗੇ ਪੇਸ਼ ਕੀਤਾ ਤੇ ਵਿਭਾਗ ਦੁਆਰਾ ਫੀਲਡ ਵਿੱਚ ਪ੍ਰਿੰਸੀਪਲਾਂ ਦੁਆਰਾ ਕਰਵਾਈ ਗਈ ਵੈਰੀਫਿਕੇਸ਼ਨ ਦਾ ਹਵਾਲਾ ਦਿੰਦੇ ਹੋਏ ਤੇ ਹੋਰ ਦਲੀਲਾਂ ਦੇ ਕੇ ਮਾਣਯੋਗ ਹਾਈ ਕੋਰਟ ਨੂੰ ਸੱਚ ਨਾਲ ਰੂਬਰੂ ਕਰਵਾਇਆ। ਉਨ੍ਹਾ ਕਿਹਾ ਕਿ ਹੁਣ ਮਾਣਯੋਗ ਹਾਈ ਕੋਰਟ ਦੁਆਰਾ 216 ਇੰਸਟਰਕਟਰਾਂ ਦੀ ਭਰਤੀ ਦੀ ਵਿਜੀਲੈਂਸ ਇੰਨਕੁਆਰੀ ਰਿਪੋਰਟ 'ਤੇ ਲਗਾਈ ਰੋਕ ਦ ਹੁਕਮਾਂ ਨਾਲ ਉਮੀਦਵਾਰਾਂ ਦਾ ਕਾਨੂੰਨ ਵਿੱਚ ਵਿਸ਼ਵਾਸ ਹੋਰ ਮਜ਼ਬੂਤ ਹੋਇਆ ਹੈ।

# ਮੁਫਤ ਕੈਂਪ ਲਗਾ ਕੇ ਨਸ਼ਾ ਛੁਡਾਊ ਮੁਹਿੰਮ ਦੀ ਸ਼ੁਰੂਆਤ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਹਰ ਕਢਣ ਦੇ ਮਕਸਦ ਸਿਮਰਨ ਫਾਊਂਡੇਸ਼ਨ ਗਿੱਦੜਬਾਹਾ ਵੱਲੋਂ ਹਲਕੇ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਦ ਦਿਸ਼ਾ ਨਿਰਦੇਸ਼ ਅਨੁਸਾਰ ਰੁਦਰਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਯੂਥ ਆਗੂ ਅਭੇ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਗੁਰੂ ਗੋਬਿੰਦ ਸਿੰਘ ਕਾਲਜ ਗਿੱਦੜਬਾਹਾ ਵਿਖੇ ਨਸ਼ਾ ਛਡਾਉਣ ਲਈ ਮੁਫਤ ਕੈਂਪ ਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਅਭੇ ਸਿੰਘ ਢਿੱਲੋਂ ਨੇ ਦੱਸਿਆ ਕਿ ਸੰਸਥਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਜਨਮ ਦਿਨ ਨੂੰ ਸਮਰਪਤ ਨਸ਼ਾ ਛਡਾਉਣ ਲਈ ਮੁਫਤ ਕੈਂਪ ਲਗਾ ਕੇ ਨਸ਼ਾ ਛਡਾਊ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਹਲਕੇ ਦੇ ਹਰ ਪਿੰਡ ਤੇ ਸ਼ਹਿਰ ਦੇ ਹਰ ਵਾਰਡ ਵਿੱਚ ਨਸ਼ਾ ਛਡਾਊ ਮੁਫਤ ਕੈਂਪ ਲਗਾਇਆ ਜਵੇਗਾ।

ਸੰਸਥਾ ਨਸ਼ਾ ਛੱਡਣ ਵਾਲਿਆਂ ਨੂੰ ਸਾਰੀ ਦੁਆਈ ਮੁਫ਼ਤ ਦਿੱਤੀ ਮੁਹੱਈਆ ਕਰਵਾਏਗੀ। ਇਸ ਮੌਕੇ ਰੁਦਰਾ ਫਾਊਂਡੇਸ਼ਨ ਦੇ ਕਰਨ ਪ੍ਰਤਾਪ ਨੇ ਦੱਸਿਆ ਕਿ ਦਵਾਈ ਦਾ ਕੋਈ ਸਾਈਡ ਇਫ਼ੈਕਟ ਨਹੀਂ ਹੈ। ਇਹ ਦੇਸੀ ਦਵਾਈਆਂ ਦਾ ਮਿਸ਼ਰਣ ਹੈ, ਪੂਰੀ ਤਰ੍ਹਾਂ ਆਯੁਰਵੈਦ ਹੈ ਤੇ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ। ਇਸ ਦਾ ਸਰੀਰ 'ਤੇ ਕੋਈ ਬੁਰਾ ਪ੍ਰਭਾਵ ਨਹੀਂ ਪੈਂਦਾ।

ਇਸ ਮੌਕੇ ਪ੍ਰਧਾਨ ਰਘਬੀਰ ਸਿੰਘ ਸਾਬਕਾ ਵਿਧਾਇਕ, ਕੌਂਸਲਰ ਕੁਲਵੰਤ ਸਿੰਘ ਮਾਨ, ਕੌਂਸਲਰ ਰਮੇਸ਼ ਫੌਜੀ, ਬਲਰਾਜ ਮਾਨ, ਰਾਜਵੀਰ ਨੰਬਰਦਾਰ, ਪ੍ਰਧਾਨ ਸ਼ਮਿੰਦਰ ਸਿੰਘ, ਕੱਕੂ ਨੰਬਰਦਾਰ, ਨਵੀਂ ਮਧੀਰ, ਹਰਵਿੰਦਰ ਸਿੰਘ ਕਾਕਾ, ਮਾਧੋਦਾਸ ਸਿੰਘ ਖਾਲਸਾ, ਰਣਜੋਧ ਬਰਾੜ, ਮਨਿੰਦਰ ਬੁੱਟਰ, ਗੁਰਮਤ ਰੰਧਾਵਾ, ਜਸ਼ਨਪ੍ਰੀਤ ਸਿੰਘ, ਹੈਰੀ ਬਰਾੜ, ਅਜੇਪਾਲ, ਪਾਰਸ ਜਗਾ, ਪ੍ਰਧਾਨ ਸੋਮ ਪਾਲ ਤੇ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਮੋਹਲੇਧਾਰ ਬਾਰਿਸ਼ ਨੇ ਕਿਸਾਨਾਂ ਤੇ ਆਮ ਜਨਤਾ ਦੇ ਕਰਵਾਏ ਹੱਥ ਖੜ੍ਹੇ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਤੜਕਸਾਰ ਤੋਂ ਹੋਈ ਮੋਹਲੇਧਾਰ ਬਾਰਿਸ਼ ਨਾਲ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਜਦੋਂਕਿ ਨੀਵੇਂ ਥਾਂ ਪਾਣੀ ਦੀ ਮਾਰ ਹੇਠ ਆਉਣ ਕਾਰਨ ਹੜ੍ਹਾਂ ਵਰਗੀ ਸਥਿਤੀ ਬਣੀ ਦਿਖਾਈ ਦੇ ਰਹੀ। ਮੰਜ਼ਰ ਇਹ ਸੀ ਕਿ ਪਾਣੀ ਦੀ ਮਾਰ ਹੇਠ ਆਈ ਜ਼ਮੀਨ ਵਿੱਚ ਫਸਲਾਂ ਦਿਖਾਈ ਨਹੀਂ ਦੇ ਰਹੀਆਂ। ਪਸ਼ੂ ਚਾਰੇ ਅਤੇ ਝੋਨੇ ਦੇ ਬੂਟੇ ਮੁਕੰਮਲ ਡੁੱਬ ਗਏ। ਉਸਦੇ ਨਾਲ ਹੀ ਬਾਕੀ ਫਸਲਾਂ ਚਿੱਬੜ, ਹਰਹਰ, ਮੂੰਗੀ, ਮਿਰਚ, ਮੱਕੀ, ਸਬਜ਼ੀਆਂ ਵੀ ਪੂਰੀ ਤਰ੍ਹਾਂ ਨੁਕਸਾਨੀਆਂ ਗਈਆਂ। ਫਿਰੋਜ਼ਪੁਰ ਅਤੇ ਰਾਜਸਥਾਨ ਫੀਡਰ ਆਪਣੇ ਪੂਰੇ ਉਫਾਨ ਤੇ ਹੋਣ ਦੇ ਬਾਵਜੂਦ ਨਹਿਰੀ ਵਿਭਾਗ ਵੱਲੋਂ ਭਾਵੇਂ ਕਿਸੇ ਕਿਸਮ ਦੇ ਨੁਕਸਾਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਪਰ ਹਰੀਕੇ ਹੈੱਡ ਵਰਕਸ ਤੋਂ ਬੀਤੇ ਕਲ੍ਹ ਤੱਕ 5 ਹਜ਼ਾਰ ਕਿਊਸਿਕ ਚੱਲਣ ਵਾਲਾ ਡਾਊਨ ਸਟਰੀਮ ਅੱਜ 18 ਹਜ਼ਾਰ ਦਾ ਅੰਕੜਾ ਪਾਰ ਕਰ ਗਿਆ ਜਿਸ ਨੇ ਤਰਨਤਾਰਨ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਦਰਜਨਾਂ ਪਿੰਡਾਂ ਦੇ ਕਿਸਾਨਾਂ ਦੇ ਸਾਹ ਸੂਤ ਕੇ ਰੱਖ ਦਿੱਤੇ। 12 ਘੰਟੇ ਲਗਾਤਾਰ ਹੋਈ ਬਾਰਿਸ਼ ਕਰਕੇ ਝੀਲ ਦੇ ਨੇੜੇ ਸੜਕ ਦਾ ਵੱਡਾ ਹਿੱਸਾ ਰੁੜ੍ਹ ਜਾਣ ਤੋਂ ਬਚਾਉਣ ਲਈ ਲੋਕ ਨਿਰਮਾਣ ਵਿਭਾਗ ਦੇ ਕਰਮਚਾਰੀਆਂ ਨੂੰ ਮਿੱਟੀ ਦੇ ਬੋਰੇ ਲਗਾਉਣੇ ਪਏ ਜਦੋਂਕਿ ਦੂਜੇ ਪਾਸੇ ਸੰਪਰਕ ਸੜਕਾਂ 'ਚ ਕਈ ਜਗ੍ਹਾ ਪਏ ਟੋਇਆਂ ਕਾਰਨ ਲੋਕਾਂ ਵੱਲੋਂ ਅਣਸੁਖਾਵੀਂ ਘਟਨਾ ਦਾ ਖਦਸ਼ਾ ਜਤਾਇਆ ਜਾ ਰਿਹਾ। ਕਿਸਾਨਾਂ ਲਈ ਆਫਤ ਬਣੀ ਬਰਸਾਤ ਤੋਂ ਰਾਹਤ ਮਿਲਦੀ ਹੈ ਜਾਂ ਨਹੀਂ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ। ਪੰਚਾਇਤੀ ਜ਼ਮੀਨ ਦੇ ਕਾਸ਼ਤਕਾਰ ਕਿਸਾਨਾਂ ਜਗਤਾਰ ਸਿੰਘ, ਇਕਬਾਲ ਸਿੰਘ, ਮਨਬੀਰ ਸਿੰਘ, ਪ੍ਰਮਿੰਦਰ ਸਿੰਘ, ਨਿਸ਼ਾਨ ਸਿੰਘ ਆਦਿ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰ ਪਹਿਲ ਦੇ ਆਧਾਰ 'ਤੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਕਰਕੇ ਆਰਥਿਕ ਜੋਖਮ ਝੱਲ ਰਹੇ ਕਿਸਾਨਾਂ ਨੂੰ ਰਾਹਤ ਦੇਵੇ। ਉਨ੍ਹਾਂ ਕਿਹਾ ਕਿ ਜਿਥੇ ਨੀਵੇਂ ਇਲਾਕੇ ਪਾਣੀ ਦੀ ਮਾਰ ਹੇਠ ਆ ਚੁੱਕੇ ਹਨ ਉਥੇ ਹੀ ਕੌਮੀ ਸ਼ਾਹ ਰਾਹ 54 'ਤੇ ਬਣੇ ਸਾਈਫਨ ਨੂੰ ਖੋਲ੍ਹਣ ਦੀ ਪਹਿਲਕਦਮੀ ਕਰਕੇ ਪਾਣੀ ਦੀ ਮਾਰ ਤੋਂ ਜ਼ਮੀਨ ਨੂੰ ਬਚਾਇਆ ਜਾਵੇ। ਇਸ ਸਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਦਾ ਕਹਿਣਾ ਕਿ ਬੇਸ਼ੱਕ ਵਾਤਾਵਰਣ ਨਾਲ ਖਿਲਵਾੜ ਕਰਕੇ ਭਾਰੀ ਬਾਰਿਸ਼ ਦਾ ਸਾਹਮਣਾ ਕਰਨਾ ਪੈ ਰਿਹੈ ਹੈ ਪਰ ਸਮਾਂ ਰਹਿੰਦੇ ਸਰਕਾਰ ਵੱਲੋਂ ਰੋਹੀਆਂ ਅਤੇ ਬਰਸਾਤੀ ਨਾਲਿਆਂ ਦੀ ਖਲਾਈ ਨਾ ਹੋਣ ਕਾਰਨ ਪਾਣੀ ਆਫਤ ਸਿੱਧ ਹੋ ਰਿਹਾ। ਉਨ੍ਹਾਂ ਕਿਹਾ ਕਿ ਸਰਕਾਰ ਇਸ ਬਾਰਿਸ਼ ਨੂੰ ਕੁਦਰਤੀ ਆਫਤ ਐਲਾਨ ਕੇ ਨੁਕਸਾਨ ਦੀ ਮਾਰ ਹੇਠ ਆਏ ਕਿਸਾਨਾਂ ਦੀ ਸਾਰ ਲੈਣਾ ਯਕੀਨੀ ਬਣਾਏ।

## ਭਾਰੀ ਮੀਂਹ ਪੈਣ ਨਾਲ ਪਿੰਡ ਖਲੈਰਾ ਦੇ ਲੋਕਾਂ ਦਾ ਮੰਦਾ ਹਾਲ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਹਲਕਾ ਜੰਡਿਆਲਾ ਦੇ ਪਿੰਡ ਖਲੈਰਾ ਦੇ ਲੋਕਾਂ ਨੂੰ ਭਾਰੀ ਮੀਂਹ ਪੈਣ ਕਾਰਨ ਹੜਾਂ ਵਰਗੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਪਿੰਡ ਦੇ ਵਸਨੀਕ ਜਸਬੀਰ ਸਿੰਘ ਖਲੈਰਾ ਤੇ ਹੋਰਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨਾਂ ਤੋਂ ਪੈ ਰਹੇ ਮੀਂਹ ਕਾਰਨ ਪਾਣੀ ਉਨਾਂ ਦੇ ਘਰਾਂ ਵਿੱਚ ਆਉਣ ਨਾਲ ਜਿਥੇ ਉਨਾਂ ਨੂੰ ਕੀ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਥੇ ਨਾਲ ਹੀ ਉਨ੍ਹਾਂ ਵੱਲੋਂ ਲਗਾਈ ਗਈ ਝੋਨੇ ਦੀ ਫਸਲ ਤੇ ਹੋਰ ਫਸਲਾਂ ਵੀ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬ ਗਈਆਂ ਹਨ ਜਿਸ ਕਾਰਨ ਉਨ੍ਹਾਂ ਨੂੰ ਆਰਥਿਕ ਤੌਰ ਤੇ ਵੀ ਘਾਟਾ ਪਿਆ ਹੈ। ਜਸਬੀਰ ਸਿੰਘ ਖਲੈਰਾ ਤੇ ਉਨ੍ਹਾਂ ਦੇ ਸਾਥੀਆਂ ਨੇ ਦੱਸਿਆ ਕਿ ਪਾਣੀ ਆਉਣ ਨਾਲ ਕੀ ਤਰ੍ਹਾਂ ਦੇ ਜ਼ਹਿਰੀਲੇ ਜਾਨਵਰਾਂ ਨੇ ਉਨ੍ਹਾਂ ਦੀਆਂ ਨੀਂਦਾਂ ਉਡਾ ਦਿੱਤੀਆਂ ਹਨ । ਉਨ੍ਹਾਂ ਨੇ ਭਗਵੰਤ ਮਾਨ ਸਰਕਾਰ ਖਾਸ ਕਰਕੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ, ਡੀਸੀ ਅੰਮ੍ਰਿਤਸਰ ਕੋਲੋਂ ਮੰਗ ਕੀਤੀ ਕੇ ਉਨ੍ਹਾਂ ਦੀ ਇਸ ਮੁਸ਼ਕਲ ਦਾ ਕੋਈ ਪੱਕਾ ਹੱਲ ਕੀਤਾ ਜਾਵੇ । ਹੋਰਨਾਂ ਤੋਂ ਇਲਾਵਾ ਇਸ ਮੌਕੇ ਜਸਬੀਰ ਸਿੰਘ ਖਲੈਰਾ, ਜਰਨੈਲ ਸਿੰਘ ਖਲੈਰਾ, ਮੈਂਬਰ ਸੁਖਵੰਤ ਸਿੰਘ ਕਾਲਾ ਸਿਪਾਹੀ, ਲਵਪ੍ਰੀਤ ਸਿੰਘ, ਭਿੰਦਰ ਸਿੰਘ, ਹਰਪ੍ਰੀਤ ਸਿੰਘ, ਗੁਰਵੇਲ ਸਿੰਘ, ਦਲਬੀਰ ਸਿੰਘ, ਕੈਪਟਨ ਸਿੰਘ ਜੌਹਲ, ਸਰਪੰਚ ਸਰਪ੍ਰੀਤ ਸਿੰਘ ਸਰਕਾਰੀਆ, ਮਨਜਿੰਦਰ ਸਿੰਘ ਤੇ ਹੋਰ ਵੀ ਇਲਾਕੇ ਦੇ ਲੋਕਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਪਾਣੀ ਦੀ ਇਸ ਮੁਸ਼ਕਲ ਨੂੰ ਹੱਲ ਕਰਨ ਲਈ ਸਬੰਧਤ ਮਹਿਕਮੇ ਦੇ ਅਫਸਰ ਸਹਿਬਾਨ ਪਿੰਡ ਖਲੈਰਾ ਦਾ ਦੌਰਾ ਕਰਨ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ।



# ਫਰਜ਼ੀ ਆਈਲੈਟਸ ਸੈਂਟਰ ਟਰੈਵਲ ਏਜੰਟ ਵੱਲੋਂ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ

## ਤਹਿਸੀਲਦਾਰ ਥਿੰਦ ਨੇ ਆਈਲੈਟਸ ਸੈਂਟਰਾਂ ਦੀ ਕੀਤੀ ਅਚਨਚੇਤ ਚੈਕਿੰਗ




**ਪੱਟੀ (ਬਲਦੇਵ ਸਿੰਘ ਕਿਰਤੋਵਾਲ/ਸ਼ਮਸ਼ੇਰ ਸਿੰਘ ਯੋਧਾ)**-ਸੂਬਾ ਸਰਕਾਰ ਦੇ ਹੁਕਮਾਂ ਤੇ ਡਿਪਟੀ ਕਮਿਸ਼ਨਰ ਬਲਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫਰਜ਼ੀ ਆਈਲੈਟਸ ਸੈਂਟਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਪੱਟੀ ਦੇ ਤਹਿਸੀਲਦਾਰ ਸਰਬਜੀਤ ਸਿੰਘ ਥਿੰਦ ਵੱਲੋਂ ਸਥਾਨਕ ਸ਼ਹਿਰ ਦੇ ਆਈਲੈਟਸ ਸੈਂਟਰਾਂ ਦੀ ਚੈਕਿੰਗ ਕਰਨ ਦੌਰਾਨ ਫਰਜ਼ੀ ਆਈਲੈਟਸ ਸੈਂਟਰਾਂ ਨੂੰ ਭਾਜੜਾਂ ਪੈ ਗਈਆਂ। ਆਪਣੇ ਸੈਂਟਰ ਛੱਡ ਕੇ ਭੱਜ ਗਏ। ਫਰਜ਼ੀ ਆਈਲੈਟਸ ਸੈਂਟਰਾਂ ਨੂੰ ਬੰਦ ਕਰਵਾਇਆ ਗਿਆ। ਜਿਨ੍ਹਾਂ ਸੈਂਟਰਾਂ ਪਾਸ ਲਾਇਸੈਂਸ ਸੀ ਪਰ ਕੁਝ ਕਾਗਜ਼ਾਂ ਦੀ ਘਾਟ ਸੀ ਉਨ੍ਹਾਂ ਨੂੰ ਪੇਪਰ ਪੂਰੇ ਕਰਨ ਦੀਆਂ ਸਖਤੀ ਨਾਲ ਹਦਾਇਤਾਂ ਜਾਰੀ ਕੀਤੀਆਂ ਗਈਆਂ। ਜ਼ਿਕਰਯੋਗ ਹੈ ਕਿ ਬੀਤੇ ਲੰਮੇ ਸਮੇਂ ਤੋਂ ਸਥਾਨਕ ਸ਼ਹਿਰ ਅੰਦਰ ਕਈ ਸਿਆਸੀ ਪਹੁੰਚ ਪ੍ਰਾਪਤ ਲੋਕਾਂ ਵੱਲੋਂ ਫਰਜ਼ੀ ਆਈਲੈਟਸ ਸੈਂਟਰ ਚਲਾ ਕੇ ਭੋਲੇ ਭਾਲੇ ਲੋਕਾਂ ਨੂੰ ਲੁੱਟਿਆ ਜਾ ਰਿਹਾ ਸੀ। ਸੂਬੇ ਅੰਦਰ ਨੌਜਵਾਨਾਂ 'ਚ ਵਿਦੇਸ਼ਾਂ ਨੂੰ ਕੂਚ ਕਰਨ ਦੀ ਲੱਗੀ ਅੰਨ੍ਹੀ ਦੌੜ 'ਚ ਫਰਜ਼ੀ ਆਈਲੈਟਸ ਸੈਂਟਰਾਂ ਤੇ ਟਰੈਵਲ ਏਜੰਟਾਂ ਵੱਲੋਂ ਨੌਜਵਾਨਾਂ ਨਾਲ ਧੋਖਾ ਧੜੀ ਕਰਕੇ ਦੋਹੀਂ ਹੱਥੀਂ ਲੁੱਟਿਆ ਜਾ ਰਿਹਾ। ਹਰੇਕ ਵਿਅਕਤੀ ਆਪਣੇ ਬੱਚਿਆਂ ਨੂੰ ਆਈਲੈਟਸ ਕਰਵਾ ਕੇ ਭਾਵੇਂ ਜਾਇਦਾਦ ਗਹਿਣੇ ਜਾਂ ਬੈਅ ਕਰਨੀ ਪਵੇ, ਜਹਾਜ਼ ਦੀ ਬਾਰੀ ਨੂੰ ਹੱਥ ਪੁਆਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ। ਉਧਰ ਜ਼ਿਲੇ ਤੇ ਸਥਾਨਕ ਸ਼ਹਿਰ ਤੇ ਇਸਦੇ ਆਲੇ-ਦੁਆਲੇ ਚੱਲਦੇ ਫਰਜ਼ੀ ਆਈਲੈਟਸ ਸੈਂਟਰਾਂ ਟਰੈਵਲ ਏਜੰਟਾਂ ਵੱਲੋਂ ਜਿਥੇ ਨੌਜਵਾਨਾਂ ਦੇ ਭਵਿੱਖ ਨਾਲ ਚਿੱਟੇ ਦਿਨ ਖਿਲਵਾੜ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਬੀਤੇ ਦਸ ਸਾਲਾਂ ਤੋਂ ਦੇਸ਼ ਅੰਦਰ ਬੇਰੁਜ਼ਗਾਰ ਨੌਜਵਾਨਾਂ ਦੇ ਨਾਲ-ਨਾਲ ਚੰਗੇ ਭਲੇ ਸਰਕਾਰੀ ਨੌਕਰੀਆਂ ਕਰਦੇ ਕਰਮਚਾਰੀਆਂ ਦੇ ਨਾਲ ਬਿਜ਼ਨਸਮੈਨ ਲੋਕ ਵੀ ਗੋਰਿਆਂ ਦੀ ਗੁਲਾਮੀ ਕਰਨ 'ਚ ਪਿਛੇ ਨਹੀਂ। ਜਿਥੇ ਵੱਡੀ ਗਿਣਤੀ ਵਿਚ ਮੁਟਿਆਰਾਂ ਵਿਦੇਸ਼ ਪੜ੍ਹਾਈ ਕਰਕੇ ਸੈੱਟ ਹੋਣ ਲਈ ਆਈਲੈਟਸ ਦੀ ਕਰਕੇ ਚੰਗੇ ਨੰਬਰ ਹਾਸਲ ਕਰਨ ਉਪਰੰਤ ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ ਸਮੇਤ ਯੂਕੇ ਆਦਿ ਦੇਸ਼ਾਂ 'ਚ ਜਾਣ ਲਈ ਤਰਲੋ ਮੱਛੀ ਹੋ ਰਹੀਆਂ ਹਨ। ਜਿਥੇ ਰਜਿਸਟਰਡ ਤੇ ਨਾਮਵਰ ਆਈਲੈਟਸ ਸੈਂਟਰਾਂ ਤੇ ਟਰੈਵਲ ਏਜੰਟਾਂ ਵੱਲੋਂ ਵਿਦਿਆਰਥੀਆਂ ਨੂੰ ਚੰਗੀ ਵਿੱਦਿਆ ਪ੍ਰਦਾਨ ਕਰਵਾਉਣ ਕਰਕੇ ਵੱਡਾ ਨਾਮਣਾ ਖੱਟਿਆ ਜਾ ਰਿਹਾ ਹੈ ਉਥੇ ਫਰਜ਼ੀ ਆਈਲੈਟਸ ਸੈਂਟਰਾਂ ਵੱਲੋਂ ਨੌਜਵਾਨਾਂ ਮੁੰਡੇ ਕੁੜੀਆਂ ਨੂੰ ਵਧੀਆ ਪੜ੍ਹਾਈ ਕਰਵਾਉਣ ਲਈ ਵੱਡੇ-ਵੱਡੇ ਸੁਪਨੇ ਦਿਖਾ ਕੇ ਅੰਨ੍ਹੀ ਲੁੱਟ ਕੀਤੀ ਜਾ ਰਹੀ। ਆਈਲੈਟਸ ਦੇ ਗੋਰਖ ਧੰਦੇ 'ਚ ਜਿਥੇ ਮਨਮਰਜ਼ੀ ਦੀਆਂ ਫੀਸਾਂ ਲੈ ਕੇ ਮਹੀਨੇ ਅੰਦਰ ਕਰੋੜਾਂ ਰੁਪਏ ਦੀ ਮੋਟੀ ਕਮਾਈ ਕਰਕੇ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਕਰਨ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ ਅਤੇ ਸਰਕਾਰ ਨੂੰ ਲੱਖਾਂ ਦਾ ਚੂਨਾ ਲਗਾਇਆ ਜਾ ਰਿਹਾ।

## ਇੰਦੂ ਸ਼ਰਮਾ ਦੀ ਸੇਵਾਮੁਕਤੀ 'ਤੇ ਸਟਾਫ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਸਿਵਲ ਸਰਜਨ ਗੁਰਦਾਸਪੁਰ ਅਧੀਨ ਕਮਿਊਨਿਟੀ ਹੈਲਥ ਸੈਂਟਰ ਕਾਹਨੂੰਵਾਨ ਵਿਖੇ ਇੰਦੂ ਸ਼ਰਮਾ ਸਟਾਫ਼ ਨਰਸ ਸੇਵਾਮੁਕਤ ਹੋਏ। ਇਸ ਮੌਕੇ ਕਮਿਊਨਿਟੀ ਹੈਲਥ ਸੈਂਟਰ ਕਾਹਨੂੰਵਾਨ ਵਿਖੇ ਸੀਨੀਅਰ ਮੈਡੀਕਲ਼ ਅਫ਼ਸਰ ਡਾ. ਨੀਲਮ ਦੀ ਰਹਿਨੁਮਾਈ ਹੇਠ ਵਿਦਾਇਗੀ ਪਾਰਟੀ ਕੀਤੀ ਗਈ। ਇਸ ਮੌਕੇ ਐਸਐਮਓ ਡਾ. ਨੀਲਮ ਨੇ ਦੱਸਿਆ ਕਿ ਇੰਦੂ ਸ਼ਰਮਾ ਇੱਕ ਸਿਆਣੇ ਤੇ ਇਮਾਨਦਾਰ ਕਰਮਚਾਰੀ ਸਨ ਜਿਨ੍ਹਾਂ ਨੇ ਮਹਿਕਮੇ ਵਿੱਚ ਰਹਿ ਕੇ ਆਪਣੀ ਬਣਦੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਕੀਤੀ ਤੇ ਮਹਿਕਮੇ ਦੇ ਉੱਚ-ਅਧਿਕਾਰੀਆਂ ਤੇ ਬਾਹਰਲੇ ਲੋਕਾਂ ਨੂੰ ਕਦੇ ਵੀ ਸ਼ਿਕਾਇਤ ਦਾ ਮੌਕਾ ਨਹੀਂ ਦਿੱਤਾ। ਅਜਿਹੇ ਕਰਮਚਾਰੀਆਂ ਦੀ ਮਹਿਕਮੇ ਨੂੰ ਸਦਾ ਲੋੜ ਰਹਿੰਦੀ ਹੈ। ਉਪਰੰਤ ਇੰਦੂ ਸ਼ਰਮਾ ਨੂੰ ਮੈਮੋਰੈਂਡਮ ਤੇ ਹੋਰ ਅਨੇਕਾਂ ਹੀ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਇਨ੍ਹਾਂ ਦੇ ਪਤੀ ਅਸ਼ੋਕ ਸ਼ਰਮਾ ਰਿਟਾਇਰਟ ਐਸਡੀਐਮ ਤੇ ਪਰਿਵਾਰਕ ਮੈਂਬਰ ਨਾਲ ਸਨ। ਇਸ ਮੌਕੇ ਡਾ. ਅਜੇ ਕੁਮਾਰ, ਡਾ. ਰੀਤੂ, ਡਾ. ਅਮਰਿੰਦਰ ਸਿੰਘ, ਡਾ. ਜਗਜੀਤ ਸਿੰਘ, ਰਛਪਾਲ ਸਿੰਘ ਸਹਾਇਕ ਮਲੇਰੀਆਂ ਅਫ਼ਸਰ, ਹਰਭਜਨ ਕੌਰ ਫਾਰਮੇਸੀ ਅਫ਼ਸਰ, ਗੁਰਪ੍ਰੀਤ ਕੌਰ ਫਾਰਮੇਸੀ ਅਫ਼ਸਰ, ਆਸ਼ਾ ਰਾਣੀ ਰੇਡੀਓ ਗ੍ਰਾਫ਼ਰ, ਕੁਲਵੰਤ ਸਿੰਘ ਲੈਬ ਟੈਕਨੀਸ਼ਨ, ਦਲੀਪ ਰਾਜ ਹੈਲਥ ਇੰਸਪੈਕਟਰ, ਜਗਦੀਸ਼ ਸਿੰਘ ਐਚਆਈ, ਮਹਿੰਦਰਪਾਲ ਐਚਆਈ, ਦੀਪਕ ਅਕਾਊਂਟੈਂਟ, ਪਰਮਜੀਤ ਸਿੰਘ, ਕਮਲੇਸ਼ ਰਾਣੀ, ਭੁਪਿੰਦਰ ਸਿੰਘ ਬੀਈਈ, ਹਰਪ੍ਰੀਤ ਕੌਰ, ਸਵੀਟਾ, ਕੁਲਦੀਪ ਸਿੰਘ ਬੱਬੇਹਾਲੀ ਤੇ ਹੋਰ ਸਿਹਤ ਕਰਮਚਾਰੀ ਤੇ ਰਿਸ਼ਤੇਦਾਰ ਹਾਜ਼ਰ ਸਨ।

# ਗੁ. ਸਿੰਘ ਸਭਾ ਵਿਖੇ ਬੱਚਿਆਂ ਦਾ 16ਵਾਂ ਹਫਤਾਵਾਰੀ ਗੁਰਮਤਿ ਸਮਰ ਕੈਂਪ ਲਗਾਇਆ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸ਼੍ਰੋਮਣੀ ਕਮੇਟੀ ਹਲਕਾ ਬਟਾਲਾ ਤੋਂ ਧਾਰਮਿਕ ਨੁਮਾਇੰਦਗੀ ਕਰ ਰਹੇ ਧਾਰਮਿਕ ਆਗੂ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਿੰਘ ਸਭਾ ਕਾਦੀਆਂ ਵਿਖੇ ਗਰਮੀਆਂ ਦੀਆਂ ਛੁੱਟੀਆਂ ਵਿੱਚ 16ਵਾਂ ਹਫਤਾਵਾਰੀ ਬੱਚਿਆਂ ਦਾ ਗੁਰਮਤਿ ਸਮਰ ਕੈਂਪ ਲਗਾਇਆ। ਇਸ ਮੌਕੇ ਸਿਮਰਨਜੀਤ ਸਿੰਘ ਕੋਟ ਟੋਡਰ ਮੱਲ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਬਲਬੀਰ ਸਿੰਘ ਸੇਖਵਾਂ, ਭਾਈ ਪਲਵਿੰਦਰ ਸਿੰਘ ਪ੍ਰਚਾਰਕ, ਭਾਈ ਲਾਲ ਸਿੰਘ ਕਵੀਸਰ, ਭਾਈ ਪ੍ਰਸਾਂਤ ਸਿੰਘ, ਭਾਈ ਦਿਲਸ਼ੇਰ ਸਿੰਘ, ਭਾਈ ਕੰਵਲਜੀਤ ਸਿੰਘ ਅਤੇ ਭਾਈ ਗੁਰਪਿੰਦਰ ਸਿੰਘ ਨੇ ਬੱਚਿਆਂ ਨੂੰ ਸਿੱਖ ਧਰਮ ਦੇ ਮੁੱਢਲੇ ਸਿਧਾਂਤ, ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਬਾਣੀ ਤੇ ਰਹਿਤ ਮਰਿਆਦਾ ਦੀ ਮੁੱਢਲੀ ਸਿੱਖਿਆ ਦਿੱਤੀ। ਹਫਤਾਵਾਰੀ ਗੁਰਮਤਿ ਸਮਰ ਕੈਂਪ ਦੀ ਸੰਪੂਰਨਤਾ ਮੌਕੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਸਿੰਘ ਸਭਾ ਕਾਦੀਆਂ ਵਿਖੇ ਪਹੁੰਚ ਕੇ ਬੱਚਿਆਂ ਨੂੰ ਦਿੱਤੀ ਗਈ ਧਾਰਮਿਕ ਸਿੱਖਿਆ ਦੇ ਸਵਾਲ ਸੰਗਤਾਂ ਤੇ ਮਾਪਿਆਂ ਦੀ ਹਾਜ਼ਰੀ ਵਿੱਚ ਸੁਣੇ ਜਿਨ੍ਹਾਂ ਦੇ ਬੱਚਿਆਂ ਨੇ ਸਟੇਜ 'ਤੇ ਆ ਕੇ ਬਾਖੂਬੀ ਜਵਾਬ ਸੁਣਾਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ, ਬੱਚਿਆਂ ਦੇ ਮਾਤਾ-ਪਿਤਾ ਅਤੇ ਸੰਗਤਾਂ ਨੇ ਜਥੇਦਾਰ ਗੁਰਿੰਦਰਪਾਲ ਸਿੰਘ ਗੋਰਾ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਜਥੇਦਾਰ ਗੋਰਾ ਵੱਲੋਂ ਕਰਵਾਏ ਜਾ ਰਹੇ ਧਾਰਮਿਕ ਉਪਰਾਲੇ ਭਰਪੂਰ ਸ਼ਲਾਘਾਯੋਗ ਹਨ। ਅੰਤ ਵਿੱਚ ਜਥੇਦਾਰ ਗੋਰਾ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ, ਸੰਗਤਾਂ, ਮਾਪਿਆਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਸਾਹਿਬਾਨ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਗੁਰਮਤਿ ਸਮਰ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਮੈਡਲ, ਧਾਰਮਿਕ ਪੁਸਤਕਾਂ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਬਾਬਾ ਸਰਦਾਰਾ ਸਿੰਘ ਹੈਡ ਗ੍ਰੰਥੀ, ਤਰਲੋਕ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਕਰਤਾਰ ਸਿੰਘ ਬਾਜਵਾ ਸਰਪ੍ਰਸਤ, ਸੁਰਜੀਤ ਸਿੰਘ ਨਾਗੀ ਜਨਰਲ ਸਕੱਤਰ, ਚੈਨ ਸਿੰਘ, ਸੁਖਦੀਪ ਸਿੰਘ ਸੰਧੂ, ਸੁਖਜਿੰਦਰ ਸਿੰਘ ਰਾਜੂ ਖਜਾਨਚੀ, ਕੁਲਵੰਤ ਸਿੰਘ, ਬਲਦੇਵ ਸਿੰਘ, ਰਤਨ ਸਿੰਘ, ਡਾਕਟਰ ਬੰਟੀ ਬਾਜਵਾ ਅਤੇ ਸਿਮਰਤਪਾਲ ਸਿੰਘ ਭਾਟੀਆ ਆਦਿ ਨਗਰ ਦੇ ਮੋਹਤਬਰ, ਸੰਗਤਾਂ ਅਤੇ ਬੱਚਿਆਂ ਦੇ ਮਾਤਾ-ਪਿਤਾ ਤੇ ਪਰਿਵਾਰਕ ਮੈਂਬਰ ਹਾਜ਼ਰ ਸਨ।

## ਉੱਜ ਦਰਿਆ 'ਚ 2 ਲੱਖ ਕਿਊਸਿਕ ਪਾਣੀ ਛੱਡਿਆ



**ਧਾਰੀਵਾਲ/ਗੁਰਦਾਸਪੁਰ, (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)**-ਬੀਤੇ ਦਿਨ ਤੋਂ ਮੈਦਾਨੀ ਤੇ ਪਹਾੜੀ ਖੇਤਰਾਂ ਵਿੱਚ ਹੋ ਰਹੀ ਲਗਾਤਾਰ ਭਾਰੀ ਬਾਰਸ਼ ਕਾਰਨ ਦਰਿਆਵਾਂ ਅਤੇ ਨਾਲਿਆਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ ਜਿਸ ਤਹਿਤ ਉੱਜ ਦਰਿਆ ਵਿੱਚ ਅੱਜ 2 ਲੱਖ ਕਿਊਸਿਕ ਪਾਣੀ ਛੱਡਿਆ ਗਿਆ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਉੱਜ ਦਰਿਆ ਵਿੱਚ ਛੱਡਿਆ ਗਿਆ 2 ਲੱਖ ਕਿਊਸਿਕ ਪਾਣੀ ਅੱਜ ਸਵੇਰੇ 10:00 ਵਜੇ ਮਕੌੜਾ ਪੱਤਣ ਕੋਲ ਰਾਵੀ ਰਦਿਆ ਵਿੱਚ ਆਣ ਮਿਲੇਗਾ ਅਤੇ ਕਰੀਬ ਦੁਪਹਿਰ 12:00 ਧਰਮਕੋਟ ਪੱਤਣ, ਘੋਨੇਵਾਲ (ਡੇਰਾ ਬਾਬਾ ਨਾਨਕ) ਤੱਕ ਪਹੁੰਚ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦਰਿਆ ਉੱਜ ਅਤੇ ਰਾਵੀ ਦੇ ਨੇੜੇ ਰਹਿੰਦੀ ਵਸੋਂ ਨੂੰ ਸਾਵਧਾਨ ਕਰਦਿਆਂ ਕਿਹਾ ਹੈ ਕਿ ਉਹ ਉੱਜ ਤੇ ਰਾਵੀ ਦਰਿਆ ਦੇ ਹੜ੍ਹ ਪ੍ਰਭਾਵਤ ਖੇਤਰਾਂ ਤੋਂ ਘੱਟੋ-ਘੱਟ 200 ਮੀਟਰ ਦੂਰ ਰਹਿਣ ਅਤੇ ਨਾਲ ਹੀ ਆਪਣੇ ਜਾਨਵਰਾਂ ਆਦਿ ਨੂੰ ਸੁਰੱਖਿਅਤ ਥਾਵਾਂ 'ਤੇ ਲੈ ਜਾਣ। ਉਨ੍ਹਾਂ ਕਿਹਾ ਕਿ ਕਿਸੇ ਵੀ ਹੜ੍ਹ ਵਰਗੀ ਸਥਿਤੀ ਦੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਟੋਲ ਫਰੀ ਨੰਬਰ 1800-180-1852 ਜਾਂ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਉੱਪਰ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਅਜਿਹੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰਾਂ ਤਿਆਰ ਹੈ।

## ਗੁ. ਬਾਬਾ ਅਟੱਲ ਰਾਇ ਜੀ ਵਿਖੇ ਕੜਾਹ ਪ੍ਰਸ਼ਾਦ ਦੇ ਕਾਊਂਟਰ ਦਾ ਧਾਮੀ ਵੱਲੋਂ ਉਦਘਾਟਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਵਿਖੇ ਕੜਾਹ ਪ੍ਰਸ਼ਾਦ ਦੇ ਨਵੇਂ ਬਣੇ ਕਾਊਂਟਰਾਂ ਦਾ ਉਦਘਾਟਨ ਕੀਤਾ। ਕੜਾਹ ਪ੍ਰਸ਼ਾਦ ਦੇ ਇਹ ਕਾਊਂਟਰ ਕਾਰ ਸੇਵਾ ਹੰਸਾਲੀ ਵਾਲਿਆਂ ਵੱਲੋਂ ਡਾ. ਧਰਮਜੀਤ ਸਿੰਘ ਦੀ ਨਿਗਰਾਨੀ ਹੇਠ ਤਿਆਰ ਕਰਵਾਏ ਗਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਰੋਜ਼ਾਨਾ ਲੱਖਾਂ ਦੀ ਗਿਣਤੀ 'ਚ ਸੰਗਤਾਂ ਆਉਂਦੀਆਂ ਹਨ, ਜੋ ਗੁਰਦੁਆਰਾ ਬਾਬਾ ਅਟੱਲ ਰਾਇ ਜੀ ਵਿਖੇ ਵੀ ਸ਼ਰਧਾ ਨਾਲ ਨਤਮਸਤਕ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਸੰਗਤਾਂ ਦੀ ਸਹੂਲਤ ਲਈ ਕੜਾਹ ਪ੍ਰਸ਼ਾਦ ਦੇ ਕਾਊਂਟਰ ਤਿਆਰ ਕਰਨ ਦੀ ਕਾਰ ਸੇਵਾ ਡਾ. ਧਰਮਜੀਤ ਸਿੰਘ ਹੰਸਾਲੀ ਵਾਲਿਆਂ ਨੂੰ ਸੌਂਪੀ ਗਈ ਸੀ, ਜਿਸ ਦੀ ਸੰਪੂਰਨਤਾ 'ਤੇ ਅੱਜ ਇਹ ਕਾਊਂਟਰ ਸੰਗਤਾਂ ਲਈ ਕਾਰਜਸ਼ੀਲ ਕਰ ਦਿੱਤੇ ਗਏ ਹਨ। ਉਨ੍ਹਾਂ ਸੇਵਾਵਾਂ ਲਈ ਡਾ. ਧਰਮਜੀਤ ਸਿੰਘ ਅਤੇ ਸੰਗਤਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਡਾ. ਧਰਮਜੀਤ ਸਿੰਘ ਹੰਸਾਲੀ ਵਾਲੇ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਸਿਮਰਜੀਤ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪਰਡੰਟ ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਨਰਿੰਦਰ ਸਿੰਘ ਅਤੇ ਹੋਰ ਮੌਜੂਦ ਸਨ।

# ਭਾਈ ਤਾਰੂ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਦਸਤਾਰ, ਦੁਮਾਲਾ ਤੇ ਪੇਂਟਿੰਗ ਮੁਕਾਬਲੇ 13 ਨੂੰ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵਚਨਬੱਧ ਸੰਸਥਾ ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ ਏ ਦਸਤਾਰ ਲਹਿਰ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਸਿੱਖੀ ਨੂੰ ਕੇਸਾਂ-ਸੁਆਸਾਂ ਨਾਲ ਨਿਭਾ ਕੇ ਅਦੁੱਤੀ ਸ਼ਹਾਦਤ ਦੇਣ ਵਾਲੇ ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਭਾਈ ਤਾਰੂ ਸਿੰਘ ਜੀ ਦੇ ਅਸਥਾਨ ਪਿੰਡ ਪੂਹਲਾ ਵਿਖੇ ਮਿਤੀ 13 ਜੁਲਾਈ ਨੂੰ ਬੱਚਿਆਂ ਦੇ ਦਸਤਾਰ, ਦੁਮਾਲਾ ਅਤੇ ਪੇਂਟਿੰਗ ਮੁਕਾਬਲਿਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਨ੍ਹਾਂ ਮੁਕਾਬਲਿਆਂ 'ਚ ਬੱਚਿਆਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਭਿੱਖੀਵਿੰਡ, ਦਿਆਲਪੁਰ, ਝਬਾਲ, ਖਾਲੜਾ ਅਤੇ ਹੋਰ ਨੇੜੇ ਦੇ ਸਕੂਲਾਂ ਨੂੰ ਸੱਦੇ ਪੱਤਰ ਭੇਜੇ ਗਏ ਹਨ। ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਪ੍ਰੋ. ਗੁਰਸੇਵਕ ਸਿੰਘ ਬੋਪਾਰਾਏ, ਜੋਨਲ ਇੰਚਾਰਜ ਭਿੱਖੀਵਿੰਡ ਭਾਈ ਨਿਰਮਲ ਸਿੰਘ ਸੁਰਸਿੰਘ, ਸਿੱਖ ਪ੍ਰਚਾਰਕ ਭਾਈ ਜਗਜੀਤ ਸਿੰਘ ਅਹਿਮਦਪੁਰ ਅਤੇ ਖਜਾਨਚੀ ਮਨਦੀਪ ਸਿੰਘ ਘੋਲੀਆ ਕਲਾਂ, ਭਾਈ ਹੀਰਾ ਸਿੰਘ ਸੋਹਲ ਅਤੇ ਗੁਰਜੰਟ ਸਿੰਘ ਭਿੱਖੀਵਿੰਡ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਬਜ਼ਰਵਰ ਭਾਈ ਜਗੀਰ ਸਿੰਘ ਨੂੰ ਪ੍ਰੋਗਰਾਮ ਕਰਵਾਉਣ ਪ੍ਰਤੀ ਪੱਤਰ ਦੇਣ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਪ੍ਰੋਗਰਾਮ 'ਚ ਇਲਾਕੇ ਦੇ ਸਕੂਲ ਵਰਦੇ ਮੀਂਹ ਵਿੱਚ ਬੱਚਿਆਂ ਨੂੰ ਮੁਕਾਬਲਿਆਂ ਲਈ ਲੈ ਕੇ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਸੁਸਾਇਟੀ ਵੱਲੋਂ ਮੁਕਾਬਲਿਆਂ 'ਚ ਭਾਗ ਲੈਣ ਵਾਲੇ ਬੱਚਿਆਂ ਲਈ ਖਾਣ-ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਸਾਡਾ ਮਕਸਦ ਬੱਚਿਆਂ ਨੂੰ ਆਪਣੀ ਕਲਾ ਨੂੰ ਪ੍ਰਦਰਸ਼ਿਤ ਕਰਨ ਲਈ ਪਲੇਟਫਾਰਮ ਦੇਣਾ ਹੈ। ਉਨ੍ਹਾਂ ਕਿਹਾ ਕਿ ਪਵਿੱਤਰ ਕੇਸਾਂ ਖਾਤਿਰ ਭਾਈ ਤਾਰੂ ਸਿੰਘ ਜੀ ਨੇ ਆਪਣੇ ਖੋਪਰੀ ਲੁਹਾਈ ਸੀ ਅਤੇ ਇਨ੍ਹਾਂ ਕੇਸਾਂ ਅਤੇ ਦਸਤਾਰਾਂ ਦੀ ਮਹਾਨਤਾ ਦਰਸਾਉਣ ਲਈ ਹੀ ਸੁਸਾਇਟੀ ਪਿਛਲੇ ਸਾਲ ਤੋਂ ਨਿਰੰਤਰ ਯਤਨ ਕਰਦੀ ਆ ਰਹੀ ਹੈ ਤੇ ਇਨ੍ਹਾਂ ਯਤਨਾਂ ਦੇ ਨਤੀਜਿਆਂ ਦਾ ਸਬੂਤ ਬੱਚਿਆਂ ਦਾ ਸਿੱਖੀ ਸਰੂਪ ਵੱਲ ਮੁੜਨਾ ਹੈ। ਇਸ ਮੌਕੇ ਉਨ੍ਹਾਂ ਇਲਾਕਾ ਨਿਵਾਸੀਆਂ ਨੂੰ ਆਪਣੇ ਬੱਚਿਆਂ ਨੂੰ ਇਨ੍ਹਾਂ ਮੁਕਾਬਲਿਆਂ 'ਚ ਭਾਗ ਦਿਵਾਉਣ ਦੀ ਅਪੀਲ ਕੀਤੀ। ਇਸ ਮੌਕੇ ਸਹਿਯੋਗੀ ਭਾਈ ਹਰਜੀਤ ਸਿੰਘ ਪੱਟੀ, ਦਸਤਾਰ ਕੋਚ ਹਰਜੀਤ ਸਿੰਘ ਲਹਿਰੀ, ਹਰਪ੍ਰੀਤ ਸਿੰਘ ਪੱਟੀ, ਸੰਦੀਪ ਸਿੰਘ ਧਾਰੀਵਾਲ, ਅਕਾਸ਼ਦੀਪ ਸਿੰਘ ਪੱਟੀ, ਜਸਨਪ੍ਰੀਤ ਸਿੰਘ, ਵਾਰਿਸਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ।

## ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਸਥਿਤ ਗੁਰਦੁਆਰਾ ਸ਼ਹੀਦ ਬੁੰਗਾ ਵਿਖੇ ਕਮਰੇ ਨੂੰ ਨਵਿਆਉਣ ਉਪਰੰਤ ਅੱਜ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ। ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ। ਇਸ ਸੰਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿਚ ਕਈ ਇਤਿਹਾਸਕ ਅਸਥਾਨ ਮੌਜੂਦ ਹਨ, ਜਿਨ੍ਹਾਂ ਵਿਚੋਂ ਇਕ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਯਾਦ ਨਾਲ ਸਬੰਧਤ ਸ਼ਹੀਦ ਬੁੰਗਾ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਬੁੰਗੇ ਨਾਲ ਸਬੰਧਤ ਇਸ ਕਮਰੇ ਨੂੰ ਨਵਿਆਉਣ ਦੀ ਸੇਵਾ ਭਾਈ ਪ੍ਰਭਜੀਤ ਸਿੰਘ ਦੇ ਸਪੁੱਤਰਾਂ ਭਾਈ ਸੁਵਿੰਦਰਪਾਲ ਸਿੰਘ, ਭਾਈ ਇੰਦਰਪਾਲ ਸਿੰਘ ਤੇ ਭਾਈ ਗੁਰਬਖ਼ਸ਼ੀਸ਼ ਸਿੰਘ ਵੱਲੋਂ ਕਰਵਾਈ ਗਈ ਹੈ। ਇਸ ਮੌਕੇ ਸੇਵਾ ਕਰਨ ਵਾਲੇ ਪਰਿਵਾਰ ਨੇ ਕਮਰੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸਿੰਘ ਸਾਹਿਬਾਨ ਨੂੰ ਸੌਂਪੀਆਂ। ਸ਼੍ਰੋਮਣੀ ਕਮੇਟੀ ਵੱਲੋਂ ਭਾਈ ਪ੍ਰਭਜੀਤ ਸਿੰਘ ਦੇ ਪਰਿਵਾਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਸਕਿਊਰਿਟੀ ਗਾਰਡਾਂ ਦੀ ਸਿੱਧੀ ਭਰਤੀ ਲਈ 12 ਤੋਂ 25 ਤੱਕ ਲੱਗਣਗੇ ਪਲੇਸਮੈਂਟ ਕੈਂਪ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਜ਼ਿਲਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਹੁਸ਼ਿਆਰਪੁਰ ਵੱਲੋਂ ਵਿੱਚ ਐਸ. ਆਈ. ਐਸ ਸਕਿਊਰਿਟੀ ਵਿਚ ਭਰਤੀ ਲਈ ਮਿਤੀ 12 ਜੁਲਾਈ ਤੋਂ 25 ਜੁਲਾਈ ਤੱਕ ਹੁਸ਼ਿਆਰਪੁਰ ਜਿਲ੍ਹੇ ਦੇ ਬਲਾਕ ਪੱਧਰ 'ਤੇ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ। ਇਹ ਪਲੇਸਮੈਂਟ ਕੈਂਪ ਮਿਤੀ 12 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਗੜ੍ਹਸ਼ੰਕਰ, 13 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਹੁਸ਼ਿਆਰਪੁਰ—2, 14 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਹੁਸ਼ਿਆਰਪੁਰ—1, 17 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਭੂੰਗਾ, 18 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਮੁਕੇਰੀਆਂ, 19 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਦਸੂਹਾ, 20 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਟਾਂਡਾ, 21 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਤਲਵਾੜਾ, 24 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਹਾਜ਼ੀਪੁਰ ਅਤੇ 25 ਜੁਲਾਈ 2023 ਨੂੰ ਬੀ.ਡੀ.ਪੀ.ਓ. ਦਫਤਰ ਮਾਹਿਲਪੁਰ ਵਿਖੇ ਸਵੇਰੇ 9:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਲਗਾਏ ਜਾਣਗੇ। ਪਲੇਸਮੈਂਟ ਕੈਂਪ ਵਿੱਚ ਕੰਪਨੀ ਵਲੋਂ ਕੇਵਲ ਲੜਕਿਆਂ (ਮੇਲ) ਦੀ ਸਕਿਊਰਿਟੀ ਗਾਰਡ ਦੀਆਂ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ, ਜਿਨ੍ਹਾਂ ਨੂੰ ਤਨਖਾਹ 14000—16000 ਰੁਪਏ ਮਿਲਣਯੋਗ ਹੋਵੇਗੀ। ਇਸ ਭਰਤੀ ਲਈ ਪੜ੍ਹਾਈ ਘੱਟੋ—ਘੱਟ ਦਸਵੀਂ ਪਾਸ, ਉਮਰ 21 ਤੋਂ 37 ਸਾਲ, ਕੱਦ 5 ਫੁੱਟ 6 ਇੰਚ ਹੋਣਾ ਲਾਜ਼ਮੀ ਹੈ। ਕੰਪਨੀ ਵਲੋਂ ਤਨਖਾਹ ਤੋਂ ਇਲਾਵਾ ਕਈ ਹੋਰ ਵਾਧੂ ਸਹੂਲਤਾਂ ਜਿਵੇਂ ਕਿ ਪੀ. ਐਫ ਅਤੇ ਈ. ਐਸ. ਆਈ. ਸੀ ਆਦਿ ਮੁਹੱਈਆ ਕਰਵਾਈਆ ਜਾਣਗੀਆ।

## ਮੋਟਰਸਾਈਕਲ ਤੇ ਐਕਟਿਵਾ ਸਮੇਤ ਚੋਰ ਕਾਬੂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਤਾਜ ਸਿੰਘ ਚਾਹਲ ਸੀਨੀਅਰ ਪੁਲਿਸ ਕਪਤਾਨ ਜ਼ਿਲ੍ਹਾ ਹੁਸ਼ਿਆਰਪੁਰ ਦੀ ਹਦਾਇਤ ਅਤੇ ਪਲਵਿੰਦਰ ਸਿੰਘ ਉਪ ਪੁਲਸ ਕਪਤਾਨ (ਸਿਟੀ) ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੋਰੀਆਂ ਅਤੇ ਲੁੱਟਾਂ ਖੋਹਾਂ ਦੀ ਰੋਕਥਾਮ ਲਈ ਵਿੱਢੀ ਮੁਹਿੰਮ ਤਹਿਤ ਇੰਸਪੈਕਟਰ ਕਰਨੈਲ ਸਿੰਘ ਮੁੱਖ ਅਫਸਰ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦੀ ਨਿਗਰਾਨੀ ਹੇਠ ਏ ਐਸ ਆਈ ਸੰਜੀਵ ਸਿੱਧੂ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਸਮੇਤ ਸਾਥੀ ਕਰਮਚਾਰੀਆਂ ਦੌਰਾਨੇ ਗਸ਼ਤ ਕੇ ਐਫ ਸੀ ਚੌਂਕ ਤੇ ਨਾਕਾਬੰਦੀ ਕਰਕੇ ਨਸਰਾਲਾ ਸਾਈਡ ਵੱਲੋਂ ਮੋਟਰਸਾਈਕਲ ਮਾਰਕਾ ਹੀਰੋ ਹਾਂਡਾ ਸਪਲੈਂਡਰ ਸਵਾਰ ਹੋ ਕੇ ਆ ਰਹੇ ਅਜੇ ਕੁਮਾਰ ਬਿੱਲੂ ਪੁੱਤਰ ਸਵਰਨ ਸਿੰਘ ਵਾਸੀ ਫੰਬੀਆਂ ਥਾਣਾ ਬਲੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਬੀਰਬਲ ਕੁਮਾਰ ਉਰਫ ਨੀਰੂ ਪੁੱਤਰ ਸ਼ੰਕਲ ਲਾਲ ਵਾਸੀ ਮੁਹੱਲਾ ਕਮਾਲਪੁਰ, ਨੇੜੇ ਸਕੈਨ ਸੈਂਟਰ ਥਾਣਾ ਮਾਡਲ ਟਾਊਨ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਸਮੇਤ ਮੋਟਰਸਾਈਕਲ ਕਾਬੂ ਕੀਤਾ । ਜਿਨ੍ਹਾਂ ਨੇ ਦੱਸਣ 'ਤੇ ਮੋਟਰਸਾਈਕਲ ਦੀ ਮਾਲਕੀ ਬਾਰੇ ਕੋਈ ਤਸੱਲੀਬਖਸ਼ ਜਵਾਬ ਨਾ ਦਿੱਤਾ। ਡੂੰਘਾਈ ਨਾਲ ਪੁੱਛਗਿੱਛ ਕਰਨ 'ਤੇ ਇਨ੍ਹਾਂ ਨੇ ਮੰਨਿਆ ਕਿ ਇਹ ਮੋਟਰਸਾਈਕਲ ਅਤੇ ਇੱਕ ਐਕਟਿਵਾ ਸਕੂਟਰੀ ਚੋਰੀ ਕੀਤੇ ਹਨ ਜੋ ਮੌਕੇ 'ਤੇ ਬਰਾਮਦ ਕੀਤੇ ਗਏ। ਜਿਸ 'ਤੇ ਮੁਕੱਦਮਾ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਦਰਜ ਕੀਤਾ ਗਿਆ ਹੈ। ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਕੀਤੀਆਂ ਗਈਆਂ ਹੋਰ ਵਾਰਦਾਤਾਂ ਬਾਰੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

## ਪੀ ਐੱਮ ਕਿਸਾਨ ਯੋਜਨਾ ਦੇ ਲਾਭਪਾਤਰੀਆਂ ਲਈ ਪਿੰਡ ਧਰਮੂਚੱਕ ਵਿਖੇ ਕੈਂਪ ਆਯੋਜਿਤ



**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**—ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਜਤਿੰਦਰ ਸਿੰਘ ਗਿੱਲ ਦੇ ਦਿਸ਼ਾ ਨਿਰਦੇਸ਼ ਅਤੇ ਬਲਾਕ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਰਿਆੜ ਦੀ ਅਗਵਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਬਲਾਕ ਤਰਸਿੱਕਾ ਵੱਲੋ ਪੀ. ਐੱਮ. ਕਿਸਾਨ ਲਾਭਪਾਤਰੀਆਂ ਦੀ ਈਕੇਵਾਈਸੀ ਕਰਵਾਉਣ ਲਈ ਕਿਸਾਨ ਕੈਂਪ ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਜਤਿੰਦਰ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਪੀ. ਐਮ. ਕਿਸਾਨ ਲਾਭਪਾਤਰੀ ਕਿਸਾਨਾਂ ਦੀ ਈਕੇਵਾਈਸੀ ਕਰਾਵਉਣਾ ਬਹੁਤ ਜ਼ਰੂਰੀ ਹੈ ਤਾ ਜੋ ਉਨ੍ਹਾਂ ਦੀਆਂ ਕਿਸ਼ਤਾਂ ਸਮੇਂ ਸਿਰ ਖਾਤਿਆਂ ਵਿਚ ਪੈ ਸਕਨ। ਈਕੇਵਾਈਸੀ ਨਾ ਕਰਵਾਉਣ ਕਾਰਣ ਬਹੁਤ ਸਾਰੇ ਕਿਸਾਨਾਂ ਦੀ ਕਿਸ਼ਤ ਰੁਕੀ ਹੋਈ ਹੈ ਅਤੇ ਅੰਮ੍ਰਿਤਸਰ ਜ਼ਿਲੇ ਵਿਚ 62% ਪ੍ਰਤੀਸ਼ਤ ਕਿਸਾਨਾਂ ਦੀ ਕਿਸ਼ਤ ਇਸੇ ਕਾਰਣ ਉਨ੍ਹਾਂ ਦੇ ਖਾਤਿਆਂ ਵਿਚ ਨਹੀਂ ਜਾ ਰਹੀ। ਕਿਸਾਨਾਂ ਵਿਚ ਜਾਗਰੂਕਤਾ ਪੈਦਾ ਕਰਨ ਅਤੇ ਮੌਕੇ ਉੱਤੇ ਹੀ ਉਨ੍ਹਾਂ ਦੀ ਈਕੇਵਾਈਸੀ ਕਰਨ ਲਈ ਵਿਭਾਗ ਵੱਲੋਂ ਵੱਖ-ਵੱਖ ਪਿੰਡਾਂ ਵਿਚ ਇਹ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਕਿਸਾਨ ਇਸ ਸਕੀਮ ਦਾ ਲਾਭ ਪ੍ਰਾਪਤ ਕਰਦੇ ਰਹਿ ਸਕਨ। ਇਸ ਤੋਂ ਇਲਾਵਾ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਲਾਗਲੇ ਸੁਵਿਧਾ ਸੈਂਟਰ ਵਿਚ ਵੀ ਈਕੇਵਾਈਸੀ ਕਰਵਾ ਸਕਦੇ ਹਨ ਅਤੇ ਕਈ ਕਿਸਾਨਾਂ ਦੀ ਜ਼ਮੀਨ ਦੀ ਵੈਰੀਫਿਕੇਸ਼ਨ ਦੌਰਾਨ ਲੈਂਡ ਸੀਡਿੰਗ ਨਹੀਂ ਹੋਈ ਉਹ ਕਿਸਾਨ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਨ। ਉਨ੍ਹਾਂ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕੀਤੀ ਗਈ ਅਤੇ ਕਿਹਾ ਕਿ ਕਸਾਨ ਹੁਣ ਤੋਂ ਹੀ ਇਸਦੇ ਪ੍ਰਬੰਧ ਲਈ ਵਿਉਂਤਬੰਦੀ ਕਰਨ। ਇਸ ਦੌਰਾਨ ਡਾ. ਸੁਖਰਾਜ਼ਬੀਰ ਸਿੰਘ ਖੇਤੀਬਾੜੀ ਅਫਸਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਫੁਰਮਾਨ ਮੁਤਾਬਿਕ ਖੇਤੀਬਾੜੀ ਵਿਭਾਗ ਪਿੰਡਾਂ ਵਿਚ ਕਿਸਾਨਾਂ ਕੋਲ ਆਪ ਪਹੁੰਚ ਕਰਕੇ ਹਰ ਸੰਭਵ ਮਦਦ ਕਰ ਰਿਹਾ ਹੈ ਤਾਂ ਜੋ ਕਿਸਾਨਾਂ ਨੂੰ ਕਿਸੇ ਮੁਸ਼ਕਿਲ ਦਾ ਸਾਮ੍ਹਣਾ ਨਾ ਕਰਨਾ ਪੈ ਸਕੇ। ਇਸ ਮੌਕੇ ਡਾ. ਹਰਮਨਜੀਤ ਸਿੰਘ ਅਤੇ ਡਾ. ਸੁਖਵੰਤ ਸਿੰਘ ਨੇ ਫਸਲਾਂ ਦੀ ਮਾਰਕੀਟਿੰਗ ਬਾਰੇ ਵੀ ਦੱਸਿਆ। ਅੰਤ ਵਿਚ ਬਲਾਕ ਖੇਤੀਬਾੜੀ ਅਫਸਰ ਡਾ. ਗੁਰਮੀਤ ਸਿੰਘ ਨੇ ਆਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਇਸ ਸਾਲ ਬਾਸਮਤੀ ਤੇ ਬੈਨ ਦਵਾਈਆਂ ਨਾ ਵਰਤਣ ਲਈ ਅਪੀਲ ਕੀਤੀ। ਇਸ ਮੌਕੇ ਰਿਟਾਇਰਡ ਕਮਾਂਡੈਂਟ ਲਖਬੀਰ ਸਿੰਘ ਰੰਧਾਵਾ, ਅਮਰਜੀਤ ਸਿੰਘ ਰੰਧਾਵਾ ਸਾਬਕਾ ਬੈਂਕ ਅਧਿਕਾਰੀ, ਸਰਪੰਚ ਸ਼ੰਕਰ ਸਿੰਘ ਅਤੇ ਖੇਤੀਬਾੜੀ ਵਿਭਾਗ ਵੱਲੋਂ ਏਡੀਓ ਸਤਵਿੰਦਰਬੀਰ ਸਿੰਘ, ਏਡੀਓ ਹਰਉਪਿੰਦਰਜੀਤ ਸਿੰਘ, ਗੁਰਪਰੀਤ ਕੌਰ ਏਈਓ, ਜਗਤਾਰ ਸਿੰਘ, ਬੀਟੀਐਮ ਬਲਜਿੰਦਰ ਸਿੰਘ ਅਤੇ ਏਟੀਐਮ ਜਸਬੀਰ ਸਿੰਘ, ਗੁਰਦੀਪ ਸਿੰਘ, ਹਰਮਨ ਸਿੰਘ, ਗੁਰਸੇਵਕ ਸਿੰਘ (ਸੁਪਰਵਾਈਜ਼ਰ) ਹਾਜ਼ਰ ਸਨ।

## ਮੀਂਹ ਕਾਰਨ ਨੁਕਸਾਨੀਆਂ ਫਸਲਾਂ ਦਾ ਡੀਸੀ ਤਰਨਤਾਰਨ ਨੇ ਲਿਆ ਜਾਇਜ਼ਾ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-ਅੱਡਾ ਝਬਾਲ ਵਿੱਚੋਂ ਲੰਘਦੀ ਡਰੇਨ ਦੀ ਸਬੰਧਿਤ ਮਹਿਕਮੇ ਵੱਲੋਂ ਸਮੇਂ ਸਿਰ ਸਫਾਈ ਨਾ ਕਰਵਾਉਣ ਕਰਕੇ ਇਸ ਵਿੱਚ ਉੱਗੀ ਬੂਟੀ ਕਾਰਨ ਮੀਂਹ ਦਾ ਪਾਣੀ ਖੇਤਾਂ ਵਿੱਚ ਭਰ ਜਾਣ ਨਾਲ ਕਿਸਾਨਾਂ ਦੀ ਹਜ਼ਾਰਾਂ ਏਕੜ ਤਬਾਹ ਹੋਈ ਫਸਲਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਬਲਦੀਪ ਕੌਰ ਕਸਬਾ ਝਬਾਲ ਵਿਖੇ ਪੁੱਜੇ। ਇਸ ਮੌਕੇ ਉਨ੍ਹਾਂ ਨੇ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਹੋਈਆਂ ਫਸਲਾਂ ਅਤੇ ਡਰੇਨ ਵਿੱਚ ਉੱਗੀ ਬੂਟੀ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਡਰੇਨ ਦੀ ਸਮੇਂ ਸਿਰ ਸਫਾਈ ਨਾ ਹੋਣ ਦੇ ਕਾਰਨਾਂ ਦਾ ਸਬੰਧਿਤ ਮਹਿਕਮੇ ਵੱਲੋਂ ਪਤਾ ਲਗਾ ਕੇ ਅਣਗਹਿਲੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਡਾ ਝਬਾਲ ਵਿੱਚ ਦੁਕਾਨਦਾਰਾਂ ਵੱਲੋਂ ਡਰੇਨ ਦੀ ਜਗ੍ਹਾ ਤੇ ਕੀਤੇ ਗਏ ਕਬਜ਼ਿਆਂ ਨੂੰ ਹਟਾ ਕੇ ਪਾਣੀ ਦੀ ਨਿਕਾਸੀ ਵਿੱਚ ਰੁਕਾਵਟ ਪੈਦਾ ਕਰ ਰਹੀ ਬੂਟੀ ਨੂੰ ਬਾਹਰ ਕੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਡਰੇਨ ਦੀ ਸਫਾਈ ਸਬੰਧੀ ਮਹਿਕਮੇ ਵੱਲੋਂ ਵਰਤੀ ਗਈ ਅਣਗਹਿਲੀ ਦੇ ਕਾਰਨਾਂ ਦਾ ਪਤਾ ਲਗਾਇਆਂ ਜਾਵੇਗਾ। ਭਾਵੇਂ ਕਿ ਡਰੇਨ ਦੀ ਸਫਾਈ ਲਈ ਕਿਸਾਨਾਂ ਵੱਲੋਂ ਲਗਾਏ ਗਏ ਧਰਨਿਆਂ ਤੋਂ ਬਾਅਦ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਵੱਲੋਂ ਬੂਟੀ ਬਾਹਰ ਕੱਢਣ ਲਈ ਮਸ਼ੀਨਾਂ ਲਗਾਈਆਂ ਗਈਆਂ ਹਨ ਪਰ ਪਾਣੀ ਦੇ ਤੇਜ਼ ਵਹਾਅ ਕਾਰਨ ਬਾਹਰ ਕੱਢੀ ਗਈ ਬੂਟੀ ਮੁੜ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਬਚੀਆਂ ਫਸਲਾਂ ਦਾ ਨੁਕਸਾਨ ਕਰ ਰਹੀ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਜਸਵਿੰਦਰ ਸਿੰਘ, ਐਕਸੀਅਨ ਵਿਸ਼ਾਲ ਮਹਿਤਾ, ਸਬ ਇੰਸਪੈਕਟਰ ਕੇਵਲ ਸਿੰਘ ਸਮੇਤ ਮਾਲ ਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਹਾਜ਼ਰ ਸਨ।

## ਭਾਰਤੀ ਮੂਲ ਦੀ ਅਰਾਧਿਆ ਸ਼ਰਮਾ ਨੇ ਨਿਊਜ਼ੀਲੈਂਡ 'ਚ ਕੀਤਾ ਕੀਰਤੀਮਾਨ ਸਥਾਪਤ



**ਗੁਰਦਾਸਪੁਰ, (ਜਨਕ ਮਹਾਜਨ)**-ਨਿਊਜ਼ੀਲੈਂਡ ਦੇ ਸ਼ਹਿਰ ਹੈਸਟਿੰਗ ਦੇ 150ਵੇਂ ਦਿਵਸ 'ਤੇ ਦੱਬੇ ਗਏ ਟਾਈਮ ਕੈਪਸੂਲ ਵਿਚ ਭਾਰਤੀ ਮੂਲ ਦੀ ਪੰਜਵੀਂ ਜਮਾਤ ਵਿਚ ਪੜ੍ਹਦੀ ਲੜਕੀ ਅਰਾਧਿਆ ਸ਼ਰਮਾ ਦੇ ਲਿਖੇ ਪੱਤਰ ਦੇ ਸ਼ਾਮਿਲ ਹੋਣ ਨਾਲ ਭਾਰਤ, ਪੰਜਾਬ, ਪੰਜਾਬੀ ਭਾਈਚਾਰੇ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਹੋਇਆ ਹੈ। ਹੈਸਟਿੰਗ ਸ਼ਹਿਰ ਦੇ ਸੇਂਟ ਮੈਥਿਊ ਸਕੂਲ ਦੀ ਪੰਜਵੀਂ ਜਮਾਤ ਦੀ ਵਿਦਿਆਰਥਣ ਅਰਾਧਿਆ ਸ਼ਰਮਾ ਦੇ ਪਿਤਾ ਨਿਸ਼ਾਤ ਸ਼ਰਮਾ ਅਤੇ ਮਾਤਾ ਪ੍ਰਿਆ ਸ਼ਰਮਾ ਜੋ ਗੁਰਦਾਸਪੁਰ ਪੰਜਾਬ ਦੇ ਰਹਿਣ ਵਾਲੇ ਹਨ, ਨੇ ਦੱਸਿਆ ਕਿ ਉਹ ਆਪਣੀ ਬੇਟੀ ਅਰਾਧਿਆ ਸ਼ਰਮਾ ਨੂੰ ਲੈ ਕੇ ਸਾਲ 2013 ਵਿਚ ਨਿਊਜ਼ੀਲੈਂਡ ਆਏ ਸਨ। ਉਨ੍ਹਾਂ ਦੀ ਖ਼ੁਸ਼ੀ ਦਾ ਉਸ ਸਮੇਂ ਕੋਈ ਟਿਕਾਣਾ ਨਹੀਂ ਰਿਹਾ ਜਦੋਂ ਉਨ੍ਹਾਂ ਨੂੰ ਜ਼ਿਲ੍ਹਾ ਹੈਸਟਿੰਗ ਕੌਂਸਲ ਤੋਂ ਆਈ ਮੇਲ ਰਾਹੀਂ ਪਤਾ ਲੱਗਾ ਕਿ ਉਨ੍ਹਾਂ ਦੀ ਲੜਕੀ ਵੱਲੋਂ ਹੈਸਟਿੰਗ ਸ਼ਹਿਰ ਦੀ ਸਥਾਪਨਾ ਦੇ 150 ਸਾਲਾ ਸਮਾਗਮ ਮੌਕੇ ਜ਼ਮੀਨ ਵਿਚ ਜੁਲਾਈ 2023 ਨੂੰ ਦੱਬੇ ਜਾ ਰਹੇ ਟਾਈਮ ਕੈਪਸੂਲ ਜੋ 25 ਸਾਲ ਬਾਅਦ (ਜੁਲਾਈ, 2048) ਵਿਚ ਜ਼ਮੀਨ ਵਿਚੋਂ ਕੱਢਿਆ ਜਾਣਾ ਹੈ, ਵਿਚ ਲਿਖਿਆ ਪੱਤਰ ਸ਼ਾਮਿਲ ਕੀਤਾ ਗਿਆ ਹੈ। ਸਕੂਲਾਂ ਦੇ ਬੱਚਿਆਂ ਨੂੰ ਪੱਤਰ ਲਿਖਣ ਲਈ ਕਿਹਾ ਗਿਆ ਸੀ। ਇਨ੍ਹਾਂ ਲਿਖੇ ਹੋਏ ਪੱਤਰਾਂ ਵਿਚੋਂ ਜ਼ਿਲ੍ਹਾ ਕੌਂਸਲ ਵਲੋਂ ਦੋ ਪੱਤਰ ਚੁਣੇ ਗਏ, ਜਿਨ੍ਹਾਂ ਵਿਚੋਂ ਇੱਕ ਪੱਤਰ ਉਨ੍ਹਾਂ ਦੀ ਬੇਟੀ ਵੱਲੋਂ ਲਿਖਿਆ ਹੋਇਆ ਹੈ। ਅਰਾਧਿਆ ਸ਼ਰਮਾ ਦੇ ਮਾਤਾ-ਪਿਤਾ ਨੇ ਹੋਰ ਦੱਸਿਆ ਕਿ ਉਹ ਗੁਰਦਾਸਪੁਰ ਪੰਜਾਬ ਦੇ ਰਹਿਣ ਵਾਲੇ ਹਨ। ਇਸ ਸੰਬੰਧ ਵਿਚ ਇੱਕ ਸਮਾਗਮ ਹੈਸਟਿੰਗ ਸ਼ਹਿਰ ਦੇ ਕੋਰਨਵਾਲ ਪਾਰਕ ਵਿਚ ਹੋਇਆ ਜਿੱਥੇ ਟਾਈਮ ਕੈਪਸੂਲ ਦੱਬਿਆ ਗਿਆ। ਇਸ ਸਮਾਗਮ ਵਿਚ ਅਰਾਧਿਆ ਸ਼ਰਮਾ ਨੇ ਆਪਣਾ ਲਿਖਿਆ ਪੱਤਰ ਹੈਸਟਿੰਗ ਜ਼ਿਲ੍ਹਾ ਕੌਂਸਲ ਦੇ ਆਗੂਆਂ ਅਤੇ ਹਾਜ਼ਰੀਨ ਨੂੰ ਪੜ੍ਹ ਕੇ ਸੁਣਾਇਆ ਅਤੇ ਹੈਸਟਿੰਗ ਜ਼ਿਲ੍ਹਾ ਕੌਂਸਲ ਦੇ ਹਾਲ ਵਿਚ ਹੋਏ ਇੱਕ ਹੋਰ ਬਹੁਤ ਹੀ ਪ੍ਰਭਾਵਸ਼ਾਲੀ ਸਮਾਗਮ ਜਿਸ ਵਿਚ ਹੈਸਟਿੰਗ ਜ਼ਿਲ੍ਹਾ ਕੌਂਸਲ ਦੇ ਕੌਂਸਲਰ ਤੇ ਸ਼ਹਿਰ ਦੇ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ, ਦੌਰਾਨ ਪੜ੍ਹਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਰਾਧਿਆ ਸ਼ਰਮਾ ਦੇ ਨਾਲ ਉਸ ਦੇ ਸਕੂਲ ਦੀ ਅਧਿਆਪਕਾ, ਮਾਤਾ, ਪਿਤਾ, ਦਾਦੀ, ਦਾਦਾ ਅਤੇ ਛੋਟੀ ਭੈਣ ਅਰਵਿਕਾ ਸ਼ਰਮਾ ਵੀ ਹਾਜ਼ਰ ਸੀ।

## ਪੰਜਾਬੀ ਨੂੰ ਪੰਜਾਬ 'ਚ ਪਹਿਲ ਦੇਣ ਦੇ ਸਰਕਾਰੀ ਹੁਕਮਾਂ ਨੂੰ ਮੈਡੀਕਲ ਸੰਸਥਾਵਾਂ 'ਚ ਵੀ ਮਿਲ ਰਿਹਾ ਭਰਵਾਂ ਹੁੰਗਾਰਾ : ਡਾ. ਕਲਸੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੰਜਾਬ ਵਿੱਚ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਨੂੰ ਪਹਿਲ ਦੇਣ, ਦਫ਼ਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਕਰਨ ਅਤੇ ਬੋਰਡ ਤੇ ਨਾਮ-ਪੱਟੀਆਂ ਪੰਜਾਬੀ ਭਾਸ਼ਾ ਵਿੱਚ ਪਹਿਲ ਕਰਨ ਦੇ ਫ਼ੈਸਲੇ ਦੀ ਜ਼ਿਲ੍ਹਾ ਅੰਮ੍ਰਿਤਸਰ ਦੀਆਂ ਮੈਡੀਕਲ ਸੰਸਥਾਵਾਂ ਵਿੱਚ ਵੀ ਪਹਿਲ ਦੇ ਅਧਾਰ 'ਤੇ ਪਾਲਣਾ ਕਰਕੇ ਪੰਜਾਬੀ ਭਾਸ਼ਾ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਭਾਸ਼ਾ ਵਿਭਾਗ, ਪੰਜਾਬ ਦੀ ਅਗਵਾਈ ਹੇਠ ਅੰਮ੍ਰਿਤਸਰ ਦੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਨੈਸ਼ਨਲ ਐਵਾਰਡੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੰਜਾਬੀ ਭਾਸ਼ਾ ਵਿੱਚ ਕੀਤੇ ਕੰਮ-ਕਾਜ ਦੇ ਨਿਰੀਖਣ ਹਿੱਤ ਉਨ੍ਹਾਂ ਨੇ ਸਥਾਨਿਕ ਸ੍ਰੀ ਗੁਰੂ ਨਾਨਕ ਹਸਪਤਾਲ, ਈਐੱਸਆਈ ਹਸਪਤਾਲ ਅਤੇ ਸਰਕਾਰੀ ਮੈਡੀਕਲ ਕਾਲਜ ਦਾ ਦੌਰਾ ਕਰਦਿਆਂ ਵੇਖਿਆ ਕਿ ਉਨ੍ਹਾਂ ਦਾ ਦਫ਼ਤਰੀ ਕੰਮ-ਕਾਜ ਪੰਜਾਬੀ ਭਾਸ਼ਾ ਵਿੱਚ ਹੀ ਸੀ ਅਤੇ ਬੋਰਡ ਤੇ ਨਾਮ-ਪੱਟੀਆਂ ਵੀ ਪਹਿਲ ਦੇ ਆਧਾਰ ਤੇ ਪੰਜਾਬੀ ਭਾਸ਼ਾ ਵਿੱਚ ਸਨ। ਇਸ ਸਬੰਧੀ ਡਾ. ਕਲਸੀ ਨੇ ਦੱਸਿਆ ਕਿ ਉਨ੍ਹਾਂ ਨੇ ਈਐੱਸਆਈ ਹਸਪਤਾਲ ਅੰਮ੍ਰਿਤਸਰ, ਤਰਨਤਾਰਨ, ਪਠਾਨਕੋਟ, ਗੁਰਦਾਸਪੁਰ ਮੰਡਲ ਦੇ ਡਿਪਟੀ ਡਾਇਰੈਕਟਰ ਡਾ. ਕਰਮਜੀਤ ਕੌਰ, ਸ੍ਰੀ ਗੁਰੂ ਨਾਨਕ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ ਅਤੇ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਰਾਜੀਵ ਦੇਵਗਨ ਨਾਲ ਨਿੱਜੀ ਮੁਲਾਕਾਤ ਕਰਕੇ ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਤੋਂ ਜਾਣੂੰ ਕਰਵਾਇਆ ਅਤੇ ਸਬੰਧਤ ਅਧਿਕਾਰੀਆਂ ਵੱਲੋਂ ਇਸ ਦਾ ਉਸਾਰੂ ਹੁੰਗਾਰਾ ਦਿੱਤਾ ਗਿਆ। ਇਸ ਉਪਰੰਤ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਡਾ. ਰਾਜੀਵ ਦੇਵਗਨ ਦੀ ਅਗਵਾਈ ਹੇਠ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ ਦੀ ਸ਼ਮੂਲੀਅਤ ਨਾਲ ਸਰਕਾਰੀ ਮੈਡੀਕਲ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਪ੍ਰੋਫ਼ੈਸਰ ਸਾਹਿਬਾਨ, ਐਸੋਸੀਏਟ ਪ੍ਰੋਫ਼ੈਸਰਜ਼ ਅਤੇ ਡਾਕਟਰ ਸਾਹਿਬਾਨ ਨਾਲ ਵਿਸ਼ੇਸ਼ ਮੀਟਿੰਗ ਕਰਕੇ ਪੰਜਾਬੀ ਭਾਸ਼ਾ ਪ੍ਰਤੀ ਦਫ਼ਤਰੀ ਪਹਿਲਕਦਮੀ ਕਰਨ ਦੇ ਨਾਲ-ਨਾਲ ਮੈਡੀਕਲ ਵਿਸ਼ੇ ਦੇ ਵਿਦਿਆਰਥੀਆਂ ਵਿੱਚ ਭਾਸ਼ਾ ਅਤੇ ਸਾਹਿਤ ਪ੍ਰਤੀ ਸਿਰਜਣਾਤਮਕ ਰੁਚੀਆਂ ਪੈਦਾ ਕਰਨ ਦੀ ਚਰਚਾ ਵੀ ਕੀਤੀ ਗਈ, ਜਿਸ 'ਤੇ ਸੰਸਥਾ ਡਾਇਰੈਕਟਰ ਡਾ. ਰਾਜੀਵ ਦੇਵਗਨ ਵੱਲੋਂ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਭਾਸ਼ਾ ਦੀ ਮਹਾਨਤਾ ਦੇ ਲੈਕਚਰ ਕਰਵਾਉਣ ਅਤੇ ਸਿਰਜਣਾਤਮਕ ਰੁਚੀਆਂ ਨੂੰ ਉਤਪੰਨ ਕਰਨ ਲਈ ਸਾਹਿਤਕ ਸਮਾਰੋਹ ਕਰਵਾਉਣ ਦੀ ਸਹਿਮਤੀ ਵੀ ਦਿੱਤੀ ਗਈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਕਲਸੀ ਅਨੁਸਾਰ ਦੌਰੇ ਅਧੀਨ ਮੈਡੀਕਲ ਸਿੱਖਿਆ ਸੰਸਥਾਵਾਂ ਵਿੱਚ ਪੰਜਾਬੀ ਭਾਸ਼ਾ ਵਿੱਚ ਦਫ਼ਤਰੀ ਕੰਮ-ਕਾਜ ਅਤੇ ਬੋਰਡ ਤੇ ਨਾਮ-ਪੱਟੀਆਂ ਦਾ ਕਾਰਜ ਸਲਾਹੁਣਯੋਗ ਸੀ। ਇਸ ਮੌਕੇ ਮੈਡੀਕਲ ਸੁਪਰਡੈਂਟ ਡਾ. ਕਰਮਜੀਤ ਸਿੰਘ, ਡਿਪਟੀ ਮੈਡੀਕਲ ਸੁਪਰਡੈਂਟ ਡਾ. ਰਚਨਾ ਬਾਛਲ, ਡਾ. ਜੇ ਐੱਸ ਕੁਲਾਰ, ਡਾ. ਮਰਿਦੂ ਗੁਪਤਾ, ਮੈਡੀਕਲ ਕਾਲਜ ਦੇ ਦੇ ਸੀਨੀਅਰ ਪ੍ਰੋਫ਼ੈਸਰ ਮੁਖੀ ਸਾਹਿਬਾਨ, ਸੰਸਥਾ ਦੇ ਯੂਨਿਟ ਇੰਚਾਰਜ, ਤਜਿੰਦਰ ਸਿੰਘ ਸੁਪਰਡੈਂਟ, ਡਾਇਰੈਕਟਰ ਪੀ.ਏ. ਅਰੁਣ ਭਾਗੀ ਤੇ ਹੋਰ ਡਾਕਟਰ ਸਾਹਿਬਾਨ ਹਾਜ਼ਰ ਸਨ।

## ਭਗਤ ਪੰਡਤ ਕਿਸ਼ੋਰੀ ਲਾਲ ਦੀ ਬਰਸੀ ਭਲਕੇ ਰਾਜ ਭਰ 'ਚ ਮਨਾਈ ਜਾਵੇਗੀ : ਸੇਖੋਂ

**ਬਹਿਰਾਮ (ਅਵਤਾਰ ਕਲੇਰ)**- ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਪ੍ਰੈਸ ਦੇ ਨਾਂ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਸਾਥੀ, ਉੱਘੇ ਦੇਸ਼ ਭਗਤ ਤੇ ਲੰਮਾ ਸਮਾਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਰਹੇ ਪੰਡਤ ਕਿਸ਼ੋਰੀ ਲਾਲ ਦੀ ਸਲਾਨਾ ਬਰਸੀ 11 ਜੁਲਾਈ ਨੂੰ ਪੰਜਾਬ ਭਰ ਵਿੱਚ ਥਾਂ - ਥਾਂ ਮਨਾਈ ਜਾਵੇਗੀ। ਪੰਡਤ ਕਿਸ਼ੋਰੀ ਲਾਲ ਨੇ ਜਿੱਥੇ ਦੇਸ਼ ਦੀ ਅਜ਼ਾਦੀ ਵਿੱਚ ਅਹਿਮ ਰੋਲ ਨਿਭਾਇਆ ਉਥੇ 1948 ਵਿੱਚ ਅਜ਼ਾਦ ਭਾਰਤ ਵਿਚ ਰਿਹਾਅ ਹੋ ਕੇ ਸਿੱਧੇ ਜਲੰਧਰ ਕਿਸਾਨਾਂ ਮਜ਼ਦੂਰਾਂ ਦੇ ਦਫਤਰ ਵਿਚ ਅਗਲੇ ਕਾਰਜ ਪੂਰੇ ਕਰਨ ਲਈ ਪਹੁੰਚੇ। ਉਹ ਗੋਆ ਨੂੰ ਅਜ਼ਾਦ ਕਰਵਾਉਣ ਲਈ ਪੰਜਾਬ ਤੋਂ ਜਥਾ ਲੈ ਕੇ ਪੁੱਜੇ, ਜਿੱਥੇ ਸਾਮਰਾਜੀਆਂ ਦੀ ਪੁਲਸ ਨਾਲ ਟੱਕਰ ਵਿੱਚ ਮਾਸਟਰ ਕਰਨੈਲ ਸਿੰਘ ਈਸੜੂ 15 ਅਗਸਤ 1948 ਨੂੰ ਸ਼ਹੀਦ ਹੋ ਗਏ। ਪੰਡਤ ਜੀ ਨੇ ਸਾਰੀ ਉਮਰ ਪਹਿਲਾਂ ਕਮਿਊਨਿਸਟ ਪਾਰਟੀ ਵਿੱਚ ਅਤੇ ਫਿਰ ਸੀ ਪੀ ਆਈ ( ਐਮ) 'ਚ ਕੰਮ ਕੀਤਾ ਅਤੇ 1970 ਵਿੱਚ ਪੰਜਾਬ ਦੀ ਟਰੇਡ ਯੂਨੀਅਨ (ਸੀਟੂ) ਦੇ ਪਹਿਲੇ ਸੂਬਾ ਪ੍ਰਧਾਨ ਬਣੇ। 8 ਜੁਲਾਈ 1990 ਨੂੰ ਉਹ ਸ਼ਹੀਦ ਕਰਤਾਰ ਚੰਦ (ਮਾਧੋਪੁਰ) ਦੀ ਬਰਸੀ 'ਤੇ ਸੰਬੋਧਨ ਕਰਨ ਜਾ ਰਹੇ ਸਨ ਰਸਤੇ ਵਿੱਚ ਬਹੂਆ (ਨਵਾਂਸ਼ਹਿਰ) ਨੇੜੇ ਐਕਸੀਡੈਂਟ ਹੋਣ ਕਾਰਨ ਉਹ ਗੰਭੀਰ ਜ਼ਖਮੀ ਹੋ ਗਏ ਅਤੇ 11 ਜੁਲਾਈ ਨੂੰ ਜਲੰਧਰ ਦੇ ਇਕ ਹਸਪਤਾਲ ਵਿਚ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਬਰਸੀ ਜਿਥੇ ਪੰਜਾਬ ਭਰ ਵਿੱਚ ਮਨਾਈ ਜਾ ਰਹੀ ਹੈ ਉਥੇ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜਲੰਧਰ, ਕਪੂਰਥਲਾ ਤੇ ਨਵਾਂਸ਼ਹਿਰ ਜ਼ਿਲ੍ਹਿਆਂ ਦੇ ਸਾਥੀਆਂ ਵੱਲੋਂ ਮਨਾਈ ਜਾ ਰਹੀ ਹੈ।

10-July-PAGE-4-23.qxd 7/9/2023 8:54 PM Page 1

ਨਵਾਂ ਜ਼ਮਾਨਾ

ਸੋਮਵਾਰ, 10 ਜੁਲਾਈ 2023

# ਮੋਦੀ ਦਾ ਨਿਊ ਇੰਡੀਆ

*ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇਂ ਤੋਂ ਮਨੀਪੁਰ ਸੜ ਰਿਹਾ ਹੈ। ਪਹਿਲੇ 15 ਦਿਨਾਂ ਦੌਰਾਨ ਹੀ ਉਥੇ 100 ਤੋਂ ਵੱਧ ਲੋਕ ਮਾਰੇ ਗਏ ਸਨ। ਅਸਪੱਸ਼ਟ ਖ਼ਬਰਾਂ ਮੁਤਾਬਕ ਮਰਨ ਵਾਲਿਆਂ ਦਾ ਅੰਕੜਾ 150 ਦੇ ਕਰੀਬ ਪਹੁੰਚ ਚੁੱਕਾ ਹੈ। ਮੈਤੇਈ ਤੇ ਕੁੱਕੀ ਭਾਈਚਾਰਿਆਂ ਦਾ ਸੰਘਰਸ਼ ਗ੍ਰਹਿ ਯੁੱਧ ਦਾ ਰੂਪ ਧਾਰਨ ਕਰ ਚੁੱਕਾ ਹੈ। 50 ਹਜ਼ਾਰ ਦੇ ਕਰੀਬ ਘਰਾਂ ਤੋਂ ਉਜੜੇ ਲੋਕਾਂ ਨੇ ਰਾਹਤ ਕੈਂਪਾਂ ਤੇ ਮਿਜ਼ੋਰਮ ਵਿੱਚ ਸ਼ਰਨ ਲਈ ਹੋਈ ਹੈ। ਮਨੀਪੁਰ ਦੀ ਡਬਲ ਇੰਜਣ ਸਰਕਾਰ ਅਧੀਨ ਜਦੋਂ ਦੋਹਾਂ ਫਿਰਕਿਆਂ ਵਿੱਚ ਇਹ ਝਗੜਾ ਸ਼ੁਰੂ ਹੋਇਆ ਤਾਂ ਦਿੱਲੀ ਵਾਲੇ ਇੰਜਣ ਦੇ ਦੋਵੇਂ ਡਰਾਈਵਰਾਂ ਨੇ ਚੋਣ ਯੁੱਧ ਜਿੱਤਣ ਲਈ ਕਰਨਾਟਕ ਵਿੱਚ ਚੜ੍ਹਾਈ ਕੀਤੀ ਹੋਈ ਸੀ। ਕਰਨਾਟਕ ਚੋਣਾਂ ਵਿੱਚ ਮੂੰਹ ਦੀ ਖਾਣ ਤੋਂ ਬਾਅਦ ਵੀ ਚੀਫ਼ ਡਰਾਈਵਰ ਮੋਦੀ ਨੇ ਮਨੀਪੁਰ ਹਿੰਸਾ ਬਾਰੇ ਮੂੰਹ ਖੋਲ੍ਹਣ ਦੀ ਜ਼ਹਿਮਤ ਨਾ ਕੀਤੀ ਤੇ ਅਮਰੀਕਾ ਦੇ ਵਾਈਟ ਹਾਊਸ ਵਿੱਚ ਰਾਸ਼ਟਰਪਤੀ ਵੱਲੋਂ ਦਿੱਤੀ ਦਾਅਵਤ ਦਾ ਅਨੰਦ ਲੈਣ ਚਲਾ ਗਿਆ। ਅਮਰੀਕਾ ਦੇ ਦੌਰੇ ਦੌਰਾਨ ਦੋਵਾਂ ਦੇਸ਼ਾਂ ਦੇ ਰਾਸ਼ਟਰਪਤੀਆਂ ਨੇ ਕੀ ਖਿਚੜੀ ਪਕਾਈ, ਉਸ ਦੇ ਸੁਆਦ ਦਾ ਪੂਰਾ ਮਜ਼ਾ ਤਾਂ ਭਾਰਤੀਆਂ ਨੂੰ ਹੌਲੀ-ਹੌਲੀ ਲੱਗੇਗਾ, ਪਰ ਸ਼ੁਰੂਆਤ ਹੋ ਚੁੱਕੀ ਹੈ।*

*ਮਨੀਪੁਰ ਦੇ ਜਿਸ ਮਸਲੇ ਬਾਰੇ ਸਾਰਾ ਦੇਸ਼ ਮੋਦੀ ਨੂੰ ਮੂੰਹ ਖੋਲ੍ਹਣ ਲਈ ਕਹਿੰਦਾ ਰਿਹਾ, ਉਹ ਅਮਰੀਕਾ ਨੇ ਖੋਲ੍ਹ ਦਿੱਤਾ ਹੈ। ਭਾਰਤ ਵਿਚਲੇ ਅਮਰੀਕੀ ਰਾਜਦੂਤ ਐਰਿਕ ਗਰਾਸੇਟੀ ਨੇ ਸਿਰਫ਼ ਮੂੰਹ ਹੀ ਨਹੀਂ ਖੋਲ੍ਹਿਆ, ਕੋਲਕਾਤਾ ਵਿੱਚ ਬਕਾਇਦਾ ਪ੍ਰੈੱਸ ਕਾਨਫ਼ਰੰਸ ਕਰ ਪੂਰੀ ਤਰ੍ਹਾਂ ਖਲਾਰਾ ਪਾ ਦਿੱਤਾ ਹੈ। ਅੰਤਰਰਾਸ਼ਟਰੀ ਸਿਧਾਂਤਾਂ ਮੁਤਾਬਕ ਕੋਈ ਵੀ ਰਾਜਦੂਤ ਕਿਸੇ ਦੇਸ਼ ਦੇ ਘਰੇਲੂ ਮਾਮਲਿਆਂ ਵਿੱਚ ਦਖ਼ਲ ਨਹੀਂ ਦੇ ਸਕਦਾ, ਪਰ ਅਮਰੀਕੀ ਰਾਜਦੂਤ ਨੇ ਇਸ ਦੀ ਪਾਲਣਾ ਕਰਨੀ ਜ਼ਰੂਰੀ ਨਹੀਂ ਸਮਝੀ। ਇੱਕ ਪੱਤਰਕਾਰ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਗਰਾਸੇਟੀ ਨੇ ਕਿਹਾ, "ਜੇਕਰ ਤੁਸੀਂ ਮਨੀਪੁਰ ਬਾਰੇ ਅਮਰੀਕੀ ਚਿੰਤਾਵਾਂ ਜਾਣਨਾ ਚਾਹੁੰਦੇ ਹੋ ਤਾਂ ਮੇਰੇ ਹਿਸਾਬ ਨਾਲ ਇਹ ਮਾਨਵੀ ਚਿੰਤਾ ਦਾ ਵਿਸ਼ਾ ਹੈ। ਜਦੋਂ ਹਿੰਸਾ ਵਿੱਚ ਬੱਚੇ ਤੇ ਲੋਕ ਮਾਰੇ ਜਾ ਰਹੇ ਹੋਣ ਤਾਂ ਤੁਹਾਡਾ ਭਾਰਤੀ ਹੋਣਾ ਜ਼ਰੂਰੀ ਨਹੀਂ ਹੈ। ਜੇਕਰ ਸਾਡੇ ਕੋਲੋਂ ਕਿਸੇ ਪ੍ਰਕਾਰ ਦੀ ਮਦਦ ਮੰਗੀ ਗਈ ਤਾਂ ਅਸੀਂ ਤਿਆਰ ਹਾਂ। ਸਾਨੂੰ ਪਤਾ ਹੈ ਕਿ ਇਹ ਭਾਰਤੀ ਮਸਲਾ ਹੈ ਤੇ ਅਸੀਂ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਾਂ। ਜੇਕਰ ਸ਼ਾਂਤੀ ਸਥਾਪਤ ਹੋ ਜਾਂਦੀ ਹੈ ਤਾਂ ਅਸੀਂ ਜ਼ਿਆਦਾ ਸਮਝੌਤੇ, ਯੋਜਨਾਵਾਂ ਤੇ ਨਿਵੇਸ਼ ਲਿਆਉਣ ਵਿੱਚ ਸਫ਼ਲ ਹੋ ਜਾਵਾਂਗੇ।" ਇਹੋ ਨਹੀਂ ਉਨ੍ਹਾ ਇਹ ਵੀ ਕਹਿ ਦਿੱਤਾ ਕਿ ਇਸ ਇਲਾਕੇ ਦੀ ਹੱਦ ਕਈ ਦੇਸ਼ਾਂ ਨਾਲ ਜੁੜੀ ਹੋਣ ਕਰਕੇ ਇਹ ਇੱਕ ਸੰਵੇਦਨਸ਼ੀਲ ਮੁੱਦਾ ਹੈ।*

*ਅਮਰੀਕੀ ਰਾਜਦੂਤ ਦੀ ਪ੍ਰੈੱਸ ਕਾਨਫ਼ਰੰਸ ਤੋਂ ਬਾਅਦ ਜਦੋਂ ਪੱਤਰਕਾਰਾਂ ਨੇ ਇਸ ਸੰਬੰਧੀ ਵਿਦੇਸ਼ ਮਾਮਲਿਆਂ ਦੇ ਬੁਲਾਰੇ ਅਰਿੰਦਮ ਬਾਗਚੀ ਨੂੰ ਪੁੱਛਿਆ ਤਾਂ ਉਨ੍ਹਾ ਇਹ ਕਹਿ ਕੇ ਚੁੱਪ ਵੱਟ ਲਈ ਕਿ ਮੈਨੂੰ ਕੋਈ ਜਾਣਕਾਰੀ ਨਹੀਂ। ਇਹ ਕਿਵੇਂ ਹੋ ਸਕਦਾ ਹੈ ਕਿ ਇੱਕ ਰਾਜਦੂਤ ਕੋਲਕਾਤਾ ਦੀ ਯਾਤਰਾ ਕਰ ਰਿਹਾ ਹੋਵੇ ਤੇ ਪ੍ਰੈੱਸ ਕਾਨਫ਼ਰੰਸ ਵੀ ਲਾਵੇ, ਪਰ ਵਿਦੇਸ਼ ਵਿਭਾਗ ਨੂੰ ਪਤਾ ਹੀ ਨਾ ਹੋਵੇ। ਅਸਲ ਵਿੱਚ ਇਸ ਵਰਤਾਰੇ ਪਿੱਛੇ ਮੋਦੀ ਦੀ ਅਮਰੀਕਾ ਯਾਤਰਾ ਸਮੇਂ ਦੋਹਾਂ ਦੇਸ਼ਾਂ ਵਿੱਚ ਬਣੀ ਸਮਝ ਹੈ। ਮੋਦੀ ਨੇ ਸੰਸਾਰ ਪੱਧਰ 'ਤੇ ਅਮਰੀਕਾ ਦੀ ਖੁਸ ਰਹੀ ਸਰਦਾਰੀ ਤੇ ਡੁੱਬ ਰਹੇ ਅਰਥਚਾਰੇ ਨੂੰ ਠੁੰਮ੍ਹਣਾ ਦੇਣ ਲਈ ਭਾਰਤ ਦੀਆਂ ਸੇਵਾਵਾਂ ਅਰਪਣ ਕਰ ਦਿੱਤੀਆਂ ਹਨ। ਇਸੇ ਕੜੀ ਤਹਿਤ ਇਸ ਯਾਤਰਾ ਦੌਰਾਨ ਹੋਏ ਇੱਕ ਸਮਝੌਤੇ ਅਧੀਨ ਅਮਰੀਕਾ ਦੇ ਜੰਗੀ ਜਹਾਜ਼ ਭਾਰਤੀ ਨੇਵੀ ਦੇ ਅੱਡਿਆਂ ਨੂੰ ਵਰਤ ਸਕਣਗੇ। ਉਨ੍ਹਾਂ ਨੂੰ ਭਾਰਤੀ ਨੇਵੀ ਦੇ ਅੱਡਿਆਂ ਤੋਂ ਤੇਲ ਭਰਵਾਉਣ, ਮੁਰੰਮਤ ਕਰਾਉਣ ਤੇ ਰੱਖ-ਰਖਾਅ ਤੱਕ ਦੀ ਸਹੂਲਤ ਦਿੱਤੀ ਜਾਵੇਗੀ। ਇਹੋ ਨਹੀਂ ਦਿਵਾਲੀਆ ਹੋਣ ਕੰਢੇ ਪੁੱਜ ਚੁੱਕੇ ਅਮਰੀਕਾ ਤੋਂ 10 ਗੁਣਾ ਵੱਧ ਕੀਮਤ ਉੱਤੇ ਡਰੋਨ ਖਰੀਦ ਕੇ ਮੋਦੀ ਨੇ ਆਪਣੇ ਸਵਾਗਤ ਦਾ ਮੁੱਲ ਵੀ ਤਾਰ ਦਿੱਤਾ ਹੈ। ਅਮਰੀਕੀ ਰਾਜਦੂਤ ਦੇ ਮਨੀਪੁਰ ਵਾਲੇ ਬਿਆਨ ਤੋਂ ਇਹ ਸ਼ੱਕ ਪੱਕਾ ਹੁੰਦਾ ਹੈ ਕਿ ਮੋਦੀ ਸਰਕਾਰ ਅਮਰੀਕਾ ਨਾਲ ਮਿਲ ਕੇ ਉੱਤਰ-ਪੂਰਬੀ ਰਾਜਾਂ ਵਿੱਚ ਇੱਕ ਨਵਾਂ ਮੋਰਚਾ ਖੋਲ੍ਹਣ ਦੀ ਤਿਆਰੀ ਕਰ ਰਹੀ ਹੈ। ਅਮਰੀਕੀ ਰਾਜਦੂਤ ਦਾ ਇਹ ਕਹਿਣਾ ਕਿ ਇਸ ਇਲਾਕੇ ਦੀਆਂ ਹੱਦਾਂ ਦੂਜੇ ਦੇਸ਼ਾਂ ਨਾਲ ਲੱਗਦੀਆਂ ਹਨ, ਇਸੇ ਸੋਚ ਵੱਲ ਇਸ਼ਾਰਾ ਕਰਦਾ ਹੈ। ਮੋਦੀ ਸਰਕਾਰ ਨੇ ਇਨ੍ਹਾਂ ਕਦਮਾਂ ਰਾਹੀਂ ਸਾਡੇ ਦੇਸ਼ ਦੀ ਅਜ਼ਾਦ ਵਿਦੇਸ਼ ਨੀਤੀ ਨੂੰ ਅਮਰੀਕਾ ਨਾਲ ਨੱਥੀ ਕਰਨ ਵੱਲ ਵਧਣਾ ਸ਼ੁਰੂ ਕਰ ਦਿੱਤਾ ਹੈ। ਇਹੋ ਹੀ ਹੈ ਮੋਦੀ ਦਾ ਨਿਊ ਇੰਡੀਆ।*

**-ਚੰਦ ਫਤਿਹਪੁਰੀ**

## ਬੇਗਾਨੇ ਮੋਢੇ ਬੰਦੂਕ ?

*'ਪੱਚੀ ਸਾਲਾ ਰਾਜ' ਵਾਲੇ ਸੁਪਨੇ ਹੀ ਲਈ ਜਾਂਦੇ,*
*'ਹੀਰ' ਜਿਹੀ ਸੱਤਾ ਵਾਲੀ ਕੁਰਸੀ 'ਸਲ੍ਹੇਟੀ' ਦੇ।*
*ਸਿੱਧੇ ਰਾਹੇ ਪੈਣ ਲਈ ਤਾਂ ਪੁੱਟਦੇ ਨਾ ਪੈਰ ਕੋਈ,*
*ਵਰਤੀ ਹੀ ਜਾਂਦੇ 'ਫਾਰਮੂਲੇ' ਅਲਸੇਟੀ ਦੇ।*
*ਉਦੋਂ ਤੱਕ ਸਿੱਖ ਵੋਟਰਾਂ ਨੇ ਨਾ ਗੱਲ ਸੁਣਨੀ ਐ,*
*ਜਦੋਂ ਤੀਕ ਪਹਿਲੇ ਹੀ ਗੁਨਾਹ ਨਹੀਂ ਸਮੇਟੀ ਦੇ।*
*ਆਈ ਨਾ ਅਕਲ ਹਾਲੇ ਤਿੰਨ ਵਾਰ ਦੇਖੇ ਕਿਵੇਂ,*
*ਲੋਕ-ਰੋਹ ਦੇ ਅੱਗੇ 'ਬੋਰੀ-ਬਿਸਤਰੇ' ਵਲ੍ਹੇਟੀ ਦੇ।*
*ਚਾਹੁੰਦਾ ਏ 'ਟੱਬਰ' ਪੈਰ ਉੱਖੜੇ ਜਮਾਵਾਂ ਪਰ,*
*ਹੋ ਕੇ ਜਜ਼ਬਾਤੀ ਲੋਕੀਂ ਹੁਣ ਨਹੀਂ ਲਪੇਟੀ ਦੇ।*
*ਢੂੰਡਣੇ ਨੂੰ ਕਾਹਲਾ 'ਦਲ' ਆਪਦੇ ਨਿਸ਼ਾਨੇ ਦੇਖੋ,*
*ਰੱਖ ਕੇ 'ਬੰਦੂਕ' ਮੋਢੇ 'ਸ਼੍ਰੋਮਣੀ ਕਮੇਟੀ' ਦੇ!*

**-ਤਰਲੋਚਨ ਸਿੰਘ 'ਦੁਪਾਲਪੁਰ', 001-408-915-1268**

# ਸਿਵਲ ਕੋਡ : ਆਪਸੀ ਭੂਪਣ ਦੀਆਂ ਜੜ੍ਹਾਂ 'ਚ ਤੇਲ ਦਾ ਕੁੱਪਾ



ਜਗੀਰ ਸਿੰਘ ਜਗਤਾਰ

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿੰਨੀ ਉੱਚੀ ਪਦਵੀ ਉੱਤੇ ਹਨ, ਉਸ ਅਨੁਸਾਰ ਉਨ੍ਹਾ ਦੀ ਕਹਿਣੀ ਤੇ ਕਰਨੀ ਵਿੱਚ ਬਹੁਤ ਅੰਤਰ ਨਹੀਂ ਹੋਣਾ ਚਾਹੀਦਾ, ਪਰ ਇੱਥੇ ਕਹਿਣੀ ਕਹਿਣੀ 'ਚ ਹੀ ਢੇਰ ਅੰਤਰ ਹੈ। ਭੋਪਾਲ ਵਿੱਚ ਪਾਰਟੀ ਦੇ ਚੋਣਵੇਂ ਵਰਕਰਾਂ ਨੂੰ ਸੰਬੋਧਨ ਕਰਦਿਆਂ ਆਪਣੀ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਸਿਵਲ ਕੋਡ ਦੀ ਵਕਾਲਤ ਕਰਦਿਆਂ ਕਿਹਾ ਕਿ ਇੱਕ ਦੇਸ਼ ਵਿੱਚ ਦੋ ਕਾਨੂੰਨ ਨਹੀਂ ਹੋ ਸਕਦੇ। ਨਾਲੇ ਹੀ ਕਿਹਾ ਕਿ ਸੰਵਿਧਾਨ ਵਿੱਚ ਵੀ ਸਾਰੇ ਨਾਗਰਿਕਾਂ ਲਈ ਬਰਾਬਰੀ ਦਾ ਹੱਕ ਹੈ। ਉਹਨਾ ਤੋਂ ਪੁੱਛਿਆ ਜਾ ਸਕਦਾ ਹੈ ਕਿ ਜਦੋਂ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰੀ ਦੇ ਹੱਕਾਂ ਦੀ ਗਰੰਟੀ ਕਰਦਾ ਹੈ, ਫਿਰ ਵੀ ਉਹ ਸਿਵਲ ਕੋਡ ਕਿਉ ਲਿਆ ਰਹੇ ਹਨ। ਜਦੋਂ ਸਭ ਨੂੰ ਬਰਾਬਰੀ ਦਾ ਹੱਕ ਦੇਣ ਦੀ ਥਾਂ ਸਾਰੇ ਇੱਕ ਤਰ੍ਹਾਂ ਨਾਲ ਕਹਿੰਦਾ ਹੈ। ਜਿਹੜੇ ਉਸ ਤੋਂ ਵਿਪਰੀਤ ਰਹਿਣਾ, ਵਿਚਾਰਨਾ ਚਾਹੁੰਦੇ ਹਨ, ਉਹਨਾਂ ਤੋਂ ਹੱਕ ਖੋਹ ਕੇ ਆਪਣੇ ਅਨੁਸਾਰ ਚਲਾਉਂਦਾ ਹੈ। ਭਾਰਤ ਬਹੁ-ਭਾਸ਼ਾਵਾ ਭਿੰਨ-ਭਿੰਨ ਸੱਭਿਆਚਾਰ ਅਤੇ ਵੱਖ-ਵੱਖ ਧਰਮਾਂ ਵਿੱਚ ਵਿਸ਼ਵਾਸ ਰੱਖਣ ਵਾਲੀ ਵਸੋਂ ਦਾ ਦੇਸ਼ ਹੈ। ਉਹ ਇਹਨਾਂ ਵਖਰੇਵਿਆਂ ਦੇ ਬਾਵਜੂਦ ਭਾਰਤੀ ਹੋਣ 'ਤੇ ਮਾਣ ਕਰਦੇ ਹਨ। ਪ੍ਰਧਾਨ ਮੰਤਰੀ ਵੱਖਰੇਵਿਆਂ ਨੂੰ 'ਇੱਕ ਦੇਸ਼ ਇੱਕ ਕਾਨੂੰਨ' ਦਰਸਾਉਣ ਵਿੱਚ ਲੱਗੇ ਹੋਏ ਹਨ।

ਉਹਨਾ ਆਪਣੇ ਭਾਸ਼ਣ 'ਚ ਤੁਸ਼ਟੀਕਰਨ ਵਾਲਿਆਂ ਤੋਂ ਉਲਟ ਸੰਤੁਸ਼ਟੀ ਕਰਨ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਜੋ ਵੋਟ ਬੈਂਕ ਲਈ ਤੁਸ਼ਟੀਕਰਨ ਭਾਵ ਲਾਰਿਆਂ ਦੀ ਰਾਜਨੀਤੀ ਕਰਦੇ ਹਨ, ਉਹਨਾਂ ਪਸਮਾਦਾ ਮੁਸਲਮਾਨ ਤੋਂ ਪੱਛੜੇ ਵਰਗ ਨਾਲ ਸਬੰਧਿਤ ਹਨ, ਉਹਨਾਂ ਨੂੰ ਕਿੰਨੇ ਕੁ ਹੱਕ ਦਿੱਤੇ ਹਨ। ਪ੍ਰਧਾਨ ਮੰਤਰੀ ਨੇ ਭਾਜਪਾ ਵਿਰੋਧੀਆਂ ਉੱਤੇ ਆਪਣੇ ਹਮਲਿਆਂ ਨੂੰ ਜਾਰੀ ਰੱਖਦਿਆਂ ਕਿਹਾ ਕਿ ਦੱਖਣੀ ਭਾਰਤ ਖਾਸ ਕਰਕੇ ਕੇਰਲਾ, ਤਿਲੰਗਾਨਾ, ਤਾਮਿਲਨਾਡੂ ਅਤੇ ਕੁਝ ਹੋਰ ਰਾਜਾਂ ਵਿੱਚ ਅੱਜ ਵੀ ਕਈ ਜਾਤਾਂ ਨੂੰ ਉਹਨਾਂ ਦੇ ਹਾਲ ਉੱਤੇ ਛੱਡ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਮੁਸਲਮਾਨਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਉਹਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿਹੜੀ ਸਿਆਸੀ ਪਾਰਟੀ ਉਹਨਾਂ ਨੂੰ ਉਕਸਾ ਕੇ ਦੇ ਫਾਇਦੇ ਲੈਣਾ ਚਾਹੁੰਦੀ ਹੈ।

ਉਹਨਾ ਆਪਣੇ ਸਿਵਲ ਕੋਡ ਦੇ ਪ੍ਰਚਾਰ ਲਈ ਵਰਕਰਾਂ ਨੂੰ ਤਿਆਰ ਕਰਦਿਆਂ ਇਹ ਭੁਲਾ ਦਿੱਤਾ ਕਿ ਇਸ ਸਮੇਂ ਜਿਹਨਾਂ ਰਾਜਾਂ ਵਿੱਚ ਉਹਨਾ ਦੀਆਂ ਸਰਕਾਰਾਂ ਹਨ, ਉਥੇ ਪੱਛੜੇ ਵਰਗ, ਮੁਸਲਮਾਨਾਂ ਦਾ ਕੀ ਸੰਵਾਰਿਆ ਹੈ, ਜਿਸ ਦੀ ਹੁਣ ਤੱਕ ਡਬਲ ਇੰਜਣ ਦੀ ਸਰਕਾਰ ਵਾਲਿਆਂ ਦੀ ਸਰਕਾਰ ਜਿੱਥੇ ਦੋ ਵਰਗਾਂ ਦੀ ਆਪਸੀ ਹੱਥੋਪਾਈ ਨੂੰ ਆਰੰਭ ਵਿੱਚ ਨਾ ਸੰਭਾਲ ਕੇ ਹਜ਼ਾਰਾਂ ਪਰਵਾਰਾਂ ਦੇ ਉਜੜੇ ਸ਼ਰਨਾਰਥੀ ਕੈਂਪਾਂ ਵਿੱਚ ਅਤਿ ਖਸਤਾ ਹਾਲਤਾਂ ਵਿੱਚ ਰਹਿਣ ਦੀ ਦਿਲ-ਕੰਬਾਊ ਸਥਿਤੀ ਲਿਆਂਦੀ ਹੈ। ਇਸ ਵਿੱਚ ਹੋਈਆਂ ਸੈਂਕੜੇ ਮੌਤਾਂ ਦਾ ਦਰਦ ਵੱਖਰਾ ਹੈ। ਪ੍ਰਧਾਨ ਮੰਤਰੀ ਜੋ ਇਸ ਸਮੇਂ ਲੰਮੇ ਭਾਸ਼ਣ ਕਰ ਰਹੇ ਹਨ, ਨੇ ਵੀ ਮਹੀਨਾ ਭਰ ਚੁੱਪ ਸਾਧ ਰੱਖੀ। ਇਹ ਸਾਰੇ ਵਰਤਾਰੇ ਆਦਿਵਾਸੀਆਂ ਨੂੰ ਆਪਸ ਵਿੱਚ ਲੜਾ ਕੇ ਉਜਾੜ ਕੇ, ਇਧਰ-ਉਧਰ ਖਿੰਡਾ ਕੇ ਜੰਗਲ ਖਾਲੀ ਕਰਵਾਉਣ ਦੀ ਨੀਤੀ ਦਾ ਹਿੱਸਾ ਤਾਂ ਨਹੀਂ ਹੈ।




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਹਨਾ ਦੀ ਸਰਕਾਰ ਜੋ ਮਰਜ਼ੀ ਦਾਅਵੇ ਅਤੇ ਪ੍ਰਚਾਰ ਕਰੀ ਜਾਵੇ, ਉਹਨਾਂ ਦਾ ਅਸਲ ਟੀਚਾ ਧੰਨਕੁਬੇਰਾਂ, ਬਹੁ-ਕੌਮੀ ਕਾਰਪੋਰੇਸ਼ਨਾਂ ਤੇ ਸਾਮਰਾਜੀਆਂ ਦੀ ਝੋਲੀਆਂ ਭਰਨੀਆਂ ਹਨ। ਇਸ ਕਾਰਨ ਹੀ ਸਾਮਰਾਜੀ ਦੇਸ਼ ਪ੍ਰਧਾਨ ਮੰਤਰੀ ਦੇ ਦੌਰੇ ਸਮੇਂ ਵਡਿਆਈ ਕਰ ਰਹੇ ਹਨ।

ਹੁਣ ਜਦੋਂ ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਸਰਕਾਰ ਦੇ ਹੋਰ ਮੁਖੀ ਅਤੇ ਪਾਰਟੀ ਆਗੂ ਸਰਕਾਰਾਂ ਦੀਆਂ ਨੌਂ ਸਾਲ ਦੀਆਂ ਕਾਰਗੁਜ਼ਾਰੀਆਂ ਦੇ ਪ੍ਰਚਾਰ ਦੀ ਮੁਹਿੰਮ ਉੱਤੇ ਹਨ, ਉਸ ਸਮੇਂ ਦੇਸ਼ ਦੀ ਅਸਲ ਤਸਵੀਰ ਅਡਾਨੀ, ਅੰਬਾਨੀ ਅਤੇ ਕੁਝ ਹੋਰਨਾਂ ਦੀਆਂ ਝੋਲੀਆਂ ਭਰਨ ਅਤੇ ਦੇਸ਼ ਦੇ ਜਨ-ਸੁਧਾਰ ਵਿੱਚ ਬੇਰੁਜ਼ਗਾਰੀ ਵਧਣ ਦੇ ਅੰਕੜੇ ਹਨ। ਦੇਸ਼ ਦੇ ਕੌਮੀ ਜਾਇਦਾਦਾਂ, ਜਨਤਕ ਅਦਾਰੇ ਨਿੱਜੀ ਹੱਥਾਂ ਵਿੱਚ ਦਿੱਤੇ ਜਾ ਰਹੇ ਹਨ। ਇਹਨਾਂ ਸਭ ਉਤੇ ਰੋਲ-ਘਚੋਲੇ ਰਾਹੀਂ ਪਰਦੇ ਪਾਉਣ ਲਈ ਸਿਵਲ ਕੋਡ ਦਾ ਤਾਣਾ-ਬਾਣਾ ਬਣਾਇਆ ਜਾ ਰਿਹਾ ਹੈ, ਜਿਸ ਦੇ ਸਰਕਾਰੀ ਸਾਧਨਾਂ ਅਤੇ ਗੋਦੀ ਮੀਡੀਏ ਰਾਹੀਂ ਪਰਚਾਰ ਕੀਤੇ ਜਾ ਰਹੇ। ਪ੍ਰਧਾਨ ਮੰਤਰੀ ਵਿਰੋਧੀ ਪਾਰਟੀਆਂ ਦੀ ਨੀਤੀ ਨੂੰ ਤੁਸ਼ਟੀਕਰਨ ਭਾਵੇਂ ਚੋਣਾਂ ਲਈ ਪਤਿਆਉਣ ਵਾਲੀ ਦੱਸ ਰਹੇ ਹਨ, ਹਕੀਕਤ ਵਿੱਚ ਸਿਵਲ ਕੋਡ ਦਾ ਢੰਕਵੰਜ ਦੇਸ਼ ਵਾਸੀਆਂ ਦਾ ਧਿਆਨ ਰੋਜ਼ੀ, ਰੋਟੀ, ਰਿਹਾਇਸ਼, ਸਿਹਤਯਾਬੀ, ਵਿੱਦਿਆ ਅਤੇ ਰੁਜ਼ਗਾਰ ਦੇ ਮੁੱਖ ਮਸਲਿਆਂ ਤੋਂ ਲਾਂਭੇ ਕਰਨ ਅਤੇ ਆਪਸ ਵਿੱਚ ਲੜਾ ਕੇ ਵੋਟਾਂ ਹਾਸਲ ਕਰਨ ਦਾ ਮਾਹੌਲ ਸਿਰਜਿਆ ਜਾ ਰਿਹੈ। ਸਹੀ ਅਰਥਾਂ ਵਿੱਚ ਭਾਜਪਾ ਨੇ ਆਪਣੇ ਨੌਂ ਸਾਲਾਂ ਦੇ ਰਾਜ ਵਿੱਚ ਜਨ-ਸੁਧਾਰ ਦੇ ਹਿੱਤਾਂ ਦਾ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ। 2024 ਦੀਆਂ ਚੋਣਾਂ ਦੀ ਸਾਰੀ ਟੇਕ ਪਾੜੋ ਤੇ ਰਾਜ ਕਰੋ ਉਤੇ ਰੱਖੀ ਜਾ ਰਹੀ ਹੈ।

ਪ੍ਰਧਾਨ ਮੰਤਰੀ ਉਹਨਾਂ ਖੇਤਰਾਂ ਦਾ ਜ਼ਿਕਰ ਕਰ ਰਹੇ ਹਨ, ਜਿੱਥ ਗੈਰ-ਭਾਜਪਾ ਸਰਕਾਰਾਂ ਹਨ ਕਿ ਉਹਨਾਂ ਦੇ ਪੱਛੜੇ ਵਰਗਾਂ ਜਿਹੜਿਆਂ ਵਿੱਚ ਮੁਸਲਮਾਨਾਂ ਦੇ ਉਹ ਵਰਗ ਵੀ ਹਨ, ਜਿਹਨਾਂ ਦੀ ਬਿਹਤਰੀ ਲਈ ਕੁਝ ਵੀ ਨਹੀਂ ਕੀਤਾ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਉਹਨਾਂ ਦੇ ਸਹਿਯੋਗੀਆਂ ਤੇ ਸਿਪਾਸਲਾਰਾਂ ਦੀ ਹੁਣ ਵਾਲੀ ਮੁਹਿੰਮ 2024 ਦੀਆਂ ਚੋਣਾਂ ਵਿੱਚ ਫੇਰ ਤੋਂ ਭਾਜਪਾ ਨੂੰ ਜੇਤੂ ਬਣਾਉਣਾ ਹੈ, ਇਸ ਉਦੇਸ਼ ਲਈ ਭਾਵੇਂ ਉਹ ਜਨ-ਸੁਧਾਰ ਨੂੰ ਸਹੂਲਤਾਂ ਦੇਣ ਦਾ ਵਿਖਾਵਾ ਵੀ ਨਹੀਂ ਕਰ ਰਹੇ, ਪਰ ਅਸਲ ਟੇਕ ਪਾੜੋ ਤੇ ਰਾਜ ਕਰੋ ਦੀ ਨੀਤੀ ਉਤੇ ਹੈ। ਇਸ ਦੇਸ਼ 'ਚ ਦੋ ਕਾਨੂੰਨ ਨਹੀਂ ਹੋ ਸਕਦੇ। ਸਿਵਲ ਕੋਡ ਲਿਆਉਣ ਦਾ ਧੂਮ-ਧੜੱਕਾ ਦੇਸ਼ ਵਾਸੀਆਂ ਵਿੱਚ ਭੁਲੇਖੇ ਪੈਣ ਕਰਕੇ ਆਪਸ ਵਿੱਚ ਟਕਰਾਉਣ ਦੀ ਮੁਹਿੰਮ ਹੈ। ਲੰਮੇ ਅਰਸੇ ਲਈ ਭਾਰਤ ਵਿੱਚ ਲੋਕਤੰਤਰਿਕ ਮਾਨਤਾਵਾਂ ਵਾਲਾ ਸੰਵਿਧਾਨ ਸਮੇਟਣਾ ਅਤੇ ਤਾਨਾਸ਼ਾਹੀ ਰਾਜ ਕਾਇਮ ਕਰਨਾ ਹੈ।

ਭਾਜਪਾ 2024 ਦੀ ਮੁਹਿੰਮ ਵਿੱਚ ਸਫਲ ਹੋ ਜਾਂਦੀ ਹੈ ਤਾਂ ਮੁੱਢਲੇ ਪੜਾਅ ਉਤੇ ਫਸਲਾਂ ਦੇ ਘੱਟੋ-ਘੱਟ ਭਾਅ ਦੀ ਸਫਲਪੇਟ ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਵਾਪਸ ਹੋਏ ਤਿੰਨ ਖੇਤੀ ਕਾਨੂੰਨ ਫਿਰ ਤੋਂ ਲਾਗੂ ਕਰਨ, ਅੱਠ ਘੰਟਿਆਂ ਦੀ ਦਿਹਾੜੀ, ਬਿਜਲੀ ਬਿੱਲ ਆਦਿ ਦੇ ਲਟਕੇ ਹੋਏ ਕਾਨੂੰਨ ਲਾਗੂ ਕਰਨ ਦਾ ਫਿਰ ਤੋਂ ਯਤਨ ਹੋ ਸਕਦਾ ਹੈ। ਸੰਖੇਪ ਵਿਚ ਕਹਿ ਸਕਦੇ ਹਾਂ ਕਿ ਨਵਉਦਾਰਵਾਦ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੇ ਉਪਰਾਲੇ ਕੀਤੇ ਜਾ ਸਕਣਗੇ। ਹੁਣ ਸਿਵਲ ਕੋਡ ਪਾਸ ਹੁੰਦੇ ਤਾਂ ਇਹ ਉਪਰ ਦਰਸਾਈ ਮੰਜ਼ਲ ਤੱਕ ਪਹੁੰਚ ਦੀ ਪਹਿਲੀ ਪੌੜੀ ਸਿੱਧ ਹੋ ਸਕਦੀ ਹੈ।

**# ਸੰਪਰਕ : 94179-71600**

# ਕਰਮਾਂ ਨਾਲ ਮਿਲੀਆਂ ਚੀਜ਼ਾਂ ਪੰਜਾਬੀ ਕਿਵੇਂ ਵੇਚਣ ਲੱਗੇ ?



ਅਵਤਾਰ ਤਰਕਸ਼ੀਲ

ਪੰਜਾਬ ਵਿੱਚ ਰਹਿੰਦਿਆਂ ਜਦੋਂ ਅਜੇ 7-8 ਸਾਲ ਦਾ ਹੀ ਸੀ ਤਾਂ ਸਿਆਣੀਆਂ ਮਾਤਾਵਾਂ ਦੇ ਮੂੰਹੋਂ ਅਕਸਰ ਸੁਣਦਾ ਕਿ ਦੁੱਧ ਤੇ ਪੁੱਤ ਕਰਮਾਂ ਨਾਲ ਹੀ ਮਿਲਦੇ ਹਨ।

ਉਨ੍ਹਾਂ ਸਮਿਆਂ ਵਿੱਚ ਪੈਸਾ ਬਹੁਤ ਘੱਟ ਹੁੰਦਾ ਸੀ। ਪੈਸੇ ਵਾਸਤੇ ਲੋਕਾਂ ਵਿੱਚ ਬੇਲੋੜੀ ਦੌੜ ਵੀ ਨਹੀਂ ਸੀ, ਲੋਕ ਕਾਹਲੀ ਵਿੱਚ ਵੀ ਨਹੀਂ ਹੁੰਦੇ ਸਨ ਜ਼ਿਆਦਾ ਲੋਕ ਖੇਤੀਬਾੜੀ 'ਤੇ ਨਿਰਭਰ ਸਨ ਲੋਕ ਫਸਲਾਂ ਨੂੰ ਵੇਚਣ ਦੀ ਬਜਾਏ ਇੱਕ-ਦੂਜੇ ਨਾਲ ਲੋੜ ਅਨੁਸਾਰ ਵਟਾ ਲੈਂਦੇ ਸਨ ।

ਖੇਤਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਵੀ ਕੰਮ ਵੱਟੇ ਦਾਣੇ ਹੀ ਲੈਂਦੇ ਹੁੰਦੇ ਸੀ ਜਾਂ ਉਨ੍ਹਾਂ ਨੂੰ ਰੋਟੀ-ਪਾਣੀ ਖਵਾ ਦਿੱਤਾ ਜਾਂਦਾ ਸੀ, ਬਹੁਤ ਵਾਰ ਤਾਂ ਰਿਸ਼ਤੇਦਾਰੀ ਵਿੱਚੋਂ ਕੋਈ ਨਾ ਕੋਈ ਖੇਤੀਬਾੜੀ ਦੇ ਕੰਮ ਵਿੱਚ ਮਦਦ ਕਰਵਾਉਣ ਲਈ ਆਵਤ 'ਤੇ ਆ ਜਾਂਦਾ ਸੀ। ਆਵਤ ਦਾ ਭਾਵ ਕਿ ਆਏ ਹੋਏ ਮਹਿਮਾਨ ਦੀ ਕੰਮ ਵੱਟੇ ਸੇਵਾ ਕਰ ਦਿੱਤੀ ਜਾਂਦੀ ਸੀ।

ਜਦੋਂ ਕਿਸੇ ਨੂੰ ਪੁੱਛ ਲੈਣਾ ਕਿ ਕੀ ਤੁਸੀਂ ਦੁੱਧ ਵੇਚਣਾ ਚਾਹੁੰਦੇ ਹੋ? ਬਹੁਤ ਵਾਰ ਜਵਾਬ ਮਿਲਣਾ ਕਿ ਦੁੱਧ-ਪੁੱਤ ਵੇਚੀਦੇ ਨਹੀਂ ਹੁੰਦੇ। ਹੁਣ ਵਾਲੀ ਪੀੜ੍ਹੀ ਵਾਸਤੇ ਇਹ ਹੈਰਾਨ ਕਰਨ ਵਾਲੀ ਗੱਲ ਹੋਵੇਗੀ, ਪਰ ਸੱਚ ਇਹੀ ਸੀ।

ਸਮਾਂ ਬਦਲਿਆ, ਪੰਜਾਬੀਆਂ ਦੀ ਸੋਚ ਬਦਲੀ, ਜੋ ਹੁਣ ਪਿੱਛੇ ਮੁੜਨ ਦਾ ਨਾਂਅ ਹੀ ਨਹੀਂ ਲੈ ਰਹੀ । ਕਾਰਪੋਰੇਟ ਘਰਾਣੇ ਆਏ, ਜਿਨ੍ਹਾਂ ਵੱਡੇ ਕਾਰੋਬਾਰ ਵਿਕਸਤ ਕੀਤੇ ਅਤੇ ਲੋਕਾਂ ਨੂੰ ਵੱਧ ਤਨਖਾਹਾਂ 'ਤੇ ਨੌਕਰੀਆਂ ਦਿੱਤੀਆਂ।

ਵੱਧ ਪੈਸੇ ਤੇ ਨੌਕਰੀਆਂ ਦੇਣੀਆਂ ਵਧੀਆ ਜ਼ਰੂਰ ਲਗਦੀਆਂ ਹਨ, ਪਰ ਇਸ ਵਧੀ ਹੋਈ ਆਮਦਨ ਦੇ ਨਾਲ-ਨਾਲ ਬਹੁਤ ਨਵੇਂ ਖਰਚੇ ਪੈਦਾ ਹੋ ਗਏ। ਉਦਾਹਰਣ ਦੇ ਤੌਰ 'ਤੇ ਮਹਿੰਗੇ ਟੀਵੀ (ਟੈਲੀਵੀਜ਼ਨ), ਵੀ ਸੀ ਆਰ, ਫਰਨੀਚਰ, ਸਕੂਟਰ, ਮੋਟਰ ਸਾਇਕਲ, ਕਾਰਾਂ , ਟਰੈਕਟਰ, ਟਰਾਲੀਆਂ, ਕੰਬਾਈਨਾਂ, ਫੋਨ, ਬਹੁਤ ਤਰ੍ਹਾਂ ਦੀਆਂ ਮਠਿਆਈਆਂ, ਡਰਿੰਕਾਂ ਅਤੇ ਹੋਰ ਖਾਣ ਵਾਲੇ ਫਾਸਟ ਫ਼ੂਡ ਹੋਂਦ ਵਿੱਚ ਆਏ।

ਭਾਵੇਂ ਕਿ ਮਸ਼ੀਨਰੀ ਨੇ ਇਨਸਾਨ ਦੀ ਤਰੱਕੀ ਵਿੱਚ ਯੋਗਦਾਨ ਪਾਇਆ, ਪਰ ਮਸ਼ੀਨਰੀ ਦੇ ਆਉਣ ਨਾਲ ਵੱਡੀ ਗਿਣਤੀ ਇਨਸਾਨ ਵਿਹਲੜ ਬਣ ਗਏ। ਕੰਮ ਘੱਟ ਕਰਨ ਜਾਂ ਨਾ ਕਰਨ ਨਾਲ ਲੋਕ ਬਿਮਾਰੀਆਂ ਦੇ ਸ਼ਿਕਾਰ ਹੋਏ। ਜਿੱਥੇ ਉਪਰੋਕਤ ਸਭ ਕੁਝ ਬਹੁਤ ਜ਼ਿਆਦਾ ਮਹਿੰਗਾ ਸੀ, ਉੱਥੇ ਹੀ ਇਹ ਸਿਹਤ ਲਈ ਖਤਰਨਾਕ ਸੀ। ਇਸ ਸਭ ਦੇ ਨਾਲ-ਨਾਲ ਪੰਜਾਬੀਆਂ ਨੂੰ ਨਵੇਂ ਫੈਸ਼ਨ ਦੀ ਆਦਤ ਪਈ, ਜੋ ਹਰ ਇੱਕ ਦੋ ਦਿਨ ਬਾਅਦ ਬਦਲਣ ਲੱਗਾ। ਟੈਲੀਵੀਜ਼ਨ ਦੀ ਵੱਧ ਵਰਤੋਂ ਨਾਲ ਘਰੇਲੂ ਔਰਤਾਂ ਨਾਟਕ ਅਤੇ ਫ਼ਿਲਮਾਂ ਦੇਖ ਕੇ ਵੱਧ ਸਮਾਂ ਖਰਾਬ ਕਰਨ ਦੇ ਨਾਲ-ਨਾਲ ਖੁਦ ਨੂੰ ਵੀ ਹੀਰੋਇਨਾਂ ਵਰਗਾ ਹੋਣ ਦੇ ਸੁਪਨੇ ਲੈਣ ਲੱਗੀਆਂ। ਨਤੀਜਾ ਇਹ ਹੋਇਆ ਕਿ ਔਰਤਾਂ ਦਾ ਫੈਸ਼ਨ ਬਹੁਤ ਤੇਜ਼ੀ ਨਾਲ ਵਧਿਆ, ਜਿਸ ਨਾਲ ਇਨਸਾਨਾਂ ਦੀ ਵਧੀ ਹੋਈ ਆਮਦਨ ਬਹੁਤ ਤੇਜ਼ੀ ਨਾਲ ਖਤਮ ਹੋਈ।

ਬਚਪਨ ਵਿੱਚ ਇੱਕ ਹੋਰ ਚੀਜ਼ ਸੁਣਨ ਨੂੰ ਮਿਲਦੀ ਸੀ ਕਿ ਸ਼ਾਹੂਕਾਰ ਦਾ ਕਰਜ਼ਾ ਬਹੁਤ ਮਾੜਾ ਹੁੰਦਾ ਹੈ। ਲੋਕ ਸਿਆਣਿਆਂ ਦੀ ਇਸ ਨਸੀਹਤ ਦੇ ਬਾਵਜੂਦ ਇਸ ਤੋਂ ਉਲਟ ਚੱਲ ਪਏ । ਆਪਣੇ ਵਧੇ ਹੋਏ ਖਰਚੇ ਪੂਰੇ ਕਰਨ ਲਈ ਲੋਕਾਂ ਕਰਜ਼ੇ ਲੈਣੇ ਸ਼ੁਰੂ ਕਰ ਦਿੱਤੇ। ਇਸ ਤੋਂ ਬਾਅਦ ਕਿਸ਼ਤਾਂ 'ਤੇ ਚੀਜ਼ਾਂ ਖਰੀਦਣ ਦਾ ਦੌਰ ਸ਼ੁਰੂ ਹੋਇਆ, ਭਾਵ ਲੋਕ ਆਪਣੀ ਕੰਮ ਵਾਲੀ ਤਨਖਾਹ ਮਿਲਣ ਤੋਂ ਪਹਿਲਾਂ ਹੀ ਕਿਸ਼ਤਾਂ ਦੇ ਰੂਪ ਵਿੱਚ ਖਤਮ ਕਰਨ ਲੱਗੇ। ਕਰੈਡਿਟ ਕਾਰਡਾਂ ਨੂੰ ਵਰਤਣ ਦਾ ਰਿਵਾਜ ਹੋਇਆ ਤਾਂ ਲੋਕਾਂ ਕਰੈਡਿਟ ਕਾਰਡ ਦਾ ਵਿਆਜ ਬਹੁਤ ਜਿਆਦਾ ਭਰਿਆ। ਕਈ ਕਰੈਡਿਟ ਕਾਰਡ ਕੰਪਨੀਆਂ 20 ਫੀਸਦੀ ਦੇ ਲਾਗੇ ਵਿਆਜ ਲੈਂਦੀਆਂ ਹਨ।

ਵਿਦੇਸ਼ਾਂ ਨੂੰ ਜਾਣ ਦਾ ਸਫ਼ਰ ਕੁਝ ਹਜ਼ਾਰ ਰੁਪਏ ਤੋਂ ਸ਼ੁਰੂ ਹੋ ਕੇ ਅੱਜ ਲੱਖਾਂ ਰੁਪਏ ਤੱਕ ਪਹੁੰਚ ਚੁੱਕਾ ਹੈ। ਇਸ ਕਿੱਤੇ ਵਿੱਚੋਂ ਟਰੈਵਲ ਏਜੰਟਾਂ ਨੇ ਖੂਬ ਕਮਾਈ ਕੀਤੀ। ਇਸ ਵਿੱਚੋਂ ਕੁਝ ਨੇ ਇਮਾਨਦਾਰੀ ਨਾਲ ਕਮਾਈ ਕੀਤੀ। ਪਰ ਵੱਡੀ ਗਿਣਤੀ ਨੇ ਧੋਖੇ ਨਾਲ ਕਮਾਈ ਕੀਤੀ।

ਇਸੇ ਸਮੇਂ ਦੌਰਾਨ ਪੰਜਾਬੀਆਂ ਨੇ ਵਿਦੇਸ਼ਾਂ ਨੂੰ ਜਾਣ ਖਾਤਰ ਆਪਣੇ ਕੁੜੀਆਂ ਅਤੇ ਮੁੰਡਿਆਂ ਦਾ ਵਿਆਹ ਦੇ ਰੂਪ ਵਿੱਚ ਵਪਾਰ ਸ਼ੁਰੂ ਕੀਤਾ, ਭਾਵ ਵਿਆਹ ਵਰਗੇ ਪਵਿੱਤਰ ਰਿਸ਼ਤੇ ਨੂੰ ਵੀ ਵੇਚਿਆ। ਇਹ ਰਿਸ਼ਤੇ ਇੱਕ-ਦੂਜੇ ਦੀ ਪਸੰਦ ਨਾਲ ਹੋਣ ਦੀ ਬਜਾਏ ਆਪਣੀ ਆਰਥਿਕ ਲੋੜ ਪੂਰੀ ਕਰਨ ਅਤੇ ਵਿਦੇਸ਼ਾਂ ਨੂੰ ਜਾਣ ਖਾਤਰ ਹੋਏ, ਜਿਸ ਕਾਰਣ ਇੱਕ ਧਿਰ ਵਿਦੇਸ਼ ਜਾ ਕੇ ਦੂਜੀ ਧਿਰ ਨਾਲ ਧੋਖਾ ਕਰ ਗਈ। ਇਹੋ ਜਿਹੇ ਮਾਮਲੇ ਅਕਸਰ ਅਖਬਾਰਾਂ ਵਿੱਚ, ਸੋਸ਼ਲ ਮੀਡੀਆ ਵਿੱਚ ਅਤੇ ਪੰਜਾਬੀਆਂ ਦੀਆਂ ਮਹਿਫ਼ਲਾਂ ਵਿੱਚ ਦੇਖਣ ਅਤੇ ਸੁਣਨ ਨੂੰ ਮਿਲਦੇ ਹਨ।

ਵਿਦੇਸ਼ੀ ਸਰਕਾਰਾਂ ਵੀ ਇਸ ਲੁੱਟ ਵਿੱਚ ਸ਼ਾਮਲ ਹੋਈਆਂ। ਉਨ੍ਹਾਂ ਵੱਡੀ ਗਿਣਤੀ ਪੰਜਾਬ ਤੋਂ ਅਤੇ ਦੂਜੇ ਪਛੜੇ ਮੁਲਕਾਂ ਤੋਂ ਬੱਚਿਆਂ ਨੂੰ ਪੜ੍ਹਨ ਲਈ ਆਪੋ-ਆਪਣੇ ਮੁਲਕਾਂ ਵਿੱਚ ਸੱਦਿਆ । ਇਸ ਆਈ ਹੋਈ ਪੀੜ੍ਹੀ ਨੇ ਆਪਣੇ ਪਰਵਾਰਾਂ ਦੇ ਲੱਖਾਂ ਰੁਪਏ ਵੀ ਖਤਮ ਕੀਤੇ ਅਤੇ ਕਈਆਂ ਨੇ ਵਿਦੇਸ਼ ਖਾਤਰ ਜ਼ਮੀਨਾਂ ਵੀ ਗਹਿਣੇ ਰੱਖ ਦਿੱਤੀਆਂ ਜਾਂ ਵਿਕਾ ਦਿੱਤੀਆਂ।

ਜਿਹੜੇ ਵਿਦੇਸ਼ੀ ਮੁਲਕ ਦੂਜੀ ਸੰਸਾਰ ਜੰਗ ਵਿੱਚ ਸ਼ਾਮਲ ਸਨ, ਉਨ੍ਹਾਂ ਵਿੱਚ ਨੌਜਵਾਨ ਉਮਰ ਦੇ ਬੱਚਿਆਂ ਦੀ ਘਾਟ ਸੀ। ਭਾਰਤ ਵਿੱਚ ਨੌਜਵਾਨਾਂ ਦੀ ਘਾਟ ਨਹੀਂ ਸੀ, ਇਸ ਕਰਕੇ ਇਹ ਘਾਟ ਭਾਰਤ ਵਿੱਚੋਂ ਪੂਰੀ ਹੋਣ ਲੱਗੀ।

ਇਨਾਂ ਵਿਦੇਸ਼ਾਂ ਵਿੱਚ ਜਾਣ ਵਾਲਿਆਂ ਵਿੱਚੋਂ ਕੁਝ ਉੱਥੇ ਪੱਕੇ ਹੋ ਗਏ ਅਤੇ ਸੋਹਣਾ ਪੈਸਾ ਬਣਾ ਪਿੰਡ ਕੋਠੀਆਂ ਵੀ ਬਣਾ ਲਈਆਂ, ਪਰ ਵੱਡੀ ਗਿਣਤੀ ਦੀ ਖੂਹ ਦੀ ਮਿੱਟੀ ਖੂਹ ਹੀ ਲਗਦੀ ਰਹੀ ।

ਜਿਹੜੇ ਆਪਣੀ ਆਰਥਿਕਤਾ ਮਜ਼ਬੂਤ ਕਰ ਗਏ, ਉਨ੍ਹਾਂ ਵਿੱਚੋਂ ਬਹੁਤਿਆਂ ਦੀ ਔਲਾਦ ਪੰਜਾਬ ਜਾਣਾ ਨਹੀਂ ਚਾਹੁੰਦੀ, ਇਸ ਕਰਕੇ ਉਨ੍ਹਾਂ ਦੀ ਦੂਜੀ ਪੀੜ੍ਹੀ ਨੂੰ ਪੰਜਾਬ ਵਿਚਲੀ ਜ਼ਮੀਨ ਜਾਂ ਘਰ ਵਿੱਚ ਕੋਈ ਖਾਸ ਦਿਲਚਸਪੀ ਨਹੀਂ ਰਹੀ। ਉਨ੍ਹਾਂ ਵਿੱਚੋਂ ਬਹੁਤੇ ਬੱਚਿਆਂ ਨੂੰ ਤਾਂ ਮਾਪੇ ਪੰਜਾਬੀ ਬੋਲੀ ਨਾਲ ਵੀ ਜੋੜ ਨਹੀਂ ਸਕੇ। ਪੰਜਾਬੀ ਭਾਸ਼ਾ ਨਾਲੋਂ ਟੁੱਟਿਆ ਬੱਚਾ ਪੰਜਾਬ ਨਾਲ ਜੁੜਨਾ ਬਹੁਤ ਮੁਸ਼ਕਲ ਹੁੰਦਾ ਹੈ। ਕੁਝ ਦੇ ਮਾਪੇ ਪੰਜਾਬ ਵਿੱਚ ਆਪਣੇ ਵਿਦੇਸ਼ਾਂ ਵਿੱਚ ਗਏ ਬੱਚਿਆਂ ਨੂੰ ਮਿਲਣ ਨੂੰ ਤਰਸ ਰਹੇ ਹਨ। ਵਿਦੇਸ਼ ਗਏ ਪੁੱਤ-ਧੀਆਂ ਆਪਣੇ ਖਰੀਦੇ ਹੋਏ ਘਰਾਂ ਦੀਆਂ ਕਿਸ਼ਤਾਂ ਵੀ ਪੂਰੀਆਂ ਨਹੀਂ ਕਰ ਪਾ ਰਹੇ।

ਇਸ ਕਰਕੇ ਕਹਿ ਸਕਦੇ ਹਾਂ ਕਿ ਜਦੋਂ ਤੋਂ ਪੰਜਾਬੀਆਂ ਨੇ ਕਰਮਾਂ ਨਾਲ ਮਿਲੀਆਂ ਚੀਜ਼ਾਂ ਦਾ ਵਪਾਰ ਸ਼ੁਰੂ ਕੀਤਾ ਹੈ, ਉਹ ਉਨ੍ਹਾਂ ਨੂੰ ਰਾਸ ਨਹੀਂ ਆਈਆਂ ਹਨ ਅਤੇ ਪੰਜਾਬ ਤੇ ਪੰਜਾਬੀ ਕਰਜ਼ੇ ਵਿੱਚ ਦਿਨੋਂ-ਦਿਨ ਦੱਬੀ ਜਾ ਰਹੇ ਹਨ। ਇਹ ਹਰ ਪੰਜਾਬੀ ਵਾਸਤੇ ਸੋਚਣ ਦਾ ਵਿਸ਼ਾ ਹੈ।

**# ਸੰਪਰਕ : 006421392147**

# ਖ਼ਤਰਨਾਕ ਹੈ ਮੋਬਾਇਲ ਦੀ ਲੋੜ ਤੋਂ ਵੱਧ ਵਰਤੋਂ



ਲਲਿਤ ਗੁਪਤਾ

ਅੱਜ ਸਾਡੇ ਸਾਰਿਆਂ ਦੇ ਹੱਥਾਂ ਵਿੱਚ ਇੱਕ ਉਪਕਰਨ ਹੈ, ਜਿਸ ਨੂੰ ਮੋਬਾਇਲ ਕਿਹਾ ਜਾਂਦਾ ਹੈ। ਇਸ ਮੋਬਾਇਲ ਦੀ ਲਤ ਏਨੀ ਲੱਗ ਗਈ ਹੈ ਕਿ ਇਸ ਦੀ ਅਣਹੋਂਦ ਵਿੱਚ ਬੇਅਰਾਮੀ ਮਹਿਸੂਸ ਹੋਣ ਲੱਗਦੀ ਹੈ। ਇਸ ਸਮੇਂ ਅਸੀਂ ਮੋਬਾਇਲ 'ਤੇ ਕਾਫੀ ਹੱਦ ਤੱਕ ਨਿਰਭਰ ਹਾਂ। ਜਦੋਂ ਇਹ ਅਚਾਨਕ ਬੰਦ ਹੋ ਜਾਂਦਾ ਹੈ ਜਾਂ ਡਿੱਗਦਾ ਹੈ ਤਾਂ ਦਿਲ 'ਤੇ ਸੱਟ ਵਾਂਗ ਮਹਿਸੂਸ ਹੁੰਦਾ ਹੈ। ਇਸ ਭੱਜ-ਦੌੜ ਭਰੀ ਜ਼ਿੰਦਗੀ ਵਿਚ ਲੋਕ ਵੱਧ ਤੋਂ ਵੱਧ ਇਸ ਦੇ ਆਦੀ ਹੋ ਗਏ ਹਨ, ਜੋ ਕਿ ਹਰ ਪੱਖ ਤੋਂ ਸਾਡੀ ਆਉਣ ਵਾਲੀ ਜ਼ਿੰਦਗੀ ਲਈ ਮਾੜੀ ਗੱਲ ਹੈ।

ਮੋਬਾਈਲ ਫੋਨ ਸਾਡੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ, ਜਿਸ ਦੀ ਅਣਹੋਂਦ ਵਿੱਚ ਸਾਡੇ ਕਈ ਜ਼ਰੂਰੀ ਕੰਮ ਰੁਕ ਜਾਂਦੇ ਹਨ। ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਥੋੜ੍ਹੇ ਸਮੇਂ ਲਈ ਵੀ ਆਪਣੇ ਮੋਬਾਇਲ ਤੋਂ ਦੂਰ ਨਹੀਂ ਕਰ ਸਕਦਾ, ਤਾਂ ਇਸ ਸਥਿਤੀ ਨੂੰ ਮੋਬਾਇਲ ਦੀ ਲਤ ਕਿਹਾ ਜਾਂਦਾ ਹੈ।

ਮੋਬਾਇਲ ਦੀ ਲਤ ਸਾਡੀ ਸਿਹਤ ਲਈ ਹਾਨੀਕਾਰਕ ਹੈ। ਇਹ ਸਾਡੀ ਸਿਹਤ 'ਤੇ ਡੂੰਘਾ ਪ੍ਰਭਾਵ ਪਾਉਂਦੀ ਹੈ। ਇਸ ਦੀ ਜ਼ਿਆਦਾ ਵਰਤੋਂ ਕਰਨ ਨਾਲ ਮੋਬਾਇਲ ਦੇ ਹਾਨੀਕਾਰਕ ਰੇਡੀਏਸ਼ਨ ਕਾਰਨ ਚਿੜਚਿੜਾਪਨ, ਵਾਰ-ਵਾਰ ਸਿਰ ਦਰਦ, ਅੱਖਾਂ ਨਾਲ ਸੰਬੰਧਤ ਸਮੱਸਿਆਵਾਂ, ਇਨਸੌਮਨੀਆ ਅਤੇ ਦਿਲ ਨਾਲ ਸਬੰਧਤ ਬਿਮਾਰੀਆਂ ਹੋ ਸਕਦੀਆਂ ਹਨ।

ਮੋਬਾਇਲ ਦੀ ਲਗਾਤਾਰ ਵਰਤੋਂ ਕਾਰਨ ਇਸ ਤੋਂ ਨਿਕਲਣ ਵਾਲੀ ਹਾਨੀਕਾਰਕ ਰੇਡੀਏਸ਼ਨ ਦਿਲ ਨਾਲ ਸੰਬੰਧਤ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ ਅੱਖਾਂ ਦੀ ਰੋਸ਼ਨੀ 'ਤੇ ਵੀ ਡੂੰਘਾ ਪ੍ਰਭਾਵ ਪੈਂਦਾ ਹੈ। ਨਾਲ ਹੀ ਸਿਰਦਰਦ, ਨੀਂਦ ਨਾ ਆਉਣਾ, ਚਿੜਚਿੜਾਪਨ, ਯਾਦਾਸ਼ਤ ਦੀ ਕਮਜ਼ੋਰੀ ਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਹੋ ਸਕਦੀਆਂ ਹਨ।

ਜਿੱਥੇ ਸ਼ੁਰੂਆਤ ਵਿੱਚ 'ਆਪਣਿਆਂ ਨਾਲ ਜੁੜਨਾ' ਨੂੰ ਮੋਬਾਇਲ ਦੀ ਪਰਿਭਾਸ਼ਾ ਵਜੋਂ ਪੜ੍ਹਿਆ ਜਾਂਦਾ ਸੀ, ਅੱਜ-ਕੱਲ੍ਹ ਆਪਣਿਆਂ ਤੋਂ ਦੂਰੀ ਦਾ ਮੁੱਖ ਕਾਰਨ ਇਹ ਮੋਬਾਈਲ ਹੈ। ਅੱਜ ਕੱਲ੍ਹ ਪਰਵਾਰ ਦੇ ਮੈਂਬਰ ਅਲੱਗ-ਅਲੱਗ ਕਮਰਿਆਂ ਵਿੱਚ ਹੀ ਬੈਠਦੇ ਹਨ । ਜੇ ਕਦੇ ਇੱਕ ਕਮਰੇ ਵਿੱਚ ਇਕੱਠੇ ਹੋ ਵੀ ਜਾਣ ਤਾਂ ਆਸ-ਪਾਸ ਬੈਠੇ ਮੈਂਬਰਾਂ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਉਂਦੇ ਅਤੇ ਆਪਣੇ ਮੋਬਾਇਲ ਦੀ ਸਕਰੀਨ ਨੂੰ ਸਕਰੋਲ ਕਰਦੇ ਰਹਿੰਦੇ ਹਨ। ਇਸ ਨਾਲ ਆਪਸੀ ਸੰਬੰਧ ਕਮਜ਼ੋਰ ਹੁੰਦੇ ਹਨ। ਜੇਕਰ ਤੁਸੀਂ ਥਕਾਵਟ, ਸੁਸਤੀ, ਨਜ਼ਰ ਘਟਣੀ, ਵਾਲਾਂ ਦਾ ਝੜਨਾ, ਜੀਅ ਕੱਚਾ ਹੋਣਾ, ਨੀਂਦ ਠੀਕ ਨਾ ਆਉਣੀ, ਅਜੀਬ ਖ਼ਿਆਲ ਆਉਣੇ, ਹੱਥਾਂ ਜਾਂ ਬਾਹਵਾਂ ਵਿਚ ਝਣਝਣਾਹਟ, ਇਕ ਕੰਮ ਟਿਕ ਕੇ ਨਾ ਕਰ ਸਕਣਾ, ਧੜਕਣ ਦਾ ਇਕਦਮ ਵਧਣਾ, ਛੇਤੀ ਸੋਚ ਭਟਕ ਜਾਣੀ ਆਦਿ ਵਿਕਾਰਾਂ ਨਾਲ ਜੂਝ ਰਹੇ ਹੋ ਤਾਂ ਸਮਝ ਲਓ ਕਿ ਤੁਹਾਡਾ ਸਰੀਰ ਮੋਬਾਇਲ ਫੋਨ ਦੀਆਂ ਖਤਰਨਾਕ ਰੇਡੀਓ ਕਿਰਨਾਂ ਦੇ ਅਸਰ ਹੇਠ ਆ ਚੁੱਕਿਆ ਹੈ।

ਮੋਬਾਇਲ ਵਿੱਚ ਬਹੁਤ ਸਾਰੀਆਂ ਅਜਿਹੀਆਂ ਐਪਲੀਕੇਸ਼ਨ ਹਨ, ਜਿਨ੍ਹਾਂ ਰਾਹੀਂ ਲੋਕ ਦਿਨ ਭਰ ਦੋਸਤਾਂ ਨਾਲ ਗੱਲਬਾਤ ਕਰਦੇ ਰਹਿ ਸਕਦੇ ਹਨ, ਜਿਵੇਂ ਕਿ ਵਟਸਐਪ, ਫੇਸ ਬੁੱਕ, ਇੰਸਟਾਗ੍ਰਾਮ ਆਦਿ। ਇਸ ਕਾਰਨ ਬੱਚੇ ਪੜ੍ਹਾਈ ਵਿਚ ਸਮਾਂ ਨਹੀਂ ਦਿੰਦੇ। ਬਹੁਤੀਆਂ ਗ੍ਰਹਿਣੀਆਂ ਆਪਣੇ ਕੰਮ ਵਿਚ ਧਿਆਨ ਨਹੀਂ ਦਿੰਦੀਆਂ। ਮੋਬਾਇਲ ਫੋਨ ਦੀ ਜ਼ਿਆਦਾ ਵਰਤੋਂ ਕਾਰਨ ਅਸੀਂ ਅੱਖਾਂ ਦੀ ਕਮਜ਼ੋਰੀ, ਸਿਰਦਰਦ, ਸੁਣਨ ਸ਼ਕਤੀ ਘਟਣਾ, ਤਣਾਅ, ਇਨਸੌਮਨੀਆ ਆਦਿ ਕਈ ਬਿਮਾਰੀਆਂ ਦੀ ਲਪੇਟ ਵਿੱਚ ਆ ਸਕਦੇ ਹਾਂ । ਅੱਜ-ਕੱਲ੍ਹ ਬੱਚਿਆਂ ਨੂੰ ਮੋਬਾਇਲ ਵਿੱਚ ਕਈ ਤਰ੍ਹਾਂ ਦੀਆਂ ਗੇਮਾਂ ਉਪਲੱਬਧ ਹਨ, ਜਿਸ ਦੇ ਨਤੀਜੇ ਵਜੋਂ ਬੱਚੇ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ ਤੋਂ ਦੂਰ ਹੁੰਦੇ ਜਾ ਰਹੇ ਹਨ। ਲੋਕ ਕਈ ਵਾਰ ਮੋਬਾਇਲ ਵਿੱਚ ਬਹੁਤ ਹੀ ਮਸਤ ਹੋ ਜਾਂਦੇ ਹਨ, ਜਿਸ ਕਾਰਨ ਉਹ ਕਿਸੇ ਵੱਡੇ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਕਿਸੇ ਵਹੀਕਲ ਨੂੰ ਚਲਾਉਂਦੇ ਸਮੇਂ ਮੋਬਾਇਲ 'ਤੇ ਗੱਲਾਂ ਕਰਨੀਆਂ ਅਤੇ ਹੈੱਡਫੋਨ ਲਾ ਕੇ ਤੁਰੇ ਜਾਣਾ ਆਮ ਜਿਹੀ ਗੱਲ ਹੈ, ਜੋ ਕਿ ਦੁਰਘਟਨਾ ਦੇ ਸੰਭਾਵਤ ਕਾਰਨ ਹਨ। ਇਕ ਹੋਰ ਸਰਵੇਖਣ ਅਨੁਸਾਰ ਮੋਬਾਇਲ ਫੋਨ ਦੀ ਜ਼ਿਆਦਾ ਵਰਤੋਂ ਕਰਨ ਨਾਲ ਨਿਪੁੰਸਕਤਾ ਵਿੱਚ ਵਾਧਾ ਹੋ ਰਿਹਾ ਹੈ। ਇਸ ਦੇ ਨਾਲ-ਨਾਲ ਗਰਭ ਧਾਰਨ ਕਰਨ ਵਿਚ ਵੀ ਮੁਸ਼ਕਿਲ ਹੋਣਾ ਆਮ ਅਤੇ ਸੁਭਾਵਕ ਹੈ। ਰੀਪਰੋਡਕਟਿਵ ਐਂਡੋਕਰਾਈਨਾਲੋਜੀ ਤੇ ਇਨਫਰਟਿਲਿਟੀ ਵਿਭਾਗ ਦੇ ਵੱਖ-ਵੱਖ ਡਾਕਟਰਾਂ ਅਤੇ ਵਿਗਿਆਨੀਆਂ ਨੇ ਆਪਣੇ ਸਾਥੀ ਡਾਕਟਰਾਂ ਨਾਲ ਕੀਤੀ ਖੋਜ ਦੇ ਸਿੱਟੇ ਸਾਡੇ ਸਾਹਮਣੇ ਰੱਖ ਦਿੱਤੇ ਹਨ। ਉਨ੍ਹਾਂ ਨੇ ਗਰਭਵਤੀ ਚੂਹੀ ਕੋਲ 'ਮਿਊਟ' (ਯਾਨੀ ਆਵਾਜ਼ ਬੰਦ) ਕਰਕੇ ਮੋਬਾਇਲ ਫੋਨ ਉਸ ਦੇ ਬੰਦ ਪਿੰਜਰੇ ਉੱਤੇ ਰੱਖ ਦਿੱਤਾ।



ਮੋਬਾਈਲ ਫ਼ੋਨ ਆਮ ਵਾਂਗ ਚੱਲਣ ਦਿੱਤਾ ਗਿਆ, ਜਿਸ ਉੱਤੇ ਟੈਲੀਫ਼ੋਨ ਕਾਲਾਂ ਆਉਂਦੀਆਂ ਰਹੀਆਂ, ਬਸ ਸਿਰਫ ਘੰਟੀ ਹੀ ਨਹੀਂ ਵੱਜਦੀ ਸੀ । ਜਨਰਲ ਆਫ ਸਾਇੰਟਿਫਿਕ ਰਿਪੋਰਟ ਨੇ ਉਨ੍ਹਾਂ ਦੀ ਰਿਪੋਰਟ ਛਾਪ ਕੇ ਦੱਸਿਆ ਹੈ ਕਿ ਜਦੋਂ ਅਜਿਹੀ ਚੂਹੀ ਦੇ ਬੱਚੇ ਜੰਮੇ ਤੇ ਫੇਰ ਵੱਡੇ ਹੋਏ ਤਾਂ ਉਨ੍ਹਾਂ ਦੇ ਦਿਮਾਗ਼ ਦੇ ਟੈਸਟ ਕੀਤੇ ਗਏ। ਦੂਜੇ ਨਾਰਮਲ ਚੂਹਿਆਂ ਨਾਲੋਂ ਇਹ ਚੂਹੇ ਜੋ ਮਾਂ ਦੇ ਢਿੱਡ ਦੇ ਅੰਦਰ ਉਨ੍ਹਾਂ ਮੋਬਾਇਲ ਫੋਨ ਦੀਆਂ ਰੇਡੀਓ ਕਿਰਨਾਂ ਦੇ ਅਸਰ ਹੇਠ ਆਏ ਸਨ, ਦੀ ਯਾਦ ਸ਼ਕਤੀ ਘੱਟ ਸੀ ਤੇ ਉਹ ਲੋੜ ਤੋਂ ਵੱਧ ਬੇਤੁਕੀਆਂ ਹਰਕਤਾਂ ਕਰ ਰਹੇ ਸਨ। ਉਹ ਟਿਕ ਕੇ ਬਹਿ ਸਕਣ ਤੋਂ ਅਸਮਰਥ ਸਨ। ਇਹ ਉਹਨਾਂ ਗਰਭਵਤੀ ਮਾਵਾਂ ਲਈ ਵੀ ਸਬਕ ਹੈ ਜਿਹੜੀਆਂ ਗਰਭ ਧਾਰਨ ਕਰਨ ਤੋਂ ਬਾਅਦ ਮੋਬਾਇਲ ਦੀ ਵਰਤੋਂ ਲੋੜ ਤੋਂ ਵੱਧ ਕਰਦੀਆਂ ਹਨ, ਕਿਉਂਕਿ ਇਨਸਾਨੀ ਬੱਚੇ ਦੇ ਦਿਮਾਗ਼ ਦੀ ਬਣਤਰ ਵੀ ਇੰਨ-ਬਿੰਨ ਚੂਹੇ ਵਾਂਗ ਹੀ ਪੱਕੇ ਤੌਰ ਉੱਤੇ ਵਿਗੜ ਸਕਦੀ ਹੈ । ਵਿਗਿਆਨੀਆਂ ਅਨੁਸਾਰ ਮੋਬਾਈਲ ਫੋਨ 450 ਤੋਂ 2700 ਮੈਗਾ ਹਰਟਜ਼ ਆਵਰਿਤੀ ਵਾਲੀਆਂ ਰੇਡੀਓ ਕਿਰਨਾਂ ਦੀ ਵਰਤੋਂ ਕਰਦਾ ਹੈ, ਜਿਹੜੀਆਂ ਰੇਡੀਓ ਕਿਰਨਾਂ ਮੋਬਾਇਲ ਫ਼ੋਨ ਵਿੱਚੋਂ ਨਿਕਲਦੀਆਂ ਹਨ, ਉਹ ਮੋਬਾਈਲ ਦੇ ਕੰਨ ਨਾਲ ਲਗਦੇ ਸਾਰ ਕੰਨ ਅਤੇ ਉਸ ਦੇ ਆਲੇ ਦੁਆਲੇ ਦੇ ਹਿੱਸੇ ਨੂੰ ਗਰਮ ਕਰ ਦਿੰਦੀਆਂ ਹਨ ਤੇ ਇਹ ਗਰਮ ਕਿਰਨਾਂ 0.1 ਤੋਂ 2 ਵਾਟ ਤੱਕ ਪਾਵਰ (ਸ਼ਕਤੀ) ਦੀਆਂ ਹੁੰਦੀਆਂ ਹਨ।

ਜਿੰਨੀ ਲੰਮੀ ਜਾਂ ਜ਼ਿਆਦਾ ਵਾਰ ਗੱਲਬਾਤ ਹੁੰਦੀ ਰਹੇ, ਓਨੀ ਹੀ ਜ਼ਿਆਦਾ ਦੇਰ ਕੰਨ ਦੀ ਨਸ ਉੱਤੇ ਅਸਰ ਪੈਂਦਾ ਰਹਿੰਦਾ ਹੈ ਤੇ ਹੌਲੀ ਹੌਲੀ ਇਸ ਨਾਲ ਸੁਣਨ ਸ਼ਕਤੀ ਘਟ ਜਾਂਦੀ ਹੈ। ਮੇਰੀ ਸਭ ਨੂੰ ਨਿੱਜੀ ਸਲਾਹ ਹੈ ਕਿ ਮੋਬਾਇਲ ਦੇ ਏਨੇ ਖਤਰਨਾਕ ਪ੍ਰਭਾਵ ਨੂੰ ਦੇਖ ਕੇ ਸਾਨੂੰ ਮੋਬਾਇਲ ਤੋਂ ਪਰ੍ਹਾਂ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਵਾਰ-ਵਾਰ ਗੱਲ ਕਰਨ ਦੀ ਬਜਾਏ ਐੱਸ ਐੱਮ ਐੱਸ ਦੀ ਵਰਤੋਂ ਕੀਤੀ ਜਾਵੇ। ਰਾਤ ਨੂੰ ਸੌਣ ਤੋਂ ਪਹਿਲਾਂ ਮੋਬਾਈਲ ਤੇ ਨੈੱਟ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਬਿਹਤਰ ਹੋਵੇਗਾ। ਆਪਣੀ ਇਸ ਬੇਸ਼ਕੀਮਤੀ ਜ਼ਿੰਦਗੀ ਨੂੰ ਬਰਬਾਦ ਨਾ ਕਰੋ। ਜਿੰਨਾ ਹੋ ਸਕੇ ਮੋਬਾਇਲ ਦੀ ਐਡਿਕਸ਼ਨ ਜਾਂ ਲੱਤ ਨੂੰ ਛੱਡੋ ਅਤੇ ਆਪਣਿਆਂ ਨਾਲ ਸਮਾਂ ਬਤੀਤ ਕਰੋ।

**# ਸੰਪਰਕ : 97815-90500**

10-JULY-PAGE-5.qxd 7/9/2023 8:38 PM Page 1



# ਹਥਿਆਰਾਂ ਦੀ ਦੌੜ ਨੂੰ ਰੋਕਣ ਤੇ ਪ੍ਰਮਾਣੂ ਹਥਿਆਰਾਂ ਦੇ ਖਤਮੇ ਲਈ ਜਨ-ਅੰਦੋਲਨ ਦੀ ਲੋੜ : ਡਾ. ਮਿੱਤਰਾ

## ਪ੍ਰਮਾਣੂ ਹਥਿਆਰਾਂ 'ਤੇ ਪਬੰਦੀ ਦੀ ਸੰਯੁਕਤ ਰਾਸ਼ਟਰ ਦੀ ਸੰਧੀ ਦੀ ਵਰ੍ਹੇਗੰਢ 'ਤੇ ਸੈਮੀਨਾਰ




**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਹਥਿਆਰਾਂ ਦੀ ਦੌੜ ਨੂੰ ਰੋਕਣ ਤੇ ਧਰਤੀ ਤੋਂ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨ ਲਈ ਪ੍ਰਭਾਵਸ਼ਾਲੀ ਵਿਸ਼ਵ ਪੱਧਰੀ ਉਪਾਅ ਕਰਨ ਵਿੱਚ ਕੋਈ ਵੀ ਦੇਰੀ ਮਨੁੱਖ ਜਾਤੀ ਦੀ ਹੋਂਦ ਨੂੰ ਖਤਰਾ ਪੈਦਾ ਕਰਨ ਵਾਲੇ ਵਿਨਾਸ਼ਕਾਰੀ ਪ੍ਰਭਾਵ ਦਾ ਕਾਰਨ ਬਣ ਸਕਦੀ ਹੈ। ਇਸ ਮੁੱਦੇ 'ਤੇ ਸਟਾਕਹੋਮ ਪੀਸ ਰਿਸਰਚ ਇੰਸਟੀਚਿਊਟ (ਸਿਪਰੀ) ਤੇ ਇੰਟਰਨੈਸ਼ਨਲ ਕੈਂਪੇਨ ਟੂ ਅਬੋਲਿਸ ਨਿਊਕਲੀਅਰ ਵੈਪਨਸ (ਆਈ ਕੈਨ) ਦੀਆਂ ਤਾਜ਼ਾ ਰਿਪੋਰਟਾਂ ਹੈਰਾਨ ਕਰਨ ਵਾਲੀਆਂ ਹਨ। ਰਿਪੋਰਟਾਂ ਮੁਤਾਬਿਕ ਸਾਲ 2022 ਵਿੱਚ ਹਥਿਆਰਾਂ 'ਤੇ ਖਰਚੇ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਇਸ ਦੇ ਕਾਰਨ ਸਮਾਜਿਕ ਲੋੜਾਂ ਤੇ ਵਰਤੇ ਜਾਣ ਵਾਲੇ ਸੋਮਿਆਂ ਨੂੰ ਵੱਡੀ ਪੱਧਰ 'ਤੇ ਹਥਿਆਰਾਂ ਦੇ ਉਪਰ ਖਰਚ ਕੀਤਾ ਗਿਆ ਹੈ। ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਤੇ ਸੋਸ਼ਲ ਥਿੰਕਰਜ਼ ਫੋਰਮ ਲੁਧਿਆਣਾ ਵੱਲੋਂ ਅੱਜ ਇੱਥੇ 'ਹਥਿਆਰਾਂ ਦੀ ਦੌੜ ਬਨਾਮ ਸਮਾਜਿਕ ਸੁਰੱਖਿਆ' ਵਿਸ਼ੇ 'ਤੇ ਕਰਵਾਏ ਸੈਮੀਨਾਰ 'ਚ ਸ਼ਾਂਤੀ ਪਸੰਦ ਲੋਕਾਂ ਤੇ ਤਾਕਤਾਂ ਨੂੰ ਪ੍ਰਮਾਣੂ ਹਥਿਆਰਾਂ ਨੂੰ ਸਮਾਪਤ ਕਰਨ ਲਈ ਮਜ਼ਬੂਤ ਜਨਤਕ ਲਹਿਰ ਉਸਾਰਨ ਦਾ ਸੱਦਾ ਦਿੱਤਾ। ਪ੍ਰਮਾਣੂ ਹਥਿਆਰਾਂ ਦੀ ਪਬੰਦੀ 'ਤੇ ਸੰਧੀ (ਟੀ.ਪੀ.ਐੱਨ.ਡਬਲਿਊ.) ਨੂੰ ਯੂ. ਐੱਨ. ਜਨਰਲ ਅਸੈਂਬਲੀ ਦੁਆਰਾ ਹੱਕ ਵਿੱਚ 122 ਵੋਟਾਂ ਤੇ ਸਿਰਫ ਇਕ ਵਿਰੋਧ ਵਿੱਚ ਪੈਣ ਨਾਲ ਪਾਸ ਕੀਤਾ ਗਿਆ ਸੀ। ਸੰਸਾਰ ਭਰ ਵਿੱਚ ਚੱਲ ਰਹੇ ਸੰਘਰਸ਼ ਮਨੁੱਖੀ ਜੀਵਨ ਤੇ ਸਰੋਤਾਂ ਲਈ ਇੱਕ ਵੱਡਾ ਖਤਰਾ ਹਨ। ਦੁੱਖ ਦੀ ਗੱਲ ਇਹ ਹੈ ਕਿ ਕੋਵਿਡ ਮਹਾਂਮਾਰੀ ਵਰਗੀਆਂ ਘਟਨਾਵਾਂ ਨਾਲ ਨਜਿੱਠਣ ਲਈ ਇਕਜੁੱਟ ਹੋਣ ਦਾ ਸਬਕ ਸਿੱਖਣ ਦੀ ਬਜਾਏ 2022 ਵਿੱਚ ਹਥਿਆਰਾਂ ਦੇ ਬਜਟ 'ਚ ਵਾਧਾ ਕੀਤਾ ਗਿਆ ਹੈ। ਇਸ ਸਮੇਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਜਨਵਰੀ 2023 ਵਿੱਚ 12512 ਹਥਿਆਰ ਸਨ। ਸੰਭਾਵੀ ਵਰਤੋਂ ਲਈ ਲਗਭਗ 9576 ਫੌਜੀ ਭੰਡਾਰਾਂ ਵਿੱਚ ਸਨ, ਜੋ ਜਨਵਰੀ 2022 ਦੇ ਮੁਕਾਬਲੇ 86 ਵੱਧ ਹਨ। ਇਹ ਗੱਲ ਡਾ: ਅਰੁਣ ਮਿੱਤਰਾ ਪ੍ਰੈਜ਼ੀਡੈਂਟ ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ ਡੀ ਪੀ ਡੀ) ਤੇ ਤਤਕਾਲੀ ਸਹਿ-ਪ੍ਰਧਾਨ ਇੰਟਰਨੈਸ਼ਨਲ ਫਿਜ਼ੀਸ਼ੀਅਨਜ਼ ਫਾਰ ਪ੍ਰੀਵੈਨਸ਼ਨ ਆਫ ਨਿਊਕਲੀਅਰ ਵਾਰ (ਆਈ.ਪੀ.ਪੀ.ਐੱਨ.ਡਬਲਯੂ.) ਨੇ ਕਹੀ। ਉਨ੍ਹਾ ਅੱਗੇ ਕਿਹਾ ਕਿ ਅਮਰੀਕਾ ਤੇ ਨਾਟੋ ਦੀ ਸਪੱਸ਼ਟ ਸ਼ਮੂਲੀਅਤ ਨਾਲ ਰੂਸ ਤੇ ਯੂਕਰੇਨ ਵਿਚਕਾਰ ਚੱਲ ਰਹੀ ਜੰਗ ਦੁਨੀਆ ਨੂੰ ਪ੍ਰਮਾਣੂ ਖਤਰੇ ਵੱਲ ਧੱਕ ਰਹੀ ਹੈ। ਪ੍ਰਮਾਣੂ ਊਰਜਾ ਪਲਾਂਟਾਂ 'ਤੇ ਪ੍ਰਮਾਣੂ ਬੰਬਾਰੀ ਦੇ ਖਤਰੇ ਦੀਆਂ ਤਾਜ਼ਾ ਖਬਰਾਂ ਖਾਸ ਤੌਰ 'ਤੇ ਸਭ ਤੋਂ ਵੱਡੇ ਜਪੋਰੀਝਜ਼ੀਆ ਪ੍ਰਮਾਣੂ ਪਲਾਂਟ ਬਾਬਤ ਬਹੁਤ ਚਿੰਤਾਜਨਕ ਹਨ। ਅਸੀਂ ਪਹਿਲਾਂ ਹੀ ਚਰਨੋਬਿਲ ਤੇ ਫੁਕੁਸ਼ੀਮਾ ਪ੍ਰਮਾਣੂ ਪਲਾਂਟਾਂ ਵਿੱਚ ਹੋਈ ਤਬਾਹੀ ਨੂੰ ਦੇਖ ਚੁੱਕੇ ਹਾਂ। ਵਿਗਿਆਨਕ ਅਧਿਐਨ ਹਨ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ ਲਗਭਗ 100 ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਾਲ ਸੀਮਤ ਪ੍ਰਮਾਣੂ ਐਕਸਚੇਂਜ 2 ਅਰਬ ਤੋਂ ਵੱਧ ਲੋਕਾਂ ਨੂੰ ਖਤਰੇ ਵਿੱਚ ਪਾ ਸਕਦਾ ਹੈ। ਰੂਸ ਤੇ ਨਾਟੋ-ਅਮਰੀਕਾ ਵਿਚਕਾਰ ਇੱਕ ਵੱਡਾ ਪ੍ਰਮਾਣੂ ਆਦਾਨ-ਪ੍ਰਦਾਨ 20 ਕਰੋੜ ਲੋਕਾਂ ਨੂੰ ਤੁਰੰਤ ਮਾਰ ਸਕਦਾ ਹੈ। ਜੰਗ ਦੀ ਕਿਸੇ ਵੀ ਸਥਿਤੀ ਵਿੱਚ ਇਸ ਦਾ ਸਭ ਤੋਂ ਵੱਧ ਨੁਕਸਾਨ ਗਰੀਬ ਦੇਸ਼ਾਂ ਤੇ ਗਰੀਬ ਲੋਕਾਂ ਨੂੰ ਹੀ ਹੁੰਦਾ ਹੈ। ਇਸ ਲਈ ਇਹ ਸਮਝਣਾ ਹੋਵੇਗਾ ਕਿ ਅਜਿਹੀ ਕਿਸੇ ਵੀ ਵਿਸ਼ਵਵਿਆਪੀ ਸਥਿਤੀ ਦਾ ਸਾਡੇ ਦੇਸ਼ 'ਤੇ ਬੁਰਾ ਪ੍ਰਭਾਵ ਪਵੇਗਾ। ਇਸ ਲਈ ਇਹ ਜ਼ਰੂਰੀ ਹੈ ਕਿ ਦੱਖਣੀ ਏਸ਼ੀਆ ਨੂੰ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਖੇਤਰ ਐਲਾਨਿਆ ਜਾਵੇ ਤੇ ਆਪਸੀ ਗੱਲਬਾਤ ਨਾ ਕਿ ਜੰਗੀ ਬਿਆਨਬਾਜ਼ੀ ਨਾਲ ਸਥਾਈ ਸ਼ਾਂਤੀ ਸਥਾਪਤ ਹੋ ਸਕਦੀ ਹੈ।

ਇਸ ਮੌਕੇ ਡਾਕਟਰ ਪਰਮਿੰਦਰ ਸਿੰਘ ਭੋਗਲ, ਡਾਕਟਰ ਦਵਿੰਦਰ ਗਰੋਵਰ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਡਾਕਟਰ ਪਰਮ ਸੈਣੀ, ਬਲਵਿੰਦਰ ਸਿੰਘ ਔਲਖ, ਵਿਨੋਦ ਕੁਮਾਰ ਸੂਦ, ਡਾ. ਜੈਨ, ਗੁਰਸ਼ਰਨ ਸਿੰਘ ਨਰੂਲਾ ਨੇ ਆਪਣੇ ਵਿਚਾਰ ਰੱਖੇ। ਸੈਮੀਨਾਰ ਦਾ ਸੰਚਾਲਨ ਕਰਦੇ ਹੋਏ ਸੋਸ਼ਲ ਥਿੰਕਰਜ਼ ਫੋਰਮ ਦੇ ਸਹਿ-ਕਨਵੀਨਰ ਐੱਮ ਐੱਸ ਭਾਟੀਆ ਨੇ ਕਿਹਾ ਕਿ ਅੱਜ ਤੋਂ ਸ਼ੁਰੂਆਤ ਕਰਕੇ 9 ਅਗਸਤ ਤੱਕ ਪੂਰਾ ਮਹੀਨਾ ਹਥਿਆਰਾਂ ਦੀ ਸਮਾਪਤੀ ਲਈ ਜਨ ਅੰਦੋਲਨ ਬਣਾਉਣ ਲਈ ਵੱਖ ਵੱਖ ਪ੍ਰੋਗਰਾਮ ਕੀਤੇ ਜਾਣਗੇ।

# ਜ਼ਮੀਨ ਦੇ ਰਸਤੇ ਨੂੰ ਲੈ ਕੇ ਲੜਾਈ 'ਚ 9 ਨਾਮਜਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਬਾਰੇਵਾਲਾ ਵਿਖੇ ਹੋਈ ਲੜਾਈ ਸੰਬੰਧੀ 9 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਦੱਈ ਪੰਜਾਬ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਬਾਰੇਵਾਲਾ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਹਰਮੇਸ਼ ਸਿੰਘ ਵਗੈਰਾ ਨਾਲ ਜ਼ਮੀਨ ਵਿੱਚ ਬੰਨਾ ਪਾਉਣ ਨੂੰ ਲੈ ਕੇ ਉਸਦੇ (ਮੁਦੱਈ) ਦੇ ਰਿਸ਼ਤੇਦਾਰ, ਰਸਤੇ ਦਾ ਰਾਜ਼ੀਨਾਮਾ ਕਰਵਾਉਣ ਲਈ ਪਿੰਡ ਬਾਰੇਵਾਲਾ ਵਿਖੇ ਆਏ ਸੀ, ਕਿਉਂਕਿ ਬਲਦੇਵ ਸਿੰਘ ਵਗੈਰਾ ਦੇ ਨਾਲ ਰਸਤੇ ਦੀ ਮਿਣਤੀ ਕਰਕੇ ਜਿੱਥੇ ਰਸਤਾ ਆਉਂਦਾ ਸੀ, ਉਥੇ ਦੋਨਾਂ ਧਿਰਾਂ ਦੀ ਸਹਿਮਤੀ ਨਾਲ ਬੰਨਾ ਪੁਆ ਦਿੱਤਾ ਸੀ ਤੇ ਰਿਸ਼ਤੇਦਾਰਾਂ ਵੱਲੋਂ ਰਾਜ਼ੀਨਾਮਾ ਕਰਵਾ ਦਿੱਤਾ ਗਿਆ ਸੀ, ਜਿਸ ਦੇ ਬਾਅਦ ਕਰੀਬ 10.30 ਵਜੇ ਰਿਸ਼ਤੇਦਾਰਾਂ ਵੱਲੋਂ ਪੁਆਏ ਬੰਨੇ ਦੀ ਸਫਾਈ ਕਰ ਰਿਹਾ ਸੀ ਤਾਂ ਇਸ ਦੌਰਾਨ ਬਲਦੇਵ ਸਿੰਘ ਵਗੈਰਾ ਜ਼ਮੀਨ ਵਿੱਚ ਧੱਕੇ ਨਾਲ ਬੰਨਾ ਪਾਉਣ ਲੱਗੇ, ਜਿਸ 'ਤੇ ਉਸ ਨੇ (ਮੁਦੱਈ) ਕਿਹਾ ਕਿ ਇਸ ਜਗ੍ਹਾ 'ਤੇ ਸਾਡਾ ਕੋਈ ਝਗੜਾ ਨਹੀਂ ਹੈ। ਤੁਸੀ ਬੰਨਾ ਨਾ ਪਾਓ, ਜੇਕਰ ਤੁਹਾਨੂੰ ਕੋਈ ਰਿਸ਼ਤੇਦਾਰ ਵੱਲੋਂ ਪੁਆਈ ਵੱਟ ਸਬੰਧੀ ਗਿਲਾ-ਸ਼ਿਕਵਾ ਜਾਂ ਇਤਰਾਜ਼ ਹੈ ਤਾਂ ਆਪਾਂ ਉਨ੍ਹਾਂ ਨੂੰ ਬੁਲਾ ਕੇ ਬੈਠ ਕੇ ਗੱਲਬਾਤ ਕਰ ਲੈਂਦੇ ਹਾਂ, ਪਰ ਇੰਨੇ ਨੂੰ ਹਰਮੇਸ਼ ਸਿੰਘ ਤੇ ਬਲਦੇਵ ਸਿੰਘ ਵਗੈਰਾ ਕੁੱਟਮਾਰ ਕਰਨ ਲੱਗੇ ਤੇ ਸੱਟਾਂ ਮਾਰੀਆਂ, ਜਿਸ 'ਤੇ ਉਹ ਇਲਾਜ ਲਈ ਹਸਪਤਾਲ ਵਿੱਚ ਵੀ ਦਾਖਲ ਹੋਏ ਹਨ, ਜਿਸ ਸਬੰਧੀ ਪੁਲਸ ਵੱਲੋਂ ਮੁਦੱਈ ਪੰਜਾਬ ਸਿੰਘ ਦੇ ਬਿਆਨਾਂ ਦੇ ਅਧਾਰ ਤੇ ਹਰਮੇਸ਼ ਸਿੰਘ ਪੁੱਤਰ ਜਰਨੈਲ ਸਿੰਘ, ਬਲਦੇਵ ਸਿੰਘ ਪੁੱਤਰ ਦਿਆਲ ਸਿੰਘ, ਪਰਮਜੀਤ ਸਿੰਘ ਪੁੱਤਰ ਰਾਜ ਸਿੰਘ, ਰਾਜਾ ਰਾਏ ਪੁੱਤਰ ਬਾਜ, ਜਰਨੈਲ ਸਿੰਘ ਪੁੱਤਰ ਮੰਗਾ ਸਿੰਘ, ਸ਼ੀਲੋ ਬਾਈ ਪਤਨੀ ਜਰਨੈਲ ਸਿੰਘ, ਰਿੰਪਾ ਪੁੱਤਰ ਬਲਦੇਵ ਸਿੰਘ, ਮਨਜੀਤ ਕੌਰ ਪਤਨੀ ਹਰਮੇਸ਼ ਸਿੰਘ, ਸੰਦੀਪ ਸਿੰਘ ਉਰਫ ਸੇਮੀ ਪੁੱਤਰ ਬਾਜ ਸਿੰਘ ਵਾਸੀਆਨ ਬਾਰੇਵਾਲਾ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

# ਅਧਿਆਪਕਾਂ ਦੀ ਘਾਟ ਨੂੰ ਲੈ ਕੇ ਪਿੰਡ ਵਾਸੀਆਂ ਵੱਲੋਂ ਨਾਅਰੇਬਾਜ਼ੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਲੋਹਗੜ੍ਹ ਦੇ ਸਰਕਾਰੀ ਐਲੀਮੈਂਟਰੀ ਸਕੂਲ 'ਚ ਟੀਚਰਾਂ ਦੀ ਘਾਟ ਕਾਰਨ ਪਿੰਡ ਵਾਸੀਆਂ ਨੇ ਮੈਂ ਪੰਜਾਬੀ ਮੰਚ ਦੇ ਸੂਬਾ ਆਗੂ ਹਰਜੀਤ ਸਿੰਘ ਖਿਆਲੀ ਦੀ ਅਗਵਾਈ ਹੇਠ ਇਕੱਠੇ ਹੋ ਕੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਲੋਕਾਂ ਨੇ ਦੱਸਿਆ ਕਿ ਇਸ ਸਕੂਲ 'ਚ 8ਵੀਂ ਜਮਾਤ ਤੱਕ 70 ਵਿਦਿਆਰਥੀ ਪੜ੍ਹਦੇ ਹਨ, ਜਿਨ੍ਹਾਂ ਨੂੰ ਪੜ੍ਹਾਉਣ ਵਾਸਤੇ ਸਿਰਫ਼ ਦੋ ਹੀ ਅਧਿਆਪਕ ਹਨ, ਇਨ੍ਹਾਂ ਵਿੱਚੋਂ ਵੀ ਇੱਕ ਅਧਿਆਪਕ ਨੇ ਆਪਣੀ ਬਦਲੀ ਕਿਸੇ ਹੋਰ ਥਾਂ ਕਰਵਾਉਣ ਵਾਸਤੇ ਫ਼ਾਰਮ ਭਰ ਦਿੱਤੇ ਹਨ। ਪਿੰਡ ਵਾਸੀ ਦਲਬੀਰ ਸਿੰਘ ਨੇ ਦੱਸਿਆ ਕਿ ਸਕੂਲ ਦੇ ਹਾਲਾਤਾਂ ਨੂੰ ਸੁਧਾਰਨ ਵਾਸਤੇ ਪਿੰਡ ਵਾਸੀਆਂ ਨੇ ਸੰਸਦ ਮੈਂਬਰ ਸਮੇਂ ਭਗਵੰਤ ਮਾਨ, ਹਲਕਾ ਵਿਧਾਇਕ ਤੇ ਜ਼ਿਲ੍ਹਾ ਅਧਿਕਾਰੀਆਂ ਨੂੰ ਮਿਲੇ ਹਨ, ਪਰ ਮਸਲਾ ਹੱਲ ਨਹੀਂ ਹੋਇਆ। ਅਧਿਕਾਰੀਆਂ ਤੋਂ ਜਵਾਬ ਮਿਲਦਾ ਹੈ ਕਿ ਪਹਿਲਾਂ ਪਿੰਡ ਵਾਸੀ ਬੱਚਿਆਂ ਦੀ ਗਿਣਤੀ ਵਧਾਉਣ, ਉਸ ਤੋਂ ਬਾਅਦ ਮਹਿਕਮੇ ਵੱਲੋਂ ਟੀਚਰ ਭੇਜੇ ਜਾਣਗੇ, ਪਰ ਅਧਿਆਪਕਾਂ ਦੀ ਘਾਟ ਕਾਰਨ ਬਣੇ ਹਾਲਾਤਾਂ ਤੋਂ ਨਿਰਾਸ਼ ਮਾਪੇ ਇੱਥੇ ਆਪਣੇ ਬੱਚੇ ਦਾਖ਼ਲ ਕਰਵਾਉਣ ਲਈ ਤਿਆਰ ਨਹੀਂ, ਕਿਉਂਕਿ ਉਨ੍ਹਾਂ ਦੇ ਮਨ 'ਚ ਬੇਵਿਸ਼ਵਾਸੀ ਹੈ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੇ ਬੱਚੇ ਦਾਖ਼ਲ ਕਰਵਾਉਣ ਤੋਂ ਬਾਅਦ ਵੀ ਟੀਚਰ ਨਾ ਭੇਜੇ ਤਾਂ ਉਨ੍ਹਾਂ ਦੇ ਬੱਚਿਆਂ ਦਾ ਭਵਿੱਖ ਖਰਾਬ ਹੋ ਜਾਵੇਗਾ।

ਨੌਜਵਾਨ ਆਗੂ ਹਰਜੀਤ ਸਿੰਘ ਕਿਹਾ ਕਿ ਇਕ ਪਾਸੇ ਪੰਜਾਬ ਸਰਕਾਰ ਸੂਬੇ ਦੇ ਕੁੱਲ ਬਜਟ ਦਾ ਵੱਡਾ ਹਿੱਸਾ ਸਿਹਤ ਤੇ ਸਿੱਖਿਆ 'ਤੇ ਖਰਚਣ ਦਾ ਦਾਅਵਾ ਕਰ ਰਹੀ ਹੈ ਤੇ ਇਸ ਸਬੰਧੀ ਪ੍ਰਚਾਰ ਵਾਸਤੇ ਕਰੋੜਾਂ ਰੁਪਏ ਦੇ ਇਸ਼ਤਿਹਾਰ ਮੀਡੀਆ ਨੂੰ ਦਿੱਤੇ ਜਾ ਰਹੇ ਹਨ, ਪਰ ਇਨ੍ਹਾਂ ਦਾਅਵਿਆਂ 'ਚ ਕੋਈ ਸੱਚਾਈ ਨਹੀਂ ਜਾਪਦੀ, ਕਿਉਂਕਿ ਜ਼ਮੀਨੀ ਹਾਲਾਤ 'ਚ ਕੁਝ ਹੋਰ ਅਸਲੀਅਤ ਬਿਆਨ ਕਰਦੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਾਂਗ ਬਦਲਾਅ ਦੇ ਨਾਂਅ 'ਤੇ ਆਈ 'ਆਪ' ਸਰਕਾਰ ਵੀ ਨਹੀਂ ਚਾਹੁੰਦੀ ਕਿ ਦੱਬੇ ਕੁਚਲੇ ਵਰਗ ਦੇ ਬੱਚੇ ਪੜ੍ਹ ਲਿਖ ਕੇ ਬੁਲੰਦੀਆਂ 'ਤੇ ਪਹੁੰਚਣ। ਇਨ੍ਹਾਂ ਸਰਕਾਰਾਂ ਦੀਆਂ ਮਾਰੂ ਨੀਤੀਆਂ ਨੇ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਨੂੰ ਮਜ਼ਦੂਰੀ ਕਰਨ ਤੱਕ ਹੀ ਸੀਮਤ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਜਦੋਂ ਇਸ ਸਕੂਲ 'ਚ ਹਿਸਾਬ, ਵਿਗਿਆਨ ਤੇ ਅੰਗਰੇਜ਼ੀ ਵਰਗੇ ਜ਼ਰੂਰੀ ਵਿਸ਼ਿਆਂ ਦਾ ਅਧਿਆਪਕ ਹੀ ਨਹੀਂ, ਤਾਂ ਇੱਥੇ ਪੜ੍ਹਨ ਵਾਲੇ ਵਿਦਿਆਰਥੀ ਅਜੋਕੇ ਸਮੇਂ 'ਚ ਬਾਕੀ ਸਕੂਲਾਂ ਦੇ ਵਿਦਿਆਰਥੀਆਂ ਦਾ ਮੁਕਾਬਲਾ ਕਿਵੇਂ ਕਰ ਸਕਣਗੇ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 10 ਦਿਨਾਂ ਦੇ ਅੰਦਰ-ਅੰਦਰ ਇਸ ਸਕੂਲ 'ਚ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਣ। ਪਿੰਡ ਵਾਸੀ ਮੇਲਾ ਸਿੰਘ, ਬੰਤ ਸਿੰਘ ਦਿਹੜ, ਬਲਦੇਵ ਸਿੰਘ, ਹਾਕਮ ਸਿੰਘ, ਮੇਵਾ ਸਿੰਘ, ਕਿੰਦਰ ਸਿੰਘ, ਕਰਮਜੀਤ ਸਿੰਘ, ਪੰਚ ਕੇਵਲ ਸਿੰਘ, ਨਿਰਪਾਲ ਸਿੰਘ, ਅਵਤਾਰ ਸਿੰਘ, ਕੁਲਦੀਪ ਸਿੰਘ, ਗਗਨਦੀਪ ਸਿੰਘ ਲੋਹਗੜ੍ਹ ਆਦਿ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀ ਇਸ ਮੰਗ ਨੂੰ ਪੂਰਾ ਨਾ ਕੀਤਾ ਤਾਂ ਸੰਘਰਸ਼ ਵਿੱਢਿਆ ਜਾਵੇਗਾ।

## ਕਾਤਰਾਂ

### ਦਾਜ ਦੀ ਮੰਗ ਨੂੰ ਲੈ ਕੇ ਨੂੰਹ ਦੀ ਕੁੱਟਮਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਦੀ ਪੁਲਸ ਨੇ ਦਾਜ ਦੀ ਮੰਗ ਨੂੰ ਲੈ ਕੇ ਨੂੰਹ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਮੁਦੱਈ ਰਜਿੰਦਰ ਕੌਰ ਵਾਸੀ ਢੰਡੀ ਖੁਰਦ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਮਿਤੀ 9-12-2008 ਨੂੰ ਉਸ ਦੀ ਸ਼ਾਦੀ ਬਰਿੰਦਰ ਪਾਲ ਸਰਾਰੀ ਨਾਲ ਹੋਈ ਸੀ। ਇਸ ਦੌਰਾਨ ਉਸ ਦੇ ਮਾਪਿਆਂ ਵੱਲੋਂ ਵਿਆਹ 'ਚ ਆਪਣੀ ਹੈਸੀਅਤ ਤੋਂ ਵੱਧ ਇਸਤਰੀ ਧਨ ਦਾਜ ਦੇ ਰੂਪ ਵਿੱਚ ਦਿੱਤਾ ਸੀ, ਪਰ ਸ਼ਾਦੀ ਤੋਂ ਕੁਝ ਸਮੇਂ ਬਾਅਦ ਹੀ ਹੋਰ ਦਾਜ ਮੰਗਣਾ ਸ਼ੁਰੂ ਕਰ ਦਿੱਤਾ ਤੇ ਉਸ ਨੂੰ ਛੱਡ ਦਿੱਤਾ ਗਿਆ। ਇਸ ਸਬੰਧੀ ਦਿੱਤੀ ਦਰਖਾਸਤ ਦੀ ਪੜਤਾਲ ਵੋਮੈਨ ਸੈੱਲ ਫਾਜ਼ਿਲਕਾ ਵੱਲੋਂ ਕਰਨ ਉਪਰੰਤ ਥਾਣਾ ਸਦਰ ਵਿਖੇ ਪੁਲਸ ਨੇ ਮੁਦੱਈ ਰਜਿੰਦਰ ਕੌਰ ਦੇ ਬਿਆਨਾਂ ਦੇ ਅਧਾਰ 'ਤੇ ਬਰਿੰਦਰ ਪਾਲ ਸਰਾਰੀ ਪੁੱਤਰ ਗੁਰਬਚਨ ਸਿੰਘ, ਕੁਲਵਿੰਦਰ ਕੌਰ ਪਤਨੀ ਗੁਰਬਚਨ ਸਿੰਘ ਤੇ ਵਰਿੰਦਰ ਪਾਲ ਪੁੱਤਰ ਗੁਰਬਚਨ ਸਿੰਘ ਵਾਸੀਆਨ ਬੱਟੀ ਪੀਰ ਦਾਦ ਜਲੰਧਰ ਖਿਲਾਫ ਪਰਚਾ ਦਰਜ ਕੀਤਾ ਹੈ।

### ਪਟਵਾਰੀ ਦੀ ਨੌਕਰੀ ਦਿਵਾਉਣ ਦੇ ਝਾਂਸੇ 'ਚ 16 ਲੱਖ ਦੀ ਮਾਰੀ ਠੱਗੀ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਪਟਵਾਰੀ ਦੀ ਨੌਕਰੀ ਦਿਵਾਉਣ ਦਾ ਝਾਂਸਾ ਦੇ ਕੇ 16 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਇੱਕ ਵਿਅਕਤੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁਦੱਈ ਇਕਬਾਲ ਚੰਦ ਪੁੱਤਰ ਮੋਹਨ ਲਾਲ ਵਾਸੀ ਲਮੋਚੜ ਕਲਾਂ ਤੇ ਕਾਲਾ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਜਮਾਲਗੜ੍ਹ (ਜਲਾਲਾਬਾਦ) ਨੇ ਪੁਲਸ ਕੋਲ ਦਰਖਾਸਤ ਨੰਬਰ 609-ਐਸਪੀਐਲ-ਜੇਡੀ ਮਿਤੀ 6-09-2022 ਨੂੰ ਦਿੱਤੀ ਗਈ ਸੀ, ਜਿਸ ਵਿੱਚ ਉਨ੍ਹਾਂ (ਮੁਦੱਈ) ਨੇ ਦੋਸ਼ ਲਗਾਇਆ ਕਿ ਅਰਵਿੰਦਰ ਪਾਲ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਵੱਲੋਂ ਉਨ੍ਹਾਂ (ਮੁਦੱਈ) ਦੇ ਲੜਕਿਆਂ ਨੂੰ ਪਟਵਾਰੀ ਦੀ ਭਰਤੀ ਕਰਵਾਉਣ ਲਈ 16 ਲੱਖ ਰੁਪਏ ਦੀ ਠੱਗੀ ਮਾਰੀ, ਕਿਉਂਕਿ ਨਾ ਤਾਂ ਨੌਕਰੀ ਦਿਵਾਈ ਹੈ ਤੇ ਨਾ ਹੀ ਪੈਸੇ ਵਾਪਸ ਕੀਤੇ ਗਏ ਹਨ। ਇਸ ਦਰਖਾਸਤ ਦੀ ਪੜਤਾਲ ਰਿਪੋਰਟ ਸਮੇਤ ਅਪਰੂਵਲ ਸੀਨੀਅਰ ਕਪਤਾਨ ਪੁਲਸ ਫਾਜ਼ਿਲਕਾ ਵੱਲੋਂ ਥਾਣਾ ਸਿਟੀ ਵਿਖੇ ਪ੍ਰਾਪਤ ਆਉਣ 'ਤੇ ਮੁਦੱਈ ਇਕਬਾਲ ਚੰਦ ਦੇ ਬਿਆਨਾਂ ਦੇ ਅਧਾਰ 'ਤੇ ਅਰਵਿੰਦਰ ਪਾਲ ਸਿੰਘ ਦੇ ਖਿਲਾਫ ਧਾਰਾ 420 ਅਤੇ 120-ਬੀ ਆਈਪੀਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

### ਦੜੇ-ਸੱਟੇ ਦੀ ਰਾਸ਼ੀ ਸਣੇ ਕਾਬੂ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਿਟੀ ਦੀ ਪੁਲਸ ਵੱਲੋਂ ਇੱਕ ਵਿਅਕਤੀ ਨੂੰ 490 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਸਰੂਪ ਸਿੰਘ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਬੀ.ਡੀ.ਪੀ.ਓ. ਦਫਤਰ ਵਾਲੀ ਗਲੀ ਜਲਾਲਾਬਾਦ ਵਿਖੇ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੁਨੀਲ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ ਵਾਸੀ ਵਾਰਡ ਨੰਬਰ 15 ਸਟ੍ਰੀਟ ਨੰਬਰ 2 ਇੰਦਰ ਨਗਰੀ ਜਲਾਲਾਬਾਦ ਦੜਾ ਸੱਟਾ ਲਿਖਣ ਦਾ ਆਦੀ ਹੈ, ਜੇਕਰ ਹੁਣੇ ਹੀ ਰੇਡ ਕੀਤੀ ਜਾਵੇ ਤਾਂ ਰੰਗੇ ਹੱਥੀਂ ਕਾਬੂ ਆ ਸਕਦਾ ਹੈ। ਉਪਰੰਤ ਪੁਲਸ ਪਾਰਟੀ ਨੇ ਛਾਪੇਮਾਰੀ ਕਰਕੇ ਸੁਨੀਲ ਕੁਮਾਰ ਨੂੰ 490 ਰੁਪਏ ਦੜੇ ਸੱਟੇ ਦੀ ਰਾਸ਼ੀ ਸਣੇ ਕਾਬੂ ਕਰਕੇ ਮੁਕੱਦਮਾ ਦਰਜ ਕਰ ਲਿਆ ਹੈ।

# ਮਾਤਾ ਰਣਜੀਤ ਕੌਰ ਗਿੱਲ ਨੂੰ ਵੱਖ-ਵੱਖ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸੀਨੀਅਰ ਕਾਂਗਰਸੀ ਆਗੂ ਜਗਸੀਰ ਸਿੰਘ ਗਿੱਲ ਸਰਪੰਚ ਕਾਲੇਕੇ ਚੇਅਰਮੈਨ ਮਾਰਕੀਟ ਕਮੇਟੀ ਦੀ ਮਾਤਾ ਸਰਦਾਰਨੀ ਰਣਜੀਤ ਕੌਰ ਗਿੱਲ (80 ਸਾਲ) ਜੋ ਬੀਤੇ ਦਿਨੀਂ ਸਵਰਗ ਸਿਧਾਰ ਗਏ ਸਨ, ਨਮਿਤ ਪਿੰਡ ਕਾਲੇਕੇ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸਹਿਜ ਪਾਠ ਦਾ ਭੋਗ ਪਾਇਆ ਗਿਆ। ਉਪਰੰਤ ਭਾਈ ਗੁਰਬਚਨ ਸਿੰਘ ਦੇ ਕੀਰਤਨੀ ਜਥੇ ਵੱਲੋਂ ਸੰਗਤਾਂ ਨੂੰ ਕੀਰਤਨ ਸਰਵਨ ਕੀਤਾ ਗਿਆ। ਉਪਰੰਤ ਸਟੇਜ ਦਾ ਸੰਚਾਲਨ ਹਰਪ੍ਰੀਤ ਸਿੰਘ ਹੈਪੀ ਸਰਪੰਚ ਰੋਡੇ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਮਾਤਾ ਜੀ ਦੇ ਆਦਰਸ਼ਮਈ ਜੀਵਨ ਬਾਰੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਕਾਂਗਰਸ ਕਮੇਟੀ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਕੈਪਟਨ ਸੰਦੀਪ ਸਿੰਘ ਸੰਧੂ, ਸੁਖਜਿੰਦਰ ਸਿੰਘ ਰੰਧਾਵਾ ਸਾਬਕਾ ਉੱਪ ਮੁੱਖ ਮੰਤਰੀ, ਭਾਰਤ ਭੂਸ਼ਨ ਆਸ਼ੂ ਸਾਬਕਾ ਕੈਬਨਿਟ ਮੰਤਰੀ, ਗੁਰਪ੍ਰੀਤ ਸਿੰਘ ਕਾਂਗੜ ਸਾਬਕਾ ਕੈਬਨਿਟ ਮੰਤਰੀ, ਨਵਦੀਪ ਸਿੰਘ ਬੱਬੂ ਕਾਂਗਰਸੀ ਜ਼ਿਲ੍ਹਾ ਪ੍ਰਧਾਨ ਫਰੀਦਕੋਟ ਨੇ ਵੀ ਉਚੇਚੇ ਤੌਰ 'ਤੇ ਸ਼ੋਕ ਸੰਦੇਸ਼ ਭੇਜੇ। ਇਸ ਮੌਕੇ ਸ਼ਰਧਾਂਜਲੀਆਂ ਦੇ ਦੌਰ ਵਿੱਚ ਹਰੀ ਸਿੰਘ ਖਾਈ ਸੀਨੀਅਰ ਕਾਂਗਰਸੀ ਆਗੂ ਤੇ ਅਮਰਜੀਤ ਸਿੰਘ ਬਰਾੜ ਰਾਜੇਆਣਾ ਨੇ ਮਾਤਾ ਰਣਜੀਤ ਕੌਰ ਗਿੱਲ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। ਇੰਦਰਜੀਤ ਸਿੰਘ ਬੀੜ ਚੜਿੱਕ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਮੋਗਾ ਨੇ ਪਰਿਵਾਰ ਵੱਲੋਂ ਆਈਆਂ ਹੋਈਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸੁਖਜੀਤ ਸਿੰਘ ਕਾਕਾ ਲੋਹਗੜ੍ਹ, ਕਾਂਗਰਸੀ ਜ਼ਿਲ੍ਹਾ ਪ੍ਰਧਾਨ ਮੋਗਾ, ਇੰਦਰਜੀਤ ਸਿੰਘ ਬੀੜ ਚੜਿੱਕ, ਇੰਦਰਜੀਤ ਸਿੰਘ ਤਲਵੰਡੀ ਭੰਗੇਰੀਆਂ, ਸਾਬਕਾ ਜ਼ਿਲ੍ਹਾ ਪ੍ਰਧਾਨ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ, ਡੀ ਪੀ ਨਿਹਾਲ ਸਿੰਘ ਵਾਲਾ, ਬਾਲ ਕ੍ਰਿਸ਼ਨ ਬਾਲੀ, ਮਨਜੀਤ ਸਿੰਘ ਹੰਬੜਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ, ਸੂਬੇਦਾਰ ਗੁਰਬਚਨ ਸਿੰਘ ਬਰਾੜ, ਹਰੀ ਸਿੰਘ ਖਾਈ, ਲੱਕੀ ਸੰਧੂ ਲੁਧਿਆਣਾ, ਹਰਮਨ ਗਾਲਿਬ, ਸੂਰਜ ਤੇ ਰਾਜਾ ਜਵਾਈ ਐੱਮ ਪੀ ਮੁਹੰਮਦ ਸਦੀਕ, ਹੈਪੀ ਸਰਪੰਚ ਰੋਡੇ, ਬਲਾਕ ਪ੍ਰਧਾਨ ਗੁਰਤੇਜ ਸਿੰਘ ਨੱਥੂਵਾਲਾ, ਬਲਾਕ ਪ੍ਰਧਾਨ ਹਰਦੀਸ਼ ਸਿੰਘ ਸੇਖਾ, ਸਾਬਕਾ ਚੇਅਰਮੈਨ ਅਮਰਜੀਤ ਸਿੰਘ ਮਾਣੂੰਕੇ, ਯੂਥ ਪ੍ਰਧਾਨ ਪਵਨ ਗੋਇਲ, ਰਣਜੀਤ ਸਿੰਘ ਝੀਥੇ, ਗੁਰਵੀਰ ਸਿੰਘ ਗੋਗਾ ਬਲਾਕ ਪ੍ਰਧਾਨ ਧਰਮਕੋਟ, ਰਪਿੰਦਰ ਸਿੰਘ ਦੀਨਾ ਬਲਾਕ ਪ੍ਰਧਾਨ ਨਿਹਾਲ ਸਿੰਘ ਵਾਲਾ, ਸੁੱਖਾ ਲੰਗੇਆਣਾ, ਗਗਨ ਸਰਪੰਚ ਨਿਗਾਹਾ, ਗਰਮੇਲ ਸਰਪੰਚ ਨੱਥੂਵਾਲਾ, ਰਾਜਾ ਚੰਨੂਵਾਲਾ, ਤੇਜਿੰਦਰ ਸਿੰਘ ਕਾਲੇਕੇ, ਜਗਸੀਰ ਸਰਪੰਚ ਲੰਗੇਆਣਾ, ਸੀਪਾ ਰਾਜੇਆਣਾ, ਚਰਨਜੀਤ ਲੁਹਾਰਾ, ਨਵਜੋਤ ਚੰਦ ਨਵਾਂ, ਸੋਹਨ ਸਿੰਘ ਖੇਲਾ ਪੀ ਏ, ਗੁਰਮੁੱਖ ਐੱਸ ਸੀ, ਜੱਗਾ ਐੱਮ.ਸੀ, ਸ਼ਸ਼ੀ ਗਰਗ ਐੱਮ.ਸੀ, ਛਿੰਦਾ ਬੁੱਧ ਸਿੰਘ ਵਾਲਾ, ਦਰਸ਼ਨ ਮਾਸਟਰ ਜੈਮਲਵਾਲਾ, ਗੁਰਦੀਪ ਸਰਪੰਚ ਮਾਣੂੰਕੇ ਆਦਿ ਤੋਂ ਇਲਾਵਾ ਰਿਸ਼ਤੇਦਾਰਾਂ ਤੇ ਹੋਰਨਾਂ ਸਨੇਹੀਆਂ ਨੇ ਵੀ ਹਾਜ਼ਰੀਆਂ ਲਵਾਈਆਂ।

# ਜ਼ਿਲ੍ਹਾ ਕਾਂਗਰਸ ਕਮੇਟੀ ਫਾਜ਼ਿਲਕਾ ਦੇ 55 ਅਹੁਦੇਦਾਰ ਨਿਯੁਕਤ

**ਜਲਾਲਾਬਾਦ (ਸਤਨਾਮ ਸਿੰਘ, ਜੀਤ ਕੁਮਾਰ)**-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਜਨਰਲ ਸਕੱਤਰ ਇੰਚਾਰਜ ਕੈਪਟਨ ਸੰਦੀਪ ਸੰਧੂ ਵੱਲੋਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਸਿੰਘ ਘੁਬਾਇਆ (ਸਾਬਕਾ ਵਿਧਾਇਕ) ਦੀ ਅਗਵਾਈ ਹੇਠ ਜ਼ਿਲ੍ਹਾ ਕਾਂਗਰਸ ਕਮੇਟੀ ਫਾਜ਼ਿਲਕਾ ਦੀ 55 ਮੈਂਬਰੀ ਜ਼ਿਲ੍ਹਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ ਹੈ, ਜਿਸ ਵਿੱਚ ਜ਼ਿਲ੍ਹਾ ਫਾਜ਼ਿਲਕਾ ਕਮੇਟੀ ਵਿੱਚ ਜ਼ਿਲ੍ਹਾ ਵਾਇਸ ਪ੍ਰਧਾਨ ਜਗਦੇਵ ਸਿੰਘ ਬਰਾੜ ਮੁਹੰਮਦੇਵਾਲਾ, ਖਜ਼ਾਨ ਚੰਦ ਡੰਗਰ ਖੇੜਾ, ਸੁਰਿੰਦਰ ਬਗੋਰੀਆ ਦਤਾਰਾ ਵਾਲੀ, ਹੁਕਮ ਚੰਦ ਜੋਸਨ ਬੰਦੀਵਾਲਾ, ਦਲੀਪ ਸਿੰਘ ਬਹਿਕ ਖਾਸ, ਯਾਦਵਿੰਦਰ ਸਿੰਘ ਸੋਨੂੰ ਸੰਧੂ ਢਾਣੀ ਚਿਰਾਗ, ਕੇਵਲ ਕਾਲੜਾ ਅਰਨੀਵਾਲਾ ਸੇਖ ਸੁਭਾਨ, ਰਜਿੰਦਰ ਕੰਬੋਜ ਫਾਜ਼ਿਲਕਾ ਵਾਰਡ ਨੰਬਰ 13, ਵੈਦ ਸਹਾਰਨ ਖਿਓ ਵਾਲੀ ਢਾਬ, ਪਰਮਜੀਤ ਸਿੰਘ ਵਾਰਡ ਨੰਬਰ 2 ਫਾਜ਼ਿਲਕਾ ਚੁਣੇ ਗਏ।

ਜ਼ਿਲ੍ਹਾ ਜਨਰਲ ਸਕੱਤਰ ਸੁਰਿੰਦਰ ਸਲੂਜਾ ਅਬੋਹਰ, ਸਾਰਜ ਸਿੰਘ ਮਹਾਤਮ ਨਗਰ, ਹਰਪ੍ਰੀਤ ਸਿੰਘ ਬੋਦੀਵਾਲਾ, ਮਾਹਲਾ ਸਿੰਘ ਸੈਦੋਕੇ ਹਿਠਾੜ, ਪਰਮਜੀਤ ਸਿੰਘ ਚੰਨਣ ਖੇੜਾ, ਯੋਗੇਸ਼ ਸਹਾਰਨ ਧੀਗਰਾ ਵਾਲੀ, ਬਲਵੀਰ ਸਿੰਘ ਭੰਬਾ ਵੱਟੂ, ਸੁਖਦੇਵ ਸਿੰਘ ਭਰੋੜੀ ਵਾਲਾ, ਗੁਰਦੀਪ ਸਿੰਘ ਰੋਹੀਵਾਲਾ, ਜਗਦੀਪ ਸਿੰਘ ਭੁੱਲਰ ਢਾਬ ਕੋਕਰੀਆ, ਗੁਰਵਿੰਦਰ ਸਿੰਘ ਪਾਕਾ, ਸੁਭਾਸ਼ ਚੰਦਰ ਕੰਬੋਜ ਖੀਪਾ ਵਾਲੀ, ਬਲਰਾਜ ਸਿੰਘ ਅਜਮ ਵਾਲਾ, ਸਾਹਿਬ ਸਿੰਘ ਦਿਲਮੀਰ ਖੇੜਾ, ਬਲਵਿੰਦਰ ਸਿੰਘ ਬਿੱਟੂ ਟਿਵਾਣਾ ਕਲਾਂ, ਧਰਮ ਸਿੰਘ ਬਸਤੀ ਸਰੂਪ ਦਾਸ (ਬੱਘੇਕੇ ਉਤਾੜ), ਰਿਤੇਸ਼ ਗਗਨੇਜਾ ਫਾਜ਼ਿਲਕਾ ਬਣਾਏ ਗਏ ਹਨ।

ਜ਼ਿਲ੍ਹਾ ਸਕੱਤਰ ਜਗਜੀਤ ਸਿੰਘ ਜੱਗਾ ਬੁਰਾਜ ਮੁਹਾਰ, ਰਾਜ ਸਿੰਘ ਭਾਵਵਾਲਾ, ਲੱਛਮਣ ਸਿੰਘ ਦੋਨਾ ਨਾਨਕਾ, ਓਮ ਪ੍ਰਕਾਸ਼ ਮੰਗਾ ਸੈਦਾ ਵਾਲੀ, ਵਿਕਰਮ ਕਾਲਾ ਟਿੱਬਾ, ਰੁਪਿੰਦਰ ਸਿੰਘ ਢਾਣੀ ਬਿਸ਼ੰਬਰ ਨਾਥ, ਸੰਜੀਵ ਰਾਜਾ ਵਾਲੀ, ਸੰਦੀਪ ਕੰਬੋਜ ਬੱਲੂਆਨਾ, ਸਤਪਾਲ ਬਿਸ਼ਨੋਈ, ਦਰਸ਼ਨ ਸਿੰਘ ਭਾਬਰਾ, ਢੋਲਾ ਸਿੰਘ ਜਾਨੀਸਰ, ਲਖਬੀਰ ਸਿੰਘ ਢੀਪਾਵਾਲੀ, ਸੁਖਵਿੰਦਰ ਸਿੰਘ ਪਾਲੀਵਾਲਾ, ਅਸ਼ੋਕ ਕੁਮਾਰ ਜੰਡਵਾਲਾ ਮੀਰਾਸੰਗਲਾ, ਰਾਜਾ ਉਡੀਆ, ਸੋਨੂੰ ਸਾਬੂਆਣਾ, ਦਾਰਾ ਸਿੰਘ ਹੀਰਾ ਵਾਲੀ, ਅਮਨਦੀਪ ਸਿੰਘ ਜੰਡਵਾਲਾ ਮੀਰਾ ਸੰਗਲਾ, ਪ੍ਰੀਤਮ ਸਿੰਘ ਸ਼ਤੀਰ ਵਾਲਾ, ਰਾਜ ਪਾਲ ਗਿੰਧੜਾਂਵਾਲੀ, ਮਦਨ ਲਾਲ ਫਾਜ਼ਿਲਕਾ ਵਾਰਡ ਨੰਬਰ 14, ਸੁਰਿੰਦਰ ਕੁਮਾਰ ਕੇਰਾ ਖੇੜਾ ਚੁਣੇ ਗਏ ਹਨ, ਜਦਕਿ ਜ਼ਿਲ੍ਹਾ ਸਪੋਕਸਮੈਨ ਗੁਰਜੰਟ ਸਿੰਘ ਚਿਮਨੇਵਾਲਾ ਤੇ ਨਰੇਸ਼ ਸ਼ਰਮਾ ਫਾਜ਼ਿਲਕਾ ਵਾਰਡ ਨੰਬਰ 22, ਦਫਤਰੀ ਸਕੱਤਰ ਡਾ. ਕੇ. ਕੇ. ਸੇਠੀ, ਖਜ਼ਾਨਚੀ ਸੁਰਿੰਦਰ ਕੁਮਾਰ ਸਚਦੇਵਾ, ਸੋਸ਼ਲ ਮੀਡੀਆ ਇੰਚਾਰਜ ਟੀਨੂ ਚੂਹੜੀ ਵਾਲਾ ਧੰਨਾ, ਪ੍ਰੈੱਸ ਮੀਡੀਆ ਇੰਚਾਰਜ ਰਾਜੇਸ਼ ਗਰੋਵਰ ਫਾਜ਼ਿਲਕਾ ਨਿਯੁਕਤ ਕੀਤੇ ਗਏ ਹਨ।

# ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਦੀ ਸਿੱਖਿਆ ਮੰਤਰੀ ਨਾਲ ਮੀਟਿੰਗ

## ਯੂਨੀਅਨ ਨੂੰ ਸਿੱਖਿਆ ਵਿਭਾਗ ਵੱਲੋਂ ਭਲਕੇ ਮੀਟਿੰਗ ਲਈ ਸੱਦਾ



**ਮਾਨਸਾ (ਪਮਾਰ)**-ਆਦਰਸ਼ ਸਕੂਲ ਮੁਲਾਜ਼ਮ ਯੂਨੀਅਨ ਪੰਜਾਬ (ਪੀਪੀਪੀ ਤਰਜ) ਦੀ ਪੈਨਲ ਮੀਟਿੰਗ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਹੋਈ ਹੈ। ਇਸ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਬੀਰ, ਜਨਰਲ ਸਕੱਤਰ ਸੁਖਬੀਰ ਸਿੰਘ ਪਾਤੜਾਂ, ਸਕੱਤਰ ਜਨਰਲ ਸੁਖਦੀਪ ਕੌਰ ਸਰਾਂ, ਮੀਤ ਪ੍ਰਧਾਨ ਵਿਸਾਲ ਭਠੇਜਾ, ਸੀਨੀਅਰ ਮੀਤ ਪ੍ਰਧਾਨ ਜਸਵੀਰ ਸਿੰਘ ਗਲੋਟੀ, ਸੂਬਾ ਕਮੇਟੀ ਮੈਂਬਰ ਮੈਡਮ ਮੀਨੂੰ, ਓਮਾ ਮਾਧਵੀ, ਹਰਪ੍ਰੀਤ ਕੌਰ ਪੱਕਾ, ਗਗਨਦੀਪ ਮਹਾਜਨ ਆਦਿ ਸੂਬਾਈ ਆਗੂ ਹਾਜ਼ਰ ਹੋਏ। ਮੀਟਿੰਗ ਵਿੱਚ ਆਗੂਆਂ ਵੱਲੋਂ ਪੇਸ਼ ਕੀਤੇ ਸਮੁੱਚੇ ਏਜੰਡਿਆਂ ਨੂੰ ਸੁਣਨ ਤੋਂ ਬਾਅਦ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਮਾਨਯੋਗ ਹਾਈ ਕੋਰਟ ਦੇ ਆਦੇਸ਼ਾਂ ਮੁਤਾਬਿਕ ਬਣੀ ਵਿੱਦਿਅਕ ਮਾਹਰਾਂ ਦੀ ਕਮੇਟੀ ਨੇ ਆਦਰਸ਼ ਸਕੂਲਾਂ ਦੇ ਮੁਲਾਜ਼ਮਾਂ ਦੀਆਂ ਨੌਕਰੀਆਂ ਨੂੰ ਹੋਰ ਬਿਹਤਰ ਤੇ ਸੁਰੱਖਿਅਤ ਬਣਾਉਣ ਵਾਲੀ ਮੁਕੰਮਲ ਪਾਲਿਸੀ ਸਰਕਾਰ ਤੇ ਵਿਭਾਗ ਨੂੰ ਸੌਂਪ ਦਿੱਤੀ ਹੈ। ਜਥੇਬੰਦੀ ਆਗੂਆਂ ਵੱਲੋਂ ਮੰਗ ਕੀਤੀ ਗਈ ਕਿ ਛੇ ਮੈਂਬਰੀ ਕਮੇਟੀ ਦੁਆਰਾ ਆਦਰਸ਼ ਸਕੂਲ ਮੁਲਾਜ਼ਮਾਂ ਦੇ ਹਿੱਤਾਂ 'ਚ ਬਣਾਈ ਗਈ ਪਾਲਿਸੀ ਯੂਨੀਅਨ ਨੂੰ ਦਿਖਾਈ-ਪੜ੍ਹਾਈ ਜਾਵੇ ਤਾਂ ਜੋ ਪਤਾ ਲੱਗ ਸਕੇ, ਉਸ ਪਾਲਿਸੀ ਵਿੱਚ ਹੋਰ ਬਿਹਤਰੀਨ ਕੀ ਦਰਜ ਕੀਤਾ ਗਿਆ ਹੈ? ਇਸ ਕਰਕੇ ਆਗੂਆਂ ਵੱਲੋਂ ਕੀਤੀ ਮੰਗ 'ਤੇ ਸਿੱਖਿਆ ਵਿਭਾਗ ਨੇ ਜਥੇਬੰਦੀ ਦੇ ਆਗੂਆਂ ਨੂੰ 11 ਜੁਲਾਈ ਨੂੰ ਡੀ.ਜੀ.ਐੱਸ.ਈ. ਦਫਤਰ ਬੁਲਾਇਆ ਗਿਆ ਹੈ। ਆਗੂਆਂ ਨੇ ਮੀਟਿੰਗ 'ਚ ਯੂਨੀਅਨ ਦਾ ਮਾਹੌਲ ਖਰਾਬ ਕਰਨ ਵਾਲੇ ਘਟੀਆ ਅਨਸਰਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਆਦਰਸ਼ ਸਕੂਲਾਂ ਦੇ ਮੁਲਾਜ਼ਮਾਂ ਦੀਆਂ ਮੰਗਾਂ ਪੂਰੀਆਂ ਨਹੀਂ ਹੋਣਗੀਆਂ, ਜਥੇਬੰਦੀ ਸਰਕਾਰ ਨੂੰ ਹਰ ਫਰੰਟ 'ਤੇ ਘੇਰਦੀ ਰਹੇਗੀ।

# ਐੱਮ ਐਂਡ ਐੱਮ ਪਬਲਿਕ ਸਕੂਲ ਵੱਲੋਂ 'ਮਿਸ਼ਨ ਹਰਿਆਲੀ-2023' ਲਈ ਤਿਆਰੀਆਂ ਸ਼ੁਰੂ



**ਸੰਗਰੂਰ (ਪ੍ਰਵੀਨ ਸਿੰਘ)**-ਆਪਣਾ ਪੰਜਾਬ ਫਾਊਂਡੇਸ਼ਨ ਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨਜ਼ ਆਫ ਪੰਜਾਬ ਦੇ ਸੱਦੇ 'ਤੇ ਪੰਜਾਬ ਦੇ ਸਮੂਹ ਸਕੂਲਾਂ ਵੱਲੋਂ 'ਮਿਸ਼ਨ ਹਰਿਆਲੀ-2023' ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੇਠੀ ਨੇ ਦੱਸਿਆ ਕਿ ਪਿਛਲੇ ਸਾਲ ਸਕੂਲੀ ਬੱਚਿਆਂ, ਅਧਿਆਪਕਾਂ ਤੇ ਬੱਚਿਆਂ ਦੇ ਮਾਪਿਆਂ ਦੁਆਰਾ 5 ਲੱਖ 68 ਹਜ਼ਾਰ ਪੌਦੇ ਲਾਏ ਗਏ ਸਨ। ਇਸ ਵਾਰ ਇਹ ਟੀਚਾ ਇੱਕ ਦਿਨ 'ਚ 7 ਲੱਖ ਪੌਦੇ ਲਗਾਉਣ ਦਾ ਹੈ। ਇਸੇ ਮੁਹਿੰਮ ਤਹਿਤ ਜ਼ਿਲ੍ਹਾ ਸੰਗਰੂਰ ਦੇ 138 ਸਕੂਲਾਂ ਦੇ ਮੁਖੀਆਂ ਦੀ ਮੀਟਿੰਗ ਹੋਈ, ਜਿਸ ਵਿੱਚ ਸਕੂਲਾਂ 'ਚ ਪੌਦੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕਰਨ ਦੇ ਨਾਲ ਨਾਲ-ਵਿਸ਼ਵ ਰਿਕਾਰਡ ਬਣਾਉਣ ਬਾਰੇ ਚਰਚਾ ਹੋਈ। ਉਨ੍ਹਾ ਦੱਸਿਆ ਕਿ 17 ਜੁਲਾਈ ਨੂੰ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਵਿੱਚ ਇੱਕ ਨਵੇਕਲੀ ਕਿਸਮ ਦਾ ਵਿਸ਼ਵ ਰਿਕਾਰਡ ਬਣਾਇਆ ਜਾਵੇਗਾ, ਜਿਸ ਤਹਿਤ ਬੱਚੇ ਵੱਡੀ ਗਿਣਤੀ 'ਚ ਹਰੇ ਰੰਗ ਦੀਆਂ ਪੱਗਾਂ ਜਾਂ ਪਟਕੇ ਬੰਨ੍ਹ ਕੇ 'ਬਿਗੈਸਟ ਹਿਊਮਨ ਟਰੀ' ਬਣਾਉਣਗੇ। ਇਹ ਬਿਗੈਸਟ ਹਿਊਮਨ ਟਰੀ ਜ਼ਿਲ੍ਹਾ ਪੱਧਰ 'ਤੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਮਿਲ ਕੇ ਬਣਾਏ ਜਾਣਗੇ, ਜਿਸ 'ਚ ਹਰ ਜ਼ਿਲ੍ਹਾ ਪੱਧਰ 'ਤੇ 2000 ਤੋਂ 11000 ਵਿਦਿਆਰਥੀ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਐੱਮ ਐਂਡ ਐੱਮ ਪਬਲਿਕ ਸਕੂਲ ਨੇ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਫਾਊਂਡੇਸ਼ਨ ਨੇ ਵਿਸ਼ਵ ਰਿਕਾਰਡ ਦਰਜ ਕਰਨ ਵਾਲੀਆਂ ਸੰਸਥਾਵਾਂ ਨਾਲ ਸੰਪਰਕ ਕਰ ਲਿਆ ਹੈ। ਪੌਦੇ ਲਗਾਉਣ ਦੀ ਮੁਹਿੰਮ ਤੇ ਵਿਸ਼ਵ ਰਿਕਾਰਡ ਦਰਜ ਕਰਵਾਉਣ ਲਈ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ 'ਚ ਕਾਫੀ ਉਤਸ਼ਾਹ ਹੈ।

# 14 ਦੀ ਮੋਹਾਲੀ ਰੈਲੀ 'ਚ ਪ ਸ ਸ ਫ ਕਰੇਗੀ ਭਰਵੀਂ ਸ਼ਮੂਲੀਅਤ : ਆਗੂ

**ਮੋਗਾ (ਅਮਰਜੀਤ ਬੱਬਰੀ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680/22-ਬੀ ਚੰਡੀਗੜ੍ਹ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਦੇ ਕਾਮਰੇਡ ਬਲਵਿੰਦਰ ਸਿੰਘ ਸੰਧੂ ਹਾਲ 'ਚ ਹੋਈ। ਮੀਟਿੰਗ ਦੀ ਕਾਰਵਾਈ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਪ੍ਰੈੱਸ ਸਕੱਤਰ ਪਰਭਜੀਤ ਸਿੰਘ ਉੱਪਲ ਤੇ ਟਹਿਲ ਸਿੰਘ ਸਰਾਭਾ ਨੇ ਦੱਸਿਆ ਕਿ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾਈ ਆਗੂ ਸਾਥੀ ਚਰਨ ਸਿੰਘ ਸਰਾਭਾ, ਦਰਸ਼ਨ ਸਿੰਘ ਲੁਬਾਣਾ, ਗੁਰਪ੍ਰੀਤ ਸਿੰਘ ਮੰਗਵਾਲ, ਗੁਰਮੇਲ ਸਿੰਘ ਮੈਲਡੇ, ਗੁਰਜੰਟ ਸਿੰਘ ਕੋਕਰੀ, ਪ੍ਰੇਮ ਚਾਵਲਾ, ਅਸ਼ੋਕ ਕੌਸ਼ਲ, ਬਲਕਾਰ ਵਲਟੋਹਾ, ਅਮਰੀਕ ਸਿੰਘ ਮਸੀਤਾਂ, ਗੁਰਪ੍ਰੀਤ ਸਿੰਘ ਮਾੜੀਮੇਘਾ, ਗੁਰਜੀਤ ਸਿੰਘ ਘੋੜੇਵਾਹ, ਅਮਰਜੀਤ ਕੌਰ ਰਣ ਸਿੰਘ ਵਾਲਾ, ਬਲਵੀਰ ਕੌਰ ਗਿੱਲ, ਜਸਕਰਨ ਸਿੰਘ ਗਹਿਰੀ ਬੁੱਟਰ, ਪ੍ਰਵੀਨ ਕੁਮਾਰ ਲੁਧਿਆਣਾ ਤੇ ਰਣਦੀਪ ਸਿੰਘ ਫਤਹਿਗੜ੍ਹ ਸਾਹਿਬ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਮੁਲਾਜ਼ਮ-ਪੈਨਸ਼ਨਰ ਮੰਗਾਂ ਪ੍ਰਤੀ ਕੀਤੇ ਵਾਅਦੇ ਲਾਗੂ ਕਰਨ ਦੀ ਬਜਾਏ ਹੱਕ ਮੰਗਦੇ ਲੋਕਾਂ 'ਤੇ ਲਾਠੀਚਾਰਜ ਕਰਨ ਦੇ ਪੁੱਠੇ ਰਾਹਾਂ 'ਤੇ ਉੱਤਰ ਆਈ ਹੈ। ਮੁੱਖ ਮੰਤਰੀ ਪੰਜਾਬ ਸਰਕਾਰ ਭਗਵੰਤ ਮਾਨ ਕੋਲ ਸਰਕਾਰ ਬਣਨ ਦੇ 16 ਮਹੀਨੇ ਬੀਤ ਜਾਣ ਦੇ ਬਾਅਦ ਵੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਸੁਣਨ ਲਈ ਇੱਕ ਮਿੰਟ ਦਾ ਸਮਾਂ ਨਹੀਂ ਹੈ। ਕੱਚੇ ਮੁਲਾਜ਼ਮਾਂ, ਸਕੀਮ ਵਰਕਰਾਂ, ਠੇਕਾ ਤੇ ਆਊਟ ਸੋਰਸ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਨੀਤੀ ਪੂਰੀ ਤਰ੍ਹਾਂ ਨੁਕਸਦਾਰ ਹੈ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਪੁਰਾਣੀ ਪੈਨਸ਼ਨ ਲਾਗੂ ਕਰਨ ਤੋਂ ਮਾਨ ਸਰਕਾਰ ਟਾਲ ਮਟੋਲ ਕਰ ਰਹੀ ਹੈ, 17-7-2020 ਤੋਂ ਕੇਂਦਰੀ ਸਕੇਲਾਂ 'ਚ ਭਰਤੀ ਕਰਨ ਦੇ ਫੈਸਲੇ ਨੂੰ ਵਾਪਸ ਲੈਣ ਤੋਂ ਵਿੱਤ ਮੰਤਰੀ ਪੰਜਾਬ ਮੁੱਕਰ ਗਏ ਹਨ, ਸਮੂਹ ਵਿਭਾਗਾਂ 'ਚ ਕਿਰਤ ਕਾਨੂੰਨ ਲਾਗੂ ਨਹੀਂ ਕੀਤੇ ਜਾ ਰਹੇ, ਕੱਚੇ ਤੇ ਠੇਕਾ ਮੁਲਾਜ਼ਮਾਂ ਦਾ ਆਰਥਿਕ ਸ਼ੋਸ਼ਣ ਜੰਗੀ ਪੱਧਰ 'ਤੇ ਜਾਰੀ ਹੈ, ਤਨਖਾਹ ਸਕੇਲਾਂ ਤੇ ਕੇਂਦਰ ਸਰਕਾਰ ਵਾਂਗ ਡੀ ਏ ਦੀਆਂ ਬਕਾਇਆ ਕਿਸ਼ਤਾਂ ਦੇਣ ਬਾਰੇ ਪੰਜਾਬ ਸਰਕਾਰ ਪੂਰੀ ਤਰ੍ਹਾਂ ਚੁੱਪ ਹੈ, ਪੰਜਾਬ ਦੇ ਮੁਲਾਜ਼ਮ ਕੇਂਦਰੀ ਮੁਲਾਜ਼ਮਾਂ ਤੋਂ 8% ਡੀ ਏ ਘੱਟ ਪ੍ਰਾਪਤ ਕਰ ਰਹੇ ਹਨ, ਜਿਸ ਕਾਰਨ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ ਹੈ।



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਆਗੂ ਤੇ ਹਾਜ਼ਰ ਫੈਡਰੇਸ਼ਨ ਮੈਂਬਰ।

ਆਗੂਆਂ ਨੇ ਕਿਹਾ ਕਿ 14 ਜੁਲਾਈ ਨੂੰ ਏਟਕ ਸਮੇਤ ਚਾਰ ਜਥੇਬੰਦੀਆਂ ਵੱਲੋਂ ਮੋਹਾਲੀ ਲੇਬਰ ਭਵਨ ਅੱਗੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਫੈਡਰੇਸ਼ਨ ਨਾਲ ਸਬੰਧਤ/ਸਹਿਯੋਗੀ ਜਥੇਬੰਦੀਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਭਗਵੰਤ ਮਾਨ ਸਰਕਾਰ ਵੱਲੋਂ ਟਾਲ-ਮਟੋਲ ਦੀ ਨੀਤੀ ਤਿਆਗ ਕੇ 18 ਜੁਲਾਈ ਦੀ ਮੀਟਿੰਗ 'ਚ ਮੰਗਾਂ ਦਾ ਨਿਪਟਾਰਾ ਨਾ ਕੀਤਾ ਤਾਂ ਸਾਂਝੇ ਫਰੰਟ ਵੱਲੋਂ ਕੈਬਨਿਟ ਸਬ ਕਮੇਟੀ ਦੇ ਮੰਤਰੀਆਂ ਵਿਰੁੱਧ ਜ਼ਬਰਦਸਤ ਰੋਸ ਮੁਜ਼ਾਹਰੇ ਕੀਤੇ ਜਾਣਗੇ, ਜਿਸ ਦੀ ਤਿਆਰੀ ਲਈ 10 ਜੁਲਾਈ ਨੂੰ ਜ਼ਿਲ੍ਹਾ ਪੱਧਰ 'ਤੇ ਸਾਂਝੀਆਂ ਮੀਟਿੰਗਾਂ ਕੀਤੀਆਂ ਜਾਣਗੀਆਂ।

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ 21 ਜੁਲਾਈ ਨੂੰ ਸੰਗਰੂਰ ਵਿਖੇ ਕੀਤੀ ਜਾਣ ਵਾਲੇ ਰੋਸ ਪ੍ਰਦਰਸ਼ਨ 'ਚ ਫੈਡਰੇਸ਼ਨ ਵੱਲੋਂ ਪੂਰਨ ਸਹਿਯੋਗ ਕਰਨ ਦਾ ਫੈਸਲਾ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਫੈਡਰੇਸ਼ਨ ਦੀ ਮੋਗਾ ਵਿਖੇ 21 ਤੋਂ 23 ਅਕਤੂਬਰ 2023 ਨੂੰ ਹੋਣ ਵਾਲੀ ਕੌਮੀ ਕਾਨਫਰੰਸ ਦੀਆਂ ਤਿਆਰੀਆਂ ਵੱਖੋ ਵੱਖ ਕਮੇਟੀਆਂ ਦਾ ਗਠਨ ਕਰਕੇ ਅਰੰਭ ਕਰ ਦਿੱਤੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੂਟਾ ਸਿੰਘ ਭੱਟੀ, ਹਰਵਿੰਦਰ ਸਿੰਘ ਰੌਣੀ, ਮੇਲਾ ਸਿੰਘ ਪੁੰਨਾਂਵਾਲ, ਸੁਖਜਿੰਦਰ ਸਿੰਘ ਫਾਜ਼ਿਲਕਾ, ਬਲਜਿੰਦਰ ਸਿੰਘ, ਸੁਖਜੀਤ ਸਿੰਘ ਮੁਕਤਸਰ, ਜਗਮੋਹਣ ਨੌਲੱਖਾ, ਪਰਮਿੰਦਰ ਪਾਲ ਸਿੰਘ ਕਾਲੀਆ, ਦੁਰਗੋ ਬਾਈ, ਬੀਬੀ ਸਿੰਬਲਜੀਤ ਕੌਰ, ਬੀਬੀ ਨੀਲਮ, ਜਸਵਿੰਦਰ ਸਿੰਘ ਫਤਿਹਗੜ੍ਹ ਸਾਹਿਬ, ਕੁਲਵੰਤ ਸਿੰਘ ਚਾਨੀ, ਸੋਮ ਨਾਥ ਅਰੋੜਾ ਸਮੇਤ ਕਈ ਆਗੂ ਹਾਜ਼ਰ ਸਨ।

# ਠੇਕੇਦਾਰ ਸਮੇਂ 'ਤੇ ਸਫਾਈ ਨਹੀਂ ਕਰਨਗੇ ਤਾਂ ਕਰਾਂਗੇ ਬਲੈਕ ਲਿਸਟ : ਕਾਕਾ ਬਰਾੜ

## ਮੁੱਖ ਮੰਤਰੀ ਦੇ ਆਦੇਸ਼ਾਂ 'ਤੇ ਵੱਲੋਂ ਡਰੇਨਾਂ ਦਾ ਦੌਰਾ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਾਰਿਸ਼ ਦੇ ਮੌਸਮ ਦੇ ਮੱਦੇਨਜ਼ਰ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਨਿਰਦੇਸ਼ਾਂ ਅਨੁਸਾਰ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਵੱਲੋਂ ਲਗਾਤਾਰ ਸੇਮ ਨਾਲਿਆਂ ਦਾ ਦੌਰਾ ਕਰਕੇ ਸਫਾਈ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਇਸੇ ਕੜੀ ਤਹਿਤ ਅੱਜ ਸਰਾਏਨਾਗਾ ਡਰੇਨ, ਡੋਹਕ ਸੀਰਵਾਲੀ ਡਰੇਨ ਦਾ ਦੌਰਾ ਕੀਤਾ ਤੇ ਅਧਿਕਾਰੀਆਂ ਨੂੰ ਜਲਦ ਸਫਾਈ ਕਰਵਾਉਣ ਦੇ ਨਿਰਦੇਸ਼ ਦਿੱਤੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਸੂਬੇ 'ਚ ਬਾਰਿਸ਼ ਦੇ ਕਾਰਨ ਮਾਹੌਲ ਬਹੁਤ ਜ਼ਿਆਦਾ ਖਰਾਬ ਹੋ ਗਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਖੁਦ ਨਿਗਰਾਨੀ ਕਰ ਰਹੇ ਹਨ। ਉਨ੍ਹਾ ਦੇ ਆਦੇਸ਼ਾਂ 'ਤੇ ਅੱਜ ਫਿਰ ਸਰਾਏਨਾਗਾ, ਡੋਹਕ ਸੀਰਵਾਲੀ ਡਰੇਨਾਂ ਦਾ ਦੌਰਾ ਕੀਤਾ ਤੇ ਸੰਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਸਮਾਂਬੱਧ ਸਫਾਈ ਕਰਨ ਲਈ ਆਖਿਆ। ਇਸ ਤੋਂ ਇਲਾਵਾ ਜੋ ਠੇਕੇਦਾਰ ਸਮੇਂ 'ਤੇ ਸਫਾਈ ਨੇਪਰੇ ਨਹੀਂ ਚੜ੍ਹਾਉਂਦੇ, ਉਨ੍ਹਾਂ ਨੂੰ ਬਲੈਕਲਿਸਟ ਕੀਤਾ ਜਾਵੇ। ਉਨ੍ਹਾ ਕਿਹਾ ਕਿ ਲੋਕਾਂ ਦੀ ਸੁਰੱਖਿਆ ਲਈ ਕਿਸੇ ਪ੍ਰਕਾਰ ਦਾ ਕੋਈ ਸਮਝੌਤਾ ਨਹੀਂ। ਮੌਕੇ 'ਤੇ ਅਧਿਕਾਰੀਆਂ ਨਾਲ ਗੱਲਬਾਤ ਕਰਨ 'ਤੇ ਦੱਸਿਆ ਕਿ ਪੱਕਾ ਡਾਇਵਰਸ਼ਨ ਡਰੇਨ ਦੀ ਸਫਾਈ ਕਰਨ ਲਈ ਕਰੀਬ 13 ਲੱਖ ਰੁਪਏ ਗ੍ਰਾਂਟ ਜਾਰੀ ਕਰ ਦਿੱਤੀ ਗਈ ਤੇ ਜਲਦ ਇਹ ਡਰੇਨ ਦੀ ਸਫਾਈ ਹੋ ਜਾਵੇਗੀ। ਇਸ ਮੌਕੇ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਰਾਜੂ, ਰਾਜਵਿੰਦਰ ਸਿੰਘ ਗੋਲੂ ਆਦਿ ਪਿੰਡ ਵਾਸੀ ਹਾਜ਼ਰ ਸਨ।

# ਸਕਾਰਾਤਮਕ ਪੱਤਰਕਾਰੀ, ਸਕਾਰਾਤਮਕ ਭਾਰਤ : ਪ੍ਰੋ. ਸੰਜੇ ਦਿਵੇਦੀ



**ਜੈਤੋ (ਸਤੀਸ਼ ਕੁਮਾਰ ਭੀਰੀ)**

ਭਾਰਤ ਇੱਕ ਵਿਲੱਖਣ ਰਾਸ਼ਟਰ ਹੈ, ਜਿਸ ਦਾ ਗਠਨ ਅਜ਼ਾਦੀ ਦੇ ਸੰਘਰਸ਼ ਤੇ ਵਿਭਿੰਨ ਭਾਸ਼ਾਵਾਂ, ਸੱਭਿਆਚਾਰਾਂ, ਧਰਮਾਂ, ਅਹਿੰਸਾ ਤੇ ਨਿਆਂ ਦੇ ਸਿਧਾਂਤਾਂ 'ਤੇ ਅਧਾਰਤ ਸੱਭਿਆਚਾਰਕ ਵਿਕਾਸ ਦੇ ਇੱਕ ਅਮੀਰ ਇਤਿਹਾਸ ਦੁਆਰਾ ਬਣਾਇਆ ਗਿਆ ਹੈ ਤੇ ਉਨ੍ਹਾਂ ਨੂੰ ਏਕਤਾ ਦੇ ਧਾਗੇ ਵਿੱਚ ਬੰਨ੍ਹਿਆ ਹੋਇਆ ਹੈ। ਪ੍ਰੋ. ਸੰਜੇ ਦਿਵੇਦੀ ਭਾਰਤੀ ਜਨ ਸੰਚਾਰ ਸੰਸਥਾਨ ਦੇ ਡਾਇਰੈਕਟਰ ਜਨਰਲ ਨੇ ਦੱਸਿਆ ਕਿ ਸਾਂਝੇ ਇਤਿਹਾਸ ਦੇ ਵਿਚਕਾਰ ਆਪਸੀ ਸਮਝ ਦੀ ਭਾਵਨਾ ਨੇ ਵਿਭਿੰਨਤਾ ਵਿੱਚ ਇੱਕ ਵਿਸ਼ੇਸ਼ ਏਕਤਾ ਨੂੰ ਸਮਰੱਥ ਬਣਾਇਆ ਹੈ, ਜੋ ਭਾਰਤਬੋਧ ਦੀ ਲਾਟ ਦੇ ਰੂਪ ਵਿੱਚ ਉੱਭਰਦੀ ਹੈ, ਜਿਸ ਨੂੰ ਭਵਿੱਖ ਵਿੱਚ ਪਾਲਣ ਤੇ ਪਿਆਰ ਦੀ ਲੋੜ ਹੈ। ਪ੍ਰੋ. ਦਿਵੇਦੀ ਨੇ ਕਿਹਾ ਕਿ ਅਖਬਾਰਾਂ ਤੇ ਮੀਡੀਆ ਦਾ ਕੰਮ ਖਬਰਾਂ ਪਹੁੰਚਾਉਣਾ ਹੈ, ਲੋਕ-ਸਿੱਖਿਆ ਦਾ ਕੰਮ ਹੈ, ਜੇਕਰ ਸਮਾਜ ਤੇ ਸਰਕਾਰ ਵਿੱਚ ਕੁਝ ਕਮੀਆਂ ਹਨ ਤਾਂ ਉਨ੍ਹਾਂ ਨੂੰ ਸਾਹਮਣੇ ਲਿਆਉਣਾ ਹੈ। ਮੀਡੀਆ ਨੂੰ ਆਲੋਚਨਾ ਕਰਨ ਦਾ ਜਿੰਨਾ ਅਧਿਕਾਰ ਹੈ, ਓਨੀ ਹੀ ਸਕਾਰਾਤਮਕ ਖ਼ਬਰਾਂ ਨੂੰ ਸਾਹਮਣੇ ਲਿਆਉਣ ਦੀ ਜ਼ਿੰਮੇਵਾਰੀ ਵੀ ਹੈ। ਪਿਛਲੇ ਸਾਲਾਂ 'ਚ ਮੀਡੀਆ ਦੇ ਇੱਕ ਵੱਡੇ ਹਿੱਸੇ ਨੇ ਰਾਸ਼ਟਰੀ ਤੇ ਸਮਾਜਿਕ ਹਿੱਤਾਂ ਨਾਲ ਸੰਬੰਧਤ ਮੁਹਿੰਮਾਂ ਨੂੰ ਸਰਗਰਮੀ ਨਾਲ ਅਪਣਾਇਆ ਹੈ, ਜਿਸ ਦਾ ਅੱਜ ਦੇਸ਼ 'ਚ ਸਕਾਰਾਤਮਕ ਪ੍ਰਭਾਵ ਪੈ ਰਿਹਾ ਹੈ।

ਉਨ੍ਹਾ ਕਿਹਾ ਕਿ ਸਵੱਛ ਭਾਰਤ ਅਭਿਆਨ ਨਾਲ ਜੇਕਰ ਦੇਸ਼ ਦੇ ਗਰੀਬਾਂ ਤੇ ਪਿੰਡਾਂ ਦੇ ਲੋਕਾਂ ਦੀ ਜ਼ਿੰਦਗੀ ਤੇ ਸਿਹਤ 'ਚ ਸੁਧਾਰ ਹੋ ਰਿਹਾ ਹੈ ਤਾਂ ਇਸ ਵਿੱਚ ਮੀਡੀਆ ਦੇ ਲੋਕਾਂ ਦਾ ਵੀ ਵੱਡਾ ਰੋਲ ਹੈ, ਸਗੋਂ ਮੈਂ ਸ਼ਲਾਘਾਯੋਗ ਰੋਲ ਕਹਾਂਗਾ। ਅੱਜ ਜੇਕਰ ਭਾਰਤ ਡਿਜੀਟਲ ਭੁਗਤਾਨ ਦੇ ਮਾਮਲੇ 'ਚ ਦੁਨੀਆ 'ਚ ਮੋਹਰੀ ਹੈ ਤਾਂ ਮੀਡੀਆ ਦੁਆਰਾ ਸ਼ੁਰੂ ਕੀਤੀ ਗਈ ਜਨ ਸਿੱਖਿਆ ਮੁਹਿੰਮ ਨੇ ਦੇਸ਼ ਦੀ ਮਦਦ ਕੀਤੀ।

ਭਾਰਤੀ ਜਨ ਸੰਚਾਰ ਸੰਸਥਾਨ ਦੇ ਮੁਖੀ ਪ੍ਰੋ. ਸੰਜੇ ਦਿਵੇਦੀ ਨੇ ਅੱਗੇ ਕਿਹਾ ਕਿ ਪਿਛਲੇ 3 ਸਾਲਾਂ 'ਚ ਕੋਰੋਨਾ ਦੇ ਦੌਰ 'ਚ ਸਾਡੇ ਪੱਤਰਕਾਰ ਸਾਥੀਆਂ ਨੇ ਜਿਸ ਤਰ੍ਹਾਂ ਦੇਸ਼ ਦੇ ਹਿੱਤ 'ਚ ਕਰਮਯੋਗੀ ਦੀ ਤਰ੍ਹਾਂ ਕੰਮ ਕੀਤਾ, ਉਹ ਵੀ ਹਮੇਸ਼ਾ ਯਾਦ ਰੱਖਿਆ ਜਾਵੇਗਾ। ਭਾਰਤੀ ਮੀਡੀਆ ਦੇ ਸਕਾਰਾਤਮਕ ਯੋਗਦਾਨ ਨੇ ਭਾਰਤ ਨੂੰ 100 ਸਾਲਾਂ ਦੇ ਇਸ ਸਭ ਤੋਂ ਵੱਡੇ ਸੰਕਟ ਨਾਲ ਨਜਿੱਠਣ 'ਚ ਬਹੁਤ ਮਦਦ ਕੀਤੀ। ਉਨ੍ਹਾ ਕਿਹਾ ਕਿ ਇਹ ਦੇਸ਼ ਬਹਿਸਾਂ ਤੇ ਵਿਚਾਰ-ਵਟਾਂਦਰੇ ਰਾਹੀਂ ਅੱਗੇ ਵਧਣ ਦੀ ਅਮੀਰ ਪ੍ਰੰਪਰਾ ਦਾ ਦੇਸ਼ ਹੈ। ਅੰਮ੍ਰਿਤਕਾਲ ਸਾਨੂੰ ਇੱਕ ਮਜ਼ਬੂਤ, ਵਿਕਸਤ ਤੇ ਸੰਮਲਿਤ ਭਾਰਤ ਦੇ ਨਿਰਮਾਣ ਲਈ ਕੰਮ ਕਰਨ ਦਾ ਮੌਕਾ ਦੇ ਰਿਹਾ ਹੈ।

ਅੰਤ ਵਿੱਚ ਪ੍ਰੋ. ਦਿਵੇਦੀ ਨੇ ਕਿਹਾ ਕਿ ਚੰਗੀਆਂ ਨੀਤੀਆਂ ਬਣਾਉਣਾ ਕਿਸੇ ਵੀ ਦੇਸ਼ ਦੇ ਵਿਕਾਸ ਦਾ ਇੱਕ ਪਹਿਲੂ ਹੈ, ਪਰ ਨੀਤੀਆਂ ਨੂੰ ਸਫਲ ਬਣਾਉਣ ਲਈ ਤੇ ਇਹ ਯਕੀਨੀ ਬਣਾਉਣ ਲਈ ਕਿ ਵੱਡੇ ਪੱਧਰ 'ਤੇ ਤਬਦੀਲੀ ਆਵੇ, ਸਮਾਜ ਦੇ ਸਾਰੇ ਖੇਤਰਾਂ ਦੀ ਸਰਗਰਮ ਭਾਗੇਦਾਰੀ ਦੀ ਲੋੜ ਹੈ। ਇਸ ਲਈ ਮੀਡੀਆ ਅਹਿਮ ਭੂਮਿਕਾ ਨਿਭਾਉਂਦਾ ਹੈ।

# ਮੋਗਾ ਹਲਕੇ 'ਚ ਰੋਜ਼ ਫੂਕੇ ਜਾਣਗੇ ਵਿਧਾਇਕ ਅਮਨਦੀਪ ਕੌਰ ਅਰੋੜਾ ਦੇ ਪੁਤਲੇ : ਗਿੱਲ, ਮਾਣੂੰਕੇ

## 21 ਨੂੰ ਡੀ ਸੀ ਦਫਤਰ ਅੱਗੇ ਦਿੱਤਾ ਜਾਵੇਗਾ ਵਿਸ਼ਾਲ ਧਰਨਾ



ਜਬਰ ਵਿਰੋਧੀ ਲੋਕ ਸੰਘਰਸ਼ ਕਮੇਟ ਦੇ ਮੈਂਬਰ ਮੀਟਿੰਗ ਕਰਦੇ ਹੋਏ।

**ਮੋਗਾ (ਅਮਰਜੀਤ ਬੱਬਰੀ)**-ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਮੋਗਾ ਵੱਲੋਂ ਸਿਵਲ ਹਸਪਤਾਲ ਮੋਗਾ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੀ ਉੱਚ-ਪੱਧਰੀ ਜਾਂਚ, ਚਰਮਰਾ ਚੁੱਕੀਆਂ ਸਿਹਤ ਸੇਵਾਵਾਂ ਨੂੰ ਮੁੜ ਬਹਾਲ ਕਰਵਾਉਣ ਤੇ ਡਿਊਟੀ ਪ੍ਰਤੀ ਇਮਾਨਦਾਰ ਅਤੇ ਸਮਾਜ ਸੇਵਾ ਨੂੰ ਸਮਰਪਤ ਦਫਤਰ ਸਿਵਲ ਸਰਜਨ ਮੋਗਾ ਦੇ ਕਰਮਚਾਰੀ ਮਹਿੰਦਰ ਪਾਲ ਲੂੰਬਾ ਦੀ ਜਬਰੀ ਕੀਤੀ ਗਈ ਬਦਲੀ ਨੂੰ ਰੱਦ ਕਰਵਾਉਣ ਲਈ ਅੱਜ ਸ਼ਹੀਦ ਕਾਮਰੇਡ ਨਛੱਤਰ ਸਿੰਘ ਭਵਨ ਬੱਸ ਸਟੈਂਡ ਮੋਗਾ ਵਿਖੇ ਇੱਕ ਵਿਸ਼ਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ 'ਚ ਸਮਾਜਿਕ, ਧਾਰਮਿਕ, ਮੁਲਾਜ਼ਮ ਤੇ ਵਪਾਰਕ ਜਥੇਬੰਦੀਆਂ, ਟ੍ਰੇਡ ਯੂਨੀਅਨਾਂ ਅਤੇ ਫੈਡਰੇਸ਼ਨਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦਾ ਏਜੰਡਾ ਸਰਕਾਰ ਵੱਲੋਂ ਜਾਂਚ ਕਰਵਾਉਣ ਤੋਂ ਭੱਜਣ, ਸਿਹਤ ਸਹੂਲਤਾਂ ਨੂੰ ਬਹਾਲ ਕਰਵਾਉਣ 'ਚ ਨਕਾਰਾਤਮਕ ਰਵੱਈਆ ਅਪਣਾਉਣ ਤੇ ਮਹਿੰਦਰ ਪਾਲ ਲੂੰਬਾ ਦੀ ਬਦਲੀ ਰੱਦ ਕਰਨ 'ਚ ਟਾਲਮਟੋਲ ਕਰਨ ਤੇ ਅਗਲੇ ਐਕਸ਼ਨ ਦੀ ਤਿਆਰੀ ਤੇ ਰੂਪ ਰੇਖਾ ਬਣਾਉਣ ਸਬੰਧੀ ਬੋਲਦਿਆਂ ਜਬਰ ਵਿਰੋਧੀ ਲੋਕ ਸੰਘਰਸ਼ ਕਮੇਟੀ ਦੇ ਕਨਵੀਨਰ ਇੰਦਰਵੀਰ ਗਿੱਲ, ਕਮਰਜੀਤ ਮਾਣੂੰਕੇ ਨੇ 3 ਜੁਲਾਈ ਦੇ ਸਫਲ ਐਕਸ਼ਨ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਗਲਾ ਐਕਸ਼ਨ ਇਸ ਤੋਂ ਵੀ ਜ਼ਬਰਦਸਤ ਹੋਣਾ ਚਾਹੀਦਾ ਹੈ ਤੇ ਇਸ ਦੀ ਤਿਆਰੀ, ਇਕੱਠ ਤੇ ਸੁਨੇਹਾ ਪਹਿਲਾਂ ਨਾਲੋਂ ਵੱਡਾ ਹੋਣਾ ਚਾਹੀਦਾ ਹੈ। ਉਨ੍ਹਾਂ ਇੱਕ ਸੁਰ ਵਿੱਚ ਸਰਕਾਰ ਦੀ ਇਸ ਮਸਲੇ ਨੂੰ ਹੱਲ ਕਰਨ ਵਿੱਚ ਵਿਖਾਈ ਜਾ ਰਹੀ ਗੈਰ-ਜ਼ਿੰਮੇਵਾਰਾਨਾ ਪਹੁੰਚ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕੋ-ਕਨਵੀਨਰ ਬਲੌਰ ਸਿੰਘ ਘੱਲ ਕਲਾਂ, ਗੁਰਮੇਲ ਸਿੰਘ ਮਾਛੀਕੇ, ਪ੍ਰੇਮ ਕੁਮਾਰ ਨੇ ਕਿਹਾ ਕਿ ਸਰਕਾਰ ਦੀ ਅਕਲ ਟਿਕਾਣੇ ਲਿਆਉਣ ਲਈ ਵਿਧਾਨ ਸਭਾ ਹਲਕਾ ਮੋਗਾ ਦੇ ਪਿੰਡ ਪਿੰਡ ਰੋਜ਼ਾਨਾ ਅੱਜ ਤੋਂ ਹੀ ਐੱਮ ਐੱਲ ਏ ਅਮਨਦੀਨ ਕੌਰ ਅਰੋੜਾ ਦੇ ਪੁਤਲੇ ਫੂਕੇ ਜਾਣਗੇ ਤੇ 21 ਜੁਲਾਈ ਨੂੰ ਡਿਪਟੀ ਕਮਿਸ਼ਨਰ ਮੋਗਾ ਦੇ ਦਫਤਰ ਅੱਗੇ ਧਰਨਾ ਲਾਇਆ ਜਾਵੇਗਾ।

# ਪ੍ਰਸ਼ਾਸਨ ਵੱਲੋਂ ਖਾਨਾ-ਪੂਰਤੀ ਲਈ ਆਈਲਟਸ ਸੈਂਟਰਾਂ ਦੀ ਜਾਂਚ ?

## ਕਿਸੇ ਵੀ ਆਈਲਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਕੋਲ ਨਹੀਂ ਪੁਖਤਾ ਪ੍ਰਬੰਧ




ਚੈਕਿੰਗ ਦੌਰਾਨ ਪ੍ਰਸ਼ਾਸਨਕ ਅਧਿਕਾਰੀ।

**ਮੂਨਕ (ਰਾਜਪਾਲ ਸਿੰਗਲਾ)**-ਪਿਛਲੇ ਲੰਮੇ ਸਮੇਂ ਤੋਂ ਮੀਡੀਆ ਦੇ ਰੌਲਾ ਪਾਉਣ ਤੋਂ ਬਾਅਦ, ਅਖਰਕਾਰ ਪ੍ਰਸ਼ਾਸਨ ਨੇ ਬੀਤੇ ਦਿਨੀਂ ਸ਼ਹਿਰ ਵਿੱਚ ਖੁੱਲ੍ਹ ਰਹੇ ਆਇਲਟਸ ਤੇ ਇੰਮੀਗ੍ਰੇਸ਼ਨ ਸੈਂਟਰਾਂ ਦੀ ਜ਼ਿਲ੍ਹਾ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ 'ਤੇ ਮੂਨਕ ਪ੍ਰਸ਼ਾਸਨ ਵੱਲੋਂ ਆਈਲਟਸ ਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਅਚਨਚੇਤ ਜਾਂਚ ਕੀਤੀ ਗਈ। ਇਨ੍ਹਾਂ ਟੀਮਾਂ ਵਿੱਚ ਨਾਇਬ ਤਹਿਸੀਲਦਾਰ ਮੂਨਕ ਤੇ ਐੱਸ ਐੱਚ ਓ ਮੂਨਕ ਦੀ ਅਗਵਾਈ ਹੇਠ ਵੱਖ ਵੱਖ ਟੀਮਾਂ ਰਾਹੀਂ ਲੋੜੀਂਦੇ ਦਸਤਾਵੇਜ਼ਾਂ ਦੇ ਜਾਂਚ ਦੀ ਮੁਹਿੰਮ ਚਲਾਈ ਗਈ। ਇਸ ਜਾਂਚ ਮੁਹਿੰਮ ਵਿੱਚ ਤਹਿਸੀਲਦਾਰ ਦਫਤਰ ਸਟਾਫ, ਨਗਰ ਪੰਚਾਇਤ ਸਟਾਫ ਤੇ ਪੁਲਸ ਪ੍ਰਸ਼ਾਸਨ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਐੱਸ ਡੀ ਐੱਮ ਦਫਤਰ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਥਾਨਕ ਸ਼ਹਿਰ ਤੇ ਪਿੰਡਾਂ ਅੰਦਰ ਵੱਡੀ ਗਿਣਤੀ 'ਚ ਆਈਲਟਸ ਸੈਂਟਰ ਬਿਨਾਂ ਮਨਜ਼ੂਰੀ ਤੋਂ ਚਲਾਏ ਜਾ ਰਹੇ ਹਨ, ਜਿਨ੍ਹਾਂ ਦੀ ਚੈਕਿੰਗ ਕੀਤੀ ਗਈ। ਇਨ੍ਹਾਂ ਵਿੱਚ ਦੋ ਪਿੰਡਾਂ ਬਾਦਲਗੜ੍ਹ, ਸਲੇਮਗੜ੍ਹ ਤੇ ਬਾਕੀ ਮੂਨਕ ਸ਼ਹਿਰ ਦੇ ਸੈਂਟਰ ਹਨ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਕੀਤੀ ਗਈ ਜਾਂਚ ਦੌਰਾਨ ਸਿਰਫ ਤਿੰਨ ਹੀ ਮਾਨਤਾ ਪ੍ਰਾਪਤ ਹਨ, ਬਾਕੀ ਸਭ ਅਣ-ਅਧਿਕਾਰਤ ਹਨ, ਜਿਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਬੰਦ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਹਨ। ਚੈਕਿੰਗ ਦਾ ਪਤਾ ਲੱਗਣ 'ਤੇ ਪ੍ਰਬੰਧਕ ਸੈਂਟਰਾਂ ਨੂੰ ਬੰਦ ਕਰਕੇ ਫਰਾਰ ਹੋ ਗਏ। ਦੇਖਿਆ ਜਾਵੇ ਤਾਂ ਸਵਾਲ ਇੱਥੇ ਹੀ ਖਤਮ ਨਹੀਂ ਹੁੰਦਾ, ਜੇਕਰ ਚੈਕਿੰਗ ਕਰਨ ਆਈ ਟੀਮ ਬਰੀਕੀ ਨਾਲ ਜਾਂਚ ਕਰਦੀ ਤਾਂ ਕੋਈ ਵੀ ਆਇਲਟਸ ਤੇ ਇੰਮੀਗ੍ਰੇਸ਼ਨ ਸੈਂਟਰ ਅਜਿਹਾ ਨਾ ਮਿਲਦਾ, ਜਿਸ ਕੋਲ ਲੋੜੀਂਦਾ ਪੂਰਾ ਸਾਜ਼ੋ ਸਾਮਾਨ ਮਿਲ ਸਕੇ। ਵਰਨਣਯੋਗ ਹੈ ਕਿ ਮੂਨਕ ਵਿੱਚ ਪਿਛਲੇ ਸਮੇਂ ਦੌਰਾਨ ਕੈਂਚੀਆਂ ਨਜ਼ਦੀਕ ਇੱਕ ਇਮੀਗ੍ਰੇਸ਼ਨ ਸੈਂਟਰ ਵੱਲੋਂ ਵੱਡੀ ਪੱਧਰ 'ਤੇ ਕੀਤੀ ਗਈ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਸੀ। ਮੂਨਕ ਅੰਦਰ ਬਹੁਤ ਸਾਰੇ ਇਮੀਗ੍ਰੇਸ਼ਨ, ਆਈਲਟਸ ਸੈਂਟਰਾਂ ਕੋਲ ਪਾਰਕਿੰਗ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਵਿਦਿਆਰਥੀਆਂ ਵੱਲੋਂ ਵਹੀਕਲ ਮੁੱਖ ਸੜਕ 'ਤੇ ਖੜੇ ਕੀਤੇ ਜਾਂਦੇ ਸਨ, ਜਿਸ ਨਾਲ ਵੱਡਾ ਹਾਦਸਾ ਵਾਪਰਨ ਦਾ ਵੀ ਡਰ ਬਣਿਆ ਰਹਿੰਦਾ ਹੈ। ਬਿਨਾਂ ਮਨਜ਼ੂਰੀ ਤੋਂ ਵੱਡੀ ਗਿਣਤੀ 'ਚ ਆਈਲਟਸ ਸੈਂਟਰਾਂ ਦਾ ਖੋਲ੍ਹਿਆ ਜਾਣਾ ਇੱਕ ਵੱਡੇ ਸਵਾਲ ਇਹ ਪੈਦਾ ਕਰਦਾ ਹੈ।

CMYK

10-JULY-PAGE-7.qxd 7/9/2023 8:37 PM Page 1



# ਕਾਂਗਰਸੀਆਂ ਨੇ ਫੂਕਿਆ ਮੋਦੀ ਸਰਕਾਰ ਦਾ ਪੁਤਲਾ



**ਭੀਖੀ (ਧਰਮਵੀਰ ਸ਼ਰਮਾ)**-ਗੁਜਰਾਤ ਹਾਈ ਕੋਰਟ ਵੱਲੋਂ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਪਟੀਸ਼ਨ ਰੱਦ ਹੋਣ ਤੋਂ ਬਾਅਦ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਰਸ਼ਦੀਪ ਸਿੰਘ ਮਾਇਕਲ ਗਾਗੋਵਾਲ ਤੇ ਆਲ ਇੰਡੀਆਂ ਕਾਂਗਰਸ ਦੇ ਮੈਂਬਰ ਐਡ. ਕੁਲਵੰਤ ਰਾਏ ਸਿੰਗਲਾ ਦੀ ਅਗਵਾਈ ਹੇਠ ਇਕੱਤਰ ਕਾਂਗਰਸੀ ਵਰਕਰਾਂ ਨੇ ਸਥਾਨਕ ਬਰਨਾਲਾ ਚੌਕ ਵਿਖੇ ਮੋਦੀ ਸਰਕਾਰ ਦਾ ਪੁਤਲਾ ਫੂਕਿਆ। ਉਨ੍ਹਾਂ ਇਸ ਮੌਕੇ ਮੋਦੀ ਸਰਕਾਰ ਖਿਲਾਫ ਨਾਅਰੇਬਾਜ਼ੀ ਕਰਦਿਆਂ ਇਸ ਨੂੰ ਲੋਕਤੰਤਰ ਦੀ ਹੱਤਿਆ ਕਰਾਰ ਦਿੱਤਾ।

ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵੱਖ ਵੱਖ ਨੇਤਾਵਾਂ ਨੇ ਕਿਹਾ ਕਿ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਿੱਜੀ ਰੰਜਿਸ਼ ਕੱਢਣ ਲਈ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਆਪਣੇ 9 ਸਾਲ ਦੇ ਕਾਰਜਕਾਲ ਵਿੱਚ ਬੇਰੋਜ਼ਗਾਰੀ ਖਤਮ ਕਰਕੇ ਰੋਜ਼ਗਾਰ ਦੇ ਮੌਕੇ ਪੈਦਾ ਕਰਨ ਤੇ ਦੇਸ਼ ਦਾ ਸਰਵਪੱਖੀ ਵਿਕਾਸ ਕਰਨ ਵਿੱਚ ਅਸਫਲ ਸਾਬਿਤ ਹੋਈ ਹੈ। ਉਨ੍ਹਾਂ ਕਿਹਾ ਕਿ ਮੁੜ ਕੇਂਦਰ ਵਿੱਚ ਸਰਕਾਰ ਬਣਾਉਣ ਲਈ ਭਾਜਪਾ ਤਰਲੋਮੱਛੀ ਹੋ ਰਹੀ ਹੈ, ਪ੍ਰੰਤੂ ਇਸ ਵਾਰ ਕੇਂਦਰ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਹੀ ਬਣੇਗੀ। ਇਸ ਮੌਕੇ ਕਾਂਗਰਸੀ ਆਗੂ ਸੰਦੀਪ ਮਹਿਤਾ, ਵਿਨੋਦ ਗਾਂਧੀ, ਸੁਖਦਰਸ਼ਨ ਸਿੰਘ ਖਾਰਾ, ਜਸਵੀਰ ਸਿੰਘ ਗੁੜਥੜੀ, ਮਲਕੀਤ ਸਿੰਘ ਸਾਬਕਾ ਐੱਮ ਸੀ, ਪ੍ਰੇਮ ਕੁਮਾਰ ਪ੍ਰੇਮਾ, ਨੀਟਾ ਜੋਸ਼ੀ ਤੇ ਜਸਵੰਤ ਮੱਤੀ ਹਾਜ਼ਰ ਸਨ।

# ਕਿਸਾਨੀ ਮੰਗਾਂ ਨੂੰ ਲੈ ਕੇ ਸੰਘਰਸ਼ ਤਿੱਖਾ ਕਰਨ ਦਾ ਐਲਾਨ

## ਕੇਂਦਰ ਕਾਰਪੋਰੇਟ ਘਰਾਣਿਆਂ ਦੀ ਹੱਥ-ਠੋਕਾ, ਕੇਂਦਰ ਤੇ ਸੂਬਾ ਸਰਕਾਰ ਕਿਸਾਨਾਂ ਨੂੰ ਉਜਾੜਨ ਦੇ ਰਾਹ ਤੁਰੀ : ਬੁੱਟਰ



**ਪਾਤੜਾਂ (ਨਿਸਾਨ ਸਿੰਘ ਬਣਵਾਲਾ)**

ਕ੍ਰਾਂਤੀਕਾਰੀ ਕਿਸਾਨ ਯੂਨੀਅਨ ਬਲਾਕ ਪਾਤੜਾਂ ਦੀ ਅਹਿਮ ਮੀਟਿੰਗ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ, ਜਿਸ ਵਿੱਚ ਕਿਸਾਨੀ ਮੁੱਦਿਆਂ ਤੇ ਜ਼ਮੀਨਾਂ 'ਤੇ ਖੇਤੀ ਕਰ ਰਹੇ ਕਾਸ਼ਤਕਾਰਾਂ ਤੋਂ ਜਬਰੀ ਜ਼ਮੀਨ ਛੁਡਵਾਉਣ ਦੀ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਕਾਰਵਾਈ ਦਾ ਡੱਟ ਕੇ ਵਿਰੋਧ ਕਰਨ ਦਾ ਫੈਸਲਾ ਲਿਆ ਗਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਮੀਤ ਪ੍ਰਧਾਨ ਹਰਭਜਨ ਸਿੰਘ ਬੁੱਟਰ ਨੇ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਦੀਆਂ ਗਲਤ ਆਰਥਿਕ ਨੀਤੀਆਂ ਕਰਕੇ ਕਿਸਾਨੀ ਪਹਿਲਾਂ ਤੋਂ ਹੀ ਕਰਜ਼ੇ ਦੀ ਦਲਦਲ ਵਿੱਚ ਫਸੀ ਹੋਈ ਹੈ।

ਕੇਂਦਰ ਸਰਕਾਰ ਜਿੱਥੇ ਕਾਰਪਰੇਟ ਘਰਾਣਿਆਂ ਦਾ ਹੱਥ ਠੋਕਾ ਬਣ ਕੇ ਕਿਸਾਨੀ ਨੂੰ ਖਤਮ ਕਰਨ ਦੇ ਰਾਹ ਚੱਲੀ ਹੋਈ ਹੈ, ਉੱਥੇ ਸੂਬੇ ਦੀ ਭਗਵੰਤ ਮਾਨ ਸਰਕਾਰ ਪੀੜ੍ਹੀਆਂ ਤੋਂ ਪੰਚਾਇਤੀ ਜ਼ਮੀਨ ਉੱਤੇ ਖੇਤੀ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰ ਰਹੇ ਕਿਸਾਨਾਂ ਨੂੰ ਉਜਾੜਨ ਦੇ ਰਾਹ ਤੁਰ ਪਈ ਹੈ। ਬਲਾਕ ਪਾਤੜਾਂ ਅਧੀਨ ਆਉਂਦੇ ਪਿੰਡ ਜਲਾਲਪੁਰ 'ਚ ਪੰਚਾਇਤੀ ਜ਼ਮੀਨ ਦੀ ਗਲਤ ਤਰੀਕੇ ਨਾਲ ਜਬਰੀ ਬੋਲੀ ਕੀਤੇ ਜਾਣ ਦੀ ਕਾਰਵਾਈ ਨੂੰ ਗਲਤ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਹਨੇਰੇ ਵਿੱਚ ਰੱਖ ਕੇ ਪ੍ਰਸ਼ਾਸਨ ਵੱਲੋਂ ਕਾਰਵਾਈ ਕੀਤੀ ਗਈ ਹੈ, ਉਸ ਦਾ ਡੱਟ ਕੇ ਵਿਰੋਧ ਕਰਨਗੇ ਤੇ ਇਸ ਮਾਮਲੇ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ 18 ਜੁਲਾਈ ਨੂੰ ਡਿਪਟੀ ਕਮਿਸ਼ਨਰ ਦਫਤਰ ਪਟਿਆਲਾ ਸਾਹਮਣੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਲਈ ਕਿਸਾਨਾਂ ਨੂੰ ਡੱਟ ਜਾਣ ਸੱਦਾ ਦਿੰਦਿਆਂ ਕਿਹਾ ਕਿ ਕਿਸਾਨੀ ਮੰਗਾਂ ਨੂੰ ਲੈ ਕੇ ਸੰਘਰਸ਼ ਲਗਾਤਾਰ ਜਾਰੀ ਰਹੇਗਾ, ਸਰਕਾਰ ਭਾਵੇਂ ਕਿਸੇ ਵੀ ਰੰਗ ਦੀ ਕਿਉਂ ਨਾ ਹੋਵੇ।

ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਥੇਬੰਦੀ ਦੇ ਬਲਾਕ ਪ੍ਰਧਾਨ ਹਰਭਜਨ ਸਿੰਘ ਧੂਹੜ, ਰਘਬੀਰ ਸਿੰਘ ਨਿਆਲ, ਸੁਖਦੇਵ ਸਿੰਘ ਹਰਿਆਊ, ਸੂਬੇਦਾਰ ਨਰਾਤਾ ਸਿੰਘ, ਕੁਲਦੀਪ ਸਿੰਘ, ਸਾਹਿਬ ਸਿੰਘ ਦੁਤਾਲ ਆਦਿ ਹਾਜ਼ਰ ਸਨ।

# ਕੁਰੜ ਵਿਖੇ ਕਬਜ਼ਾ ਲੈਣ ਆਏ ਅਧਿਕਾਰੀ ਭਾਕਿਯੂ ਡਕੌਂਦਾ ਨੇ ਬੇਰੰਗ ਮੋੜੇ

## 14 ਨੂੰ ਬਰਨਾਲਾ ਵਿਖੇ ਵਿਸ਼ਾਲ ਮੁਜ਼ਾਹਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਕੁਰੜ ਵਿਖੇ ਹਰਚੰਦ ਸਿੰਘ ਤੇ ਮੋਹਣ ਸਿੰਘ ਦੇ ਰਿਹਾਇਸ਼ੀ ਥਾਂ ਤਕਰੀਬਨ ਚਾਰ ਵਿਸਵੇ ਦਾ ਲਿਆਂਦਾ ਕਬਜ਼ਾ ਵਰੰਟ ਭਾਕਿਯੂ ਡਕੌਂਦਾ ਦਾ ਭਾਰੀ ਇਕੱਠ ਹੋਣ ਕਰਕੇ ਪ੍ਰਸ਼ਾਸਨ ਨੂੰ ਬਿਨਾਂ ਕਬਜ਼ਾ ਦਿਵਾਇਆਂ ਬੇਰੰਗ ਮੁੜਨਾ ਪਿਆ। ਕਿਸਾਨ ਆਗੂ ਜਗਰਾਜ ਸਿੰਘ ਹਰਦਾਸਪੁਰਾ, ਗੁਰਦੇਵ ਸਿੰਘ ਮਾਂਗੇਵਾਲ, ਨਾਨਕ ਸਿੰਘ ਨੇ ਕਿਹਾ ਕਿ ਜਥੇਬੰਦੀ ਦੀ ਸਮਝ ਮੁਤਾਬਿਕ ਕਿਸੇ ਵੀ ਕਿਸਾਨ, ਮਜ਼ਦੂਰਾਂ ਦੇ ਘਰ, ਜ਼ਮੀਨ, ਸੰਦ ਸਾਧਨਾਂ ਦੀ ਕੁਰਕੀ, ਨਿਲਾਮੀ ਜਾਂ ਕਬਜ਼ਾ ਵਰੰਟ ਨਹੀਂ ਹੋਣ ਦਿੱਤਾ ਜਾਵੇਗਾ। ਪਿੰਡ ਵਾਸੀ ਹਰਚੰਦ ਸਿੰਘ ਤੇ ਮੋਹਣ ਸਿੰਘ ਨੇ ਲਗਭਗ ਸੱਠ ਸਾਲ ਪਹਿਲਾਂ ਦੋ-ਦੋ ਵਿਸਵੇ ਖ਼ਰੀਦ ਲਿਆ ਸੀ, ਪ੍ਰੰਤੂ ਕੁੱਝ ਸਮਾਂ ਪਹਿਲਾਂ ਬੂਟਾ ਸਿੰਘ ਨੇ ਜਗਮੀਤ ਕੌਰ ਨੂੰ ਰਜਿਸਟਰੀ ਕਰਵਾ ਦਿੱਤੀ, ਜੋ ਕਿ ਗਰੀਬ ਕਿਸਾਨਾਂ ਨਾਲ ਧੋਖਾ ਹੈ। ਇਹ ਕਬਜ਼ਾ ਵਾਰੰਟ ਕਿਸੇ ਵੀ ਕੀਮਤ 'ਤੇ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਜਗਰੂਪ ਸਿੰਘ ਗਹਿਲ, ਅਮਰਜੀਤ ਸਿੰਘ ਠੁੱਲ੍ਹੀਵਾਲ, ਬਾਬੂ ਸਿੰਘ ਖੁੱਡੀ ਕਲਾਂ ਨੇ ਵਾਹਿਗੁਰੂ ਸਿੰਘ ਬਰਨਾਲਾ ਖ਼ਿਲਾਫ਼ ਸਖਤ ਧਾਰਾਵਾਂ ਤਹਿਤ ਪਰਚਾ ਦਰਜ ਕਰਕੇ ਤੰਗ ਪ੍ਰੇਸ਼ਾਨ ਕੀਤੇ ਜਾਣ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਦਿਆਂ ਕਿਹਾ ਕਿ ਇਸ ਧੱਕੇਸ਼ਾਹੀ ਦਾ ਮੂੰਹ ਤੋੜਵਾਂ ਜਵਾਬ ਦੇਣ ਲਈ 14 ਜੁਲਾਈ ਨੂੰ ਐੱਸ ਪੀ ਦਫਤਰ ਬਰਨਾਲਾ ਵੱਲ ਵਿਸ਼ਾਲ ਮੁਜ਼ਾਹਰਾ ਕੀਤਾ ਜਾਵੇਗਾ। ਇਸ ਮੌਕੇ ਜਸਵਿੰਦਰ ਸਿੰਘ ਪ੍ਰਧਾਨ, ਜਗਰੂਪ ਸਿੰਘ ਨਿਹਾਲੂਵਾਲ, ਬਲਵੀਰ ਸਿੰਘ, ਸੇਵਕ ਸਿੰਘ ਮਾਂਗੇਵਾਲ, ਸਤਪਾਲ ਸਿੰਘ ਸਹਿਜੜਾ, ਭਾਗ ਸਿੰਘ, ਭੁਪਿੰਦਰ ਸਿੰਘ ਮੂੰਮ, ਅੰਗਰੇਜ ਸਿੰਘ ਰਾਏਸਰ, ਰਣਜੀਤ ਸਿੰਘ ਕਲਾਲਾ, ਜੱਗਾ ਸਿੰਘ, ਸੁਖਦੇਵ ਸਿੰਘ, ਮਜੀਦ ਖਾਨ ਆਦਿ ਨੇ ਵੀ ਵਿਚਾਰ ਰੱਖੇ। ਇਸ ਮੌਕੇ ਸਥਿਤੀ ਦੇ ਮੱਦੇਨਜ਼ਰ ਡੀ ਐੱਸ ਪੀ ਮਹਿਲ ਕਲਾਂ ਗਮਦੂਰ ਸਿੰਘ ਚਹਿਲ, ਇੰਸਪੈਕਟਰ ਕਮਲਜੀਤ ਸਿੰਘ ਗਿੱਲ ਪੁਲਸ ਪਾਰਟੀ ਸਮੇਤ ਮੌਜੂਦ ਸਨ।

## ਕਾਤਰਾਂ

### ਮਾਨ ਸਰਕਾਰ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਏ : ਕਾਕਾ ਸਿੰਘ



**ਭਗਤਾ ਭਾਈ ਕਾ (ਰਾਜੀਵ ਗੋਇਲ)**-'ਮਾਨ ਸਰਕਾਰ ਆਮ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਸ਼ਹਿਰ ਦੇ ਆਪ ਆਗੂ ਕਾਕਾ ਸਿੰਘ ਖਾਨਦਾਨ ਵੱਲੋਂ ਕੀਤਾ ਗਿਆ। ਉਨ੍ਹਾ ਕਿਹਾ ਕਿ ਬੀਤੇ ਲੰਮੇ ਸਮੇਂ ਤੋਂ ਪਿਛਲੀਆਂ ਸਰਕਾਰਾਂ ਨੇ ਸਿਰਫ ਆਪਣੀਆਂ ਜੇਬਾਂ ਭਰੀਆਂ ਹਨ, ਜਦਕਿ ਲੋਕਾਂ ਦੀ ਭਲਾਈ ਲਈ ਕੋਈ ਕਾਰਜ ਨਹੀਂ ਕੀਤਾ ਗਿਆ। ਮਾਨ ਸਰਕਾਰ ਆਏ ਦਿਨ ਵਧੀਆ ਫੈਸਲੇ ਲੈ ਰਹੀ ਹੈ ਤੇ ਆਮ ਲੋਕ ਵੀ ਖੁਸ਼ ਦਿਖਾਈ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਲਦ ਸੂਬੇ ਅੰਦਰੋਂ ਭ੍ਰਿਸ਼ਟਾਚਾਰ ਖਤਮ ਕਰਕੇ ਨਵਾਂ ਪੰਜਾਬ ਸਿਰਜਿਆ ਜਾਵੇਗਾ।

### ਹਰਿਆਣਾ ਦੇ ਘੱਗਰ ਇਲਾਕੇ 'ਚ ਅਲਰਟ ਜਾਰੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਦੇਸ਼ ਵਿੱਚ ਪੈ ਰਹੀ ਭਾਰੀ ਬਾਰਸ਼ ਦੇ ਚਲਦੇ ਹਰਿਆਣਾ ਦੇ ਘੱਗਰ ਇਲਾਕੇ ਵਿੱਚ ਅਲਰਟ ਜਾਰੀ ਕਰ ਦਿੱਤਾ ਗਿਆ ਹੈ। ਸਿਰਸਾ ਵਿੱਚ ਆਈ ਤੇਜ਼ ਬਾਰਿਸ਼ ਕਾਰਨ ਸਿਰਸਾ ਨਗਰ ਕੌਂਸਲ ਦਫਤਰ 'ਚ 2 ਫੁੱਟ ਤੱਕ ਪਾਣੀ ਭਰਨ ਸਮੇਤ ਅਧਿਕਾਰੀਆਂ ਦੇ ਕਮਰੇ ਵੀ ਪਾਣੀ ਵਿੱਚ ਡੁੱਬ ਗਏ ਹਨ।ਪਾਣੀ ਦੀ ਨਿਕਾਸੀ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਨੀਵੇਂ ਇਲਾਕਿਆਂ 'ਚ ਪਾਣੀ ਭਰਨ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਨਸੂਨ ਸ਼ੁਰੂ ਹੁੰਦੇ ਹੀ ਹਰਿਆਣਾ 'ਚ ਜ਼ਿਆਦਾ ਮੀਂਹ ਪੈਣ ਕਾਰਨ ਸੜਕਾਂ, ਗਲੀਆਂ ਤੇ ਸਕੂਲਾਂ ਵਿੱਚ ਪਾਣੀ ਭਰਨ ਦੇ ਚਲਦੇ ਪਾਣੀ ਦੀ ਨਿਕਾਸੀ ਦੇ ਕੋਈ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ। ਸਿਰਸਾ ਜ਼ਿਲ੍ਹਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਵਿੱਚੋਂ ਪਾਣੀ ਨਿਕਾਸੀ ਦੇ ਪੁਖਤਾ ਪ੍ਰਬੰਧ ਕੀਤੇ ਜਾਣ।

### 'ਏਕ ਨਜ਼ਰ' ਦੇ ਸੰਪਾਦਕ ਬ੍ਰਹਮਲੀਨ, ਸਸਕਾਰ ਅੱਜ



**ਸਮਾਣਾ (ਇਕਬਾਲ ਸਿੰਘ ਬੱਲ)**-ਸੰਤ ਨਿਰੰਕਾਰੀ ਮਿਸ਼ਨ ਵੱਲੋਂ ਛਪਦੇ ਪੰਜਾਬੀ ਅਖਬਾਰ 'ਏਕ ਨਜ਼ਰ' ਦੇ ਸੰਪਾਦਕ ਸ੍ਰੀ ਸੁਲੇਖ ਸਾਥੀ ਪੰਜ ਭੂਤਕ ਸਰੀਰ ਨੂੰ ਤਿਆਗ ਕੇ ਬ੍ਰਹਮਲੀਨ ਹੋ ਗਏ ਹਨ। ਉਨ੍ਹਾ ਦਾ ਅੰਤਮ ਸੰਸਕਾਰ 10 ਜੁਲਾਈ ਨੂੰ ਦਿੱਲੀ ਦੇ ਨਿਗਮ ਬੋਧ ਘਾਟ ਵਿਖੇ 12.30 ਵਜੇ ਕੀਤਾ ਜਾਵੇਗਾ। ਸ੍ਰੀ ਸੁਲੇਖ ਸਾਥੀ ਨਿਰੰਕਾਰੀ ਮਿਸ਼ਨ ਦੇ ਮਹਾਨ ਪਚਾਰਕ, ਕਵੀ, ਲੇਖਕ ਤੇ ਨਿੱਘੇ ਸੁਭਾਅ ਦੇ ਮਿਲਣਸਾਰ ਨੇਕ ਦਿਲ ਵਿਅਕਤੀ ਸਨ, ਜਿਨ੍ਹਾਂ ਨੇ ਬਹੁਤ ਸਾਰੀਆਂ ਕਵਿਤਾਵਾਂ, ਆਰਟੀਕਲ ਏਕ ਨਜ਼ਰ ਅਖਬਾਰ ਲਈ ਲਿਖੇ। ਉਨ੍ਹਾਂ ਦਾ ਮ੍ਰਿਤਕ ਸਰੀਰ 10 ਜੁਲਾਈ ਨੂੰ ਸੰਗਤਾਂ ਦੇ ਦਰਸ਼ਨਾਂ ਲਈ 9.30 ਵਜੇ ਸੰਤ ਨਿਰੰਕਾਰੀ ਕਲੋਨੀ ਮੈਰਿਜ ਗਰਾਊਂਡ ਵਿਖੇ ਲਿਆਂਦਾ ਜਾਵੇਗਾ ਤੇ ਇਥੋਂ ਹੀ 12 ਵਜੇ ਅੰਤਿਮ ਯਾਤਰਾ ਸ਼ੁਰੂ ਹੋਵੇਗੀ ਅਤੇ 12.30 ਵਜੇ ਨਿਗਮ ਬੋਧ ਘਾਟ ਕਸ਼ਮੀਰੀ ਗੇਟ ਵਿਖੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਵੇਗਾ।

### ਦੇਵ ਮਾਨ ਨੇ ਮੀਂਹ ਦਾ ਜਾਇਜ਼ਾ ਲੈਣ ਲਈ ਸਕੂਟਰ 'ਤੇ ਕੀਤਾ ਪਿੰਡਾਂ ਦਾ ਦੌਰਾ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦੇ ਸਾਰੇ ਕੈਬਨਿਟ ਮੰਤਰੀਆਂ ਤੇ ਐੱਮ ਐੱਲ ਏ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ ਕਿ ਆਪਣੇ ਆਪਣੇ ਹਲਕਿਆਂ ਵਿੱਚ ਮੀਂਹ ਦੀ ਸਥਿਤੀ ਦਾ ਜਾਇਜ਼ਾ ਲਿਆ ਜਾਵੇ, ਜਿਸ ਦੇ ਤਹਿਤ ਅੱਜ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਹਲਕਾ ਨਾਭਾ ਦੇ ਪਿੰਡਾਂ ਦਾ ਸਕੂਟਰ 'ਤੇ ਦੌਰਾ ਕੀਤਾ ਤੇ ਬਾਰਸ਼ ਪੈਣ ਤੋਂ ਬਾਅਦ ਪਾਣੀ ਦਾ ਜਾਇਜ਼ਾ ਲਿਆ। ਵਿਧਾਇਕ ਦੇਵ ਮਾਨ ਨੇ ਸਹੋਲੀ ਪਿੰਡ ਪੁਹੰਚ ਕੇ ਪਾਣੀ ਦਾ ਜਾਇਜ਼ਾ ਲਿਆ। ਕਿਸਾਨਾਂ ਨੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੂੰ ਦੱਸਿਆ ਕਿ ਫਿਲਹਾਲ ਸਥਿਤੀ ਕੰਟਰੋਲ ਵਿੱਚ ਹੈ, ਜੇਕਰ ਬਾਰਸ਼ ਨਹੀਂ ਬੰਦ ਹੁੰਦੀ ਤਾਂ ਫਸਲਾਂ ਦੇ ਨੁਕਸਾਨ ਦਾ ਖਤਰਾ ਵਧ ਜਾਵੇਗਾ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਹਰ ਸਮੇਂ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਲਗਾ ਕੇ ਖੜੀ ਹੈ। ਉਨ੍ਹਾ ਕਿਹਾ ਕਿ ਜੇਕਰ ਕਿਸੇ ਵੀ ਕਿਸਾਨ ਭਰਾ ਦੀ ਫਸਲ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹਮੇਸ਼ਾ ਕਿਸਾਨ ਭਰਾਵਾਂ ਨਾਲ ਖੜੇ ਹਨ।

# ਫਾਇਨਾਂਸ ਕੰਪਨੀ ਦੇ ਕਰਿੰਦੇ ਨੇ ਪੈਸੇ ਹੜੱਪਣ ਲਈ ਖੁਦ ਰਚਿਆ ਸੀ ਲੁੱਟ ਦਾ ਡਰਾਮਾ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਹਰਮਨਬੀਰ ਸਿੰਘ ਗਿੱਲ ਆਈ ਪੀ ਐੱਸ ਸੀਨੀਅਰ ਕਪਤਾਨ ਪੁਲਸ ਸ੍ਰੀ ਮੁਕਤਸਰ ਸਾਹਿਬ ਅਨੁਸਾਰ ਤੇ ਬਲਕਾਰ ਸਿੰਘ ਪੀ ਪੀ ਐੱਸ ਉੱਪ-ਕਪਤਾਨ ਪੁਲਸ ਸਬ ਡਵੀਜ਼ਨ ਮਲੋਟ ਦੀ ਰਹਿਨੁਮਾਈ ਹੇਠ ਜਸਕਰਨਦੀਪ ਸਿੰਘ ਮੁੱਖ ਥਾਣਾ ਸਦਰ ਮਲੋਟ ਪੁਲਸ ਵੱਲੋਂ ਲੁੱਟ ਦੀ ਵਾਰਦਾਤ ਨੂੰ ਸੁਲਝਾ ਲਿਆ ਗਿਆ ਹੈ, ਜਿਸ 'ਚ ਫਾਇਨਾਂਸ ਕੰਪਨੀ ਦੇ ਕਰਿੰਦੇ ਨੇ ਹੀ ਪੈਸੇ ਹੜੱਪਣ ਲਈ ਖੁੱਦ ਹੀ ਰਚਿਆ ਸੀ ਲੁੱਟ ਦਾ ਡਰਾਮਾ। ਉਨ੍ਹਾਂ ਦੱਸਿਆ ਕਿ ਬੀਤੀ 7 ਜੁਲਾਈ 2023 ਨੂੰ ਏ ਐੱਸ ਆਈ ਬਾਗ ਚੰਦ ਸਮੇਤ ਸਾਥੀ ਕਰਮਚਾਰੀਆਂ ਦੇ ਫਾਜ਼ਿਲਕਾ ਰੋਡ, ਪਿੰਡ ਮਲੋਟ ਮੌਜੂਦ ਸੀ ਤਾਂ ਮੁੱਦਈ ਮੁਕੱਦਮਾ ਕੁਲਦੀਪ ਸਿੰਘ ਨੇ ਆਪਣਾ ਬਿਆਨ ਲਿਖਵਾਇਆ ਕਿ ਅਨੂਪੁਰਨਾ ਫਾਇਨਾਂਸ ਕੰਪਨੀ ਉੜੀਸਾ ਦੀ ਬ੍ਰਾਂਚ ਗਿੱਦੜਬਾਹਾ ਦਾ ਕਰਮਚਾਰੀ ਸੂਰਜ ਕੁਮਾਰ ਸਵਾਮੀ ਪੁੱਤਰ ਪ੍ਰਸ਼ੋਤਮ ਦਾਸ ਸਵਾਮੀ ਵਾਸੀ ਪੁਰਾਣੀ ਅਬਾਦੀ, ਵਾਰਡ ਨੰ 11, ਹਾਊਸ ਨੰ. 585, ਪਟੇਲ ਨਗਰ, ਪੁਰਾਣੀ ਅਬਾਦੀ ਗੰਗਾਨਗਰ (ਰਾਜਸਥਾਨ) ਪਿੰਡ ਆਲਮਵਾਲਾ ਤੋਂ 17000/- ਰੁਪਏ ਇਕੱਠੇ ਕਰਕੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਪਿੰਡ ਆਲਮਵਾਲਾ ਤੋਂ ਗਿੱਦੜਬਾਹਾ ਆ ਰਿਹਾ ਸੀ ਤਾਂ ਰਾਤ 09:15 'ਤੇ ਸੂਰਜ ਕੁਮਾਰ ਨੇ ਮੁੱਦਈ ਮੁਕੱਦਮਾ ਦੇ ਸਹਾਇਕ ਜਗਸੀਰ ਸਿੰਘ ਨੂੰ ਫੋਨ 'ਤੇ ਦੱਸਿਆ ਕਿ ਪਿੰਡ ਮਲੋਟ ਨੇੜੇ ਪੁਲ ਸੂਆ 'ਤੇ ਦੋ ਮੋਟਰਸਾਈਕਲ ਸਵਾਰਾਂ ਨੇ ਉਸ ਕੋਲੋਂ 17000/- ਰੁਪਏ ਖੋਹ ਲਏ ਹਨ, ਜਿਸ 'ਤੇ ਮੁੱਦਈ ਮੁਕੱਦਮਾ ਤੇ ਉਸ ਦਾ ਸਹਾਇਕ ਜਗਸੀਰ ਸਿੰਘ ਮੌਕੇ 'ਤੇ ਪੁੱਜ ਕੇ ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਸੂਰਜ ਕੁਮਾਰ ਸਵਾਮੀ ਜਾਣ ਬੁੱਝ ਕੇ ਲਾਲਚ ਵੱਸ ਆ ਕੇ ਪੈਸੇ ਖੁੱਦ ਹੜੱਪਣਾ ਚਾਹੁੰਦਾ ਹੈ। ਮੁੱਸੀ ਸੂਰਜ ਕੁਮਾਰ ਸਵਾਮੀ ਉਕਤ ਤੋਂ ਸਖਤੀ ਨਾਲ ਪੁੱਛਗਿੱਛ ਕਰਨ 'ਤੇ ਉਹ ਆਪਣਾ ਮੋਟਰਸਾਈਕਲ ਭਜਾ ਕੇ ਮੌਕੇ ਤੋਂ ਚਲਾ ਗਿਆ। ਮੁੱਸੀ ਸੂਰਜ ਕੁਮਾਰ ਸਵਾਮੀ ਉਕਤ ਪੈਸਿਆਂ ਨੂੰ ਆਪ ਹੀ ਕਿਤੇ ਆਸੇ-ਪਾਸੇ ਕਾਰ ਕਰਨ ਪੱਖੋਂ ਤੇ ਪੁਲਸ ਨੂੰ ਝੂਠੀ ਇਤਲਾਹ ਦੇਣ 'ਤੇ ਉਸ ਖਿਲਾਫ ਥਾਣਾ ਸਦਰ ਮਲੋਟ ਦਰਜ ਰਜਿਸਟਰ ਕੀਤਾ ਗਿਆ।

ਪੁਲਸ ਨੇ ਤਫਤੀਸ਼ ਦੌਰਾਨ ਮੁਲਜ਼ਮ ਸੂਰਜ ਕੁਮਾਰ ਸਵਾਮੀ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਕਿਸ਼ਤਾਂ ਵਾਲੇ 17000/- ਰੁਪਏ ਬ੍ਰਾਮਦ ਕਰ ਲਈ ਹਨ। ਪੁਲਸ ਜ਼ਿਲ੍ਹਾ ਮੁਖੀ ਨੇ ਫਾਇਨਾਂਸ ਕੰਪਨੀਆਂ ਨੂੰ ਤਾੜਨਾ ਕੀਤੀ ਹੈ ਕਿ ਫਾਇਨਾਂਸ ਦੀਆਂ ਕਿਸ਼ਤਾਂ ਇਕੱਠੀਆਂ ਕਰਨ ਲਈ ਘੱਟ ਤੋਂ ਘੱਟ 04 ਵਿਅਕਤੀ, ਚਾਰ ਪਹੀਆ ਵਹੀਕਲ 'ਤੇ ਸਵਾਰ ਹੋ ਕੇ ਸਮੇਤ ਸਕਿਊਰਿਟੀ ਨਾਲ ਲੈ ਕੇ ਕਿਸ਼ਤਾਂ ਇਕੱਠੀਆਂ ਕਰਨ ਤੇ ਕੰਪਨੀ ਵਿੱਚ ਕਿਸੇ ਵੀ ਕਰਮਚਾਰੀ ਨੂੰ ਨੌਕਰੀ ਦੇਣ ਤੋਂ ਪਹਿਲਾਂ ਉਸ ਦੀ ਪੁਲਸ ਵੈਰੀਫਿਕੇਸ਼ਨ ਕਰਵਾਉਣੀ ਲਾਜ਼ਮੀ ਕੀਤੀ ਜਾਵੇ।

# ਸੂਬੇ ਦੀ ਅਮਨ-ਸ਼ਾਂਤੀ 'ਚ ਪੁਲਸ ਦਾ ਵੱਡਾ ਯੋਗਦਾਨ : ਮਹੰਤ ਅੰਮ੍ਰਿਤ ਮੁਨੀ

## ਡੇਰਾ ਬਾਬਾ ਭਾਈ ਗੁਰਦਾਸ ਵਿਖੇ ਐੱਸ ਐੱਚ ਓ ਭੀਖੀ ਦਾ ਸਨਮਾਨ



ਇੰਸ. ਰੁਪਿੰਦਰ ਕੌਰ ਸਿੱਧੂ ਦਾ ਸਨਮਾਨ ਕਰਦੇ ਹੋਏ ਮਹੰਤ ਅੰਮ੍ਰਿਤ ਮੁਨੀ ਜੀ ਤੇ ਹੋਰ।

**ਭੀਖੀ (ਧਰਮਵੀਰ ਸ਼ਰਮਾ)**

ਡੇਰਾ ਬਾਬਾ ਭਾਈ ਗੁਰਦਾਸ ਦੇ ਪ੍ਰਮੁੱਖ ਤੇ ਉਦਾਸੀਨ ਮਹਾਂਮੰਡਲ ਪੰਜਾਬ ਦੇ ਸੂਬਾ ਪ੍ਰਧਾਨ ਮਹੰਤ ਅੰਮ੍ਰਿਤ ਮੁਨੀ ਜੀ ਵੱਲੋਂ ਥਾਣਾ ਮੁਖੀ ਭੀਖੀ ਇੰਸ. ਰੁਪਿੰਦਰ ਕੌਰ ਸਿੱਧੂ ਦਾ ਡੇਰਾ ਬਾਬਾ ਭਾਈ ਗੁਰਦਾਸ ਵਿਖੇ ਪੁੱਜਣ 'ਤੇ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਬੋਲਦਿਆਂ ਮਹੰਤ ਅੰਮ੍ਰਿਤ ਮੁਨੀ ਨੇ ਕਿਹਾ ਕਿ ਸੂਬੇ ਦੀ ਅਮਨ ਸ਼ਾਂਤੀ ਵਿੱਚ ਪੰਜਾਬ ਪੁਲਸ ਦਾ ਵੱਡਾ ਯੋਗਦਾਨ ਹੈ।

ਉਨ੍ਹਾ ਇੰਸ. ਰੁਪਿੰਦਰ ਕੌਰ ਦੇ ਇਸ ਅਹੁਦੇ 'ਤੇ ਪੁੱਜਣ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਮਹਿਲਾਵਾਂ ਦਾ ਪੁਲਸ ਦੇ ਵੱਡੇ ਅਫਸਰ ਬਨਣਾ ਇੱਕ ਸ਼ੁੱਭ ਸ਼ਗਨ ਹੈ ਅਤੇ ਅੱਜਕੱਲ੍ਹ ਲੜਕੀਆਂ ਹਰ ਖੇਤਰ ਵਿੱਚ ਅੱਗੇ ਹਨ। ਉਨ੍ਹਾ ਕਿਹਾ ਕਿ ਜਿੱਥੇ ਇੰਸ. ਰੁਪਿੰਦਰ ਕੌਰ ਸਿੱਧੂ ਜ਼ਿਲ੍ਹੇ ਤੋਂ ਇਲਾਵਾ ਹੋਰ ਜ਼ਿਲ੍ਹਿਆਂ ਦੇ ਵੱਖ ਵੱਖ ਥਾਣਿਆਂ 'ਚ ਰਹਿ ਕੇ ਵਿਭਾਗ ਵਿੱਚ ਲੋਕਾਂ ਦੀ ਸੇਵਾ ਕਰ ਰਹੇ ਹਨ, ਉੱਥੇ ਗਲਤ ਅਨਸਰਾਂ ਨੂੰ ਫੜਨ ਵਿੱਚ ਵੀ ਵੱਡਾ ਯੋਗਦਾਨ ਪਾਉਂਦੇ ਹਨ। ਇਸ ਮੌਕੇ ਪੰਜਾਬ ਕੇਸਰੀ ਗਰੁੱਪ ਦੇ ਬਿਊਰੋ ਚੀਫ ਸੰਦੀਪ ਮਿੱਤਲ ਮਾਨਸਾ ਨੇ ਕਿਹਾ ਕਿ ਇੰਸ. ਰੁਪਿੰਦਰ ਕੌਰ ਸਿੱਧੂ ਗਰੀਬ ਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਲਈ ਵੀ ਹਮੇਸ਼ਾ ਤਿਆਰ ਰਹਿੰਦੇ ਹਨ। ਇਸ ਮੌਕੇ ਡੇਰਾ ਮੁਖੀ ਮਹੰਤ ਅੰਮ੍ਰਿਤ ਮੁਨੀ ਦਾ ਸਨਮਾਨ ਕਰਨ 'ਤੇ ਧੰਨਵਾਦ ਕਰਦਿਆਂ ਇੰਸ. ਰੁਪਿੰਦਰ ਕੌਰ ਸਿੱਧੂ ਨੇ ਕਿਹਾ ਕਿ ਇਸ ਸਨਮਾਨ ਨਾਲ ਉਨ੍ਹਾਂ ਨੂੰ ਸਮਾਜ ਸੇਵਾ ਕਰਨ ਦਾ ਹੋਰ ਬਲ ਮਿਲਿਆ ਹੈ ਤੇ ਉਹ ਲੋੜਵੰਦ ਲੋਕਾਂ ਦੀ ਸਹਾਇਤਾ ਲਈ ਹਮੇਸ਼ਾ ਤਤਪਰ ਰਹਿਣਗੇ। ਇਸ ਮੌਕੇ ਐਡ. ਕੁਲਵੰਤ ਰਾਏ ਸਿੰਗਲਾ, ਮਨਜੀਤ ਮਸੌਣ, ਬਲਵਿੰਦਰ ਜੱਸਲ, ਜੁਗਰਾਜ ਸਿੰਘ ਰਾਜੂ ਦਰਾਕਾ, ਗੋਪਾਲ ਅਕਲੀਆ, ਐਡ. ਗੁਰਲਾਭ ਸਿੰਘ ਮਾਹਲ, ਮੈਡੀਕਲ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਹਾਜ਼ਰ ਸਨ।

# ਸਕੂਲ 'ਚ ਬੂਟੇ ਲਗਾ ਕੇ ਮਨਾਇਆ ਬੇਟੀ ਦਾ ਜਨਮ ਦਿਨ



ਸਕੂਲ 'ਚ ਬੂਟੇ ਲਗਾਉਂਦੇ ਹੋਏ ਪਰਮਜੀਤ ਨੀਲੋਂ, ਕੁਲਵੰਤ ਕੌਰ ਨੀਲੋਂ ਤੇ ਹੋਰ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਮਾਜ ਸੇਵੀ ਨੀਲੋਂ ਪਰਿਵਾਰ ਵੱਲੋਂ ਆਪਣੀ ਬੇਟੀ ਕਿਰਨਦੀਪ ਕੌਰ ਦਾ ਜਨਮ ਦਿਨ ਗੁਰਦੁਆਰਾ ਰਵਿਦਾਸ ਜੀ ਨੇੜੇ ਸਥਿਤ ਨੈਸ਼ਨਲ ਮਾਡਲ ਸਕੂਲ ਵਿੱਚ ਬੂਟੇ ਲਗਾ ਕੇ ਮਨਾਇਆ ਗਿਆ। ਇਸ ਮੌਕੇ 'ਆਪ' ਦੇ ਬਲਾਕ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ, ਚੇਅਰਮੈਨ ਧਰਮਵੀਰ ਧੰਮੀ, ਜਗਮੀਤ ਸਿੰਘ ਮੱਕੜ, ਪ੍ਰਵੀਨ ਮੱਕੜ ਪਹੁੰਚੇ, ਜਿਨ੍ਹਾਂ ਵੱਲੋਂ ਪਰਿਵਾਰ ਨਾਲ ਮਿਲ ਕੇ ਵੱਖ-ਵੱਖ ਤਰ੍ਹਾਂ ਦੇ 25 ਬੂਟੇ ਲਗਾਏ ਗਏ। ਸਮਾਜ ਸੇਵੀ ਕੁਲਵੰਤ ਕੌਰ ਨੀਲੋਂ ਤੇ ਪਰਮਜੀਤ ਸਿੰਘ ਨੀਲੋਂ ਨੇ ਦੱਸਿਆ ਕਿ ਪਰਿਵਾਰ ਵੱਲੋਂ ਪਿਛਲੇ 29 ਸਾਲਾਂ ਤੋਂ ਬੇਟੀ ਕਿਰਨਦੀਪ ਕੌਰ ਦਾ ਜਨਮ ਦਿਨ ਬੂਟੇ ਲਗਾ ਕੇ ਮਨਾਇਆ ਜਾਂਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਪ੍ਰਦੂਸ਼ਿਤ ਹੋ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ। ਬੱਚਿਆਂ ਨੂੰ ਬਿਸਕੁਟ ਤੇ ਚੌਕਲੇਟ ਵੀ ਵੰਡੇ ਗਏ। ਇਸ ਮੌਕੇ ਸਬ-ਇੰਸਪੈਕਟਰ ਜਗਦੇਵ ਸਿੰਘ, ਰਣਜੀਤ ਕੌਰ ਰਾਣੀ, ਮੀਨਾ ਰਾਣੀ, ਰਾਜਪਾਲ ਸਿੰਘ ਸੋਢੀ, ਮੀਨਾ ਸੋਢੀ, ਅਨੁਰਾਗ ਸੋਢੀ, ਮੈਡਮ ਅਮਨ, ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਮੋਟੀ ਵੇਟਰ ਗਗਨਪ੍ਰੀਤ ਕੌਰ, ਰਾਜਿੰਦਰ ਸਿੰਘ, ਪਰਮਪ੍ਰੀਤ ਸਿੰਘ, ਭਵਨਦੀਪ ਸਿੰਘ ਨੀਲੋਂ, ਜਪਇੰਦਰ ਸਿੰਘ, ਰਹਿਤਵੀਰ ਸਿੰਘ, ਪਰਮਿੰਦਰ ਸਿੰਘ ਮੌਜੂਦ ਸਨ।

# ਜ਼ਿਲ੍ਹੇ ਦੇ ਹਸਪਤਾਲਾਂ 'ਚ ਆਯੂਸ਼ਮਾਨ ਯੋਜਨਾ ਅਧੀਨ 5 ਲੱਖ ਤੱਕ ਕੀਤਾ ਜਾ ਰਿਹੈ ਮੁਫਤ ਇਲਾਜ : ਡਾ. ਬਾਂਸਲ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਡਿਪਟੀ ਮੈਡੀਕਲ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਡਾ. ਬੰਦਨਾ ਬਾਂਸਲ ਨੇ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਵਾਸੀਆਂ ਨੂੰ ਚੰਗੀਆਂ ਸਿਹਤ ਸਹੂਲਤਾਂ ਦੇਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ, ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕ ਖੋਲ੍ਹੇ ਤੇ ਲੋਕ ਸਿਹਤ ਸਹੂਲਤਾਂ ਦਾ ਲਾਭ ਲੈ ਰਹੇ ਹਨ, ਉਸੇ ਤਰ੍ਹਾਂ ਆਯੂਸ਼ਮਾਨ ਭਾਰਤ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਚੱਲ ਰਹੀ ਹੈ, ਜਿਸ ਅਧੀਨ 5 ਲੱਖ ਰੁਪਏ ਤੱਕ ਦਾ ਇਲਾਜ ਆਮ ਪਬਲਿਕ ਦਾ ਮੁਫਤ ਕੀਤਾ ਜਾਂਦਾ ਹੈ ਤੇ ਲੋਕ ਇਸ ਸਿਹਤ ਸਹੂਲਤ ਦਾ ਵੀ ਲਾਭ ਉਠਾ ਰਹੇ ਹਨ। ਉਨ੍ਹਾ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ 10 ਸਰਕਾਰੀ ਹਸਪਤਾਲਾਂ ਤੇ 22 ਪ੍ਰਾਈਵੇਟ ਹਸਪਤਾਲਾਂ ਵਿੱਚ 5 ਲੱਖ ਰੁਪਏ ਤੱਕ ਦਾ ਇਲਾਜ ਮੁਫਤ ਕੀਤਾ ਜਾ ਰਿਹਾ ਹੈ ਤੇ ਹੁਣ ਤੱਕ 40 ਹਜ਼ਾਰ ਲੋਕ 56 ਕਰੋੜ ਰੁਪਏ ਦਾ ਇਲਾਜ ਮੁਫਤ ਕਰਵਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਕਾਫੀ ਲੋਕਾਂ ਨੇ ਆਪਣੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਵਾ ਲਏ ਹਨ, ਜਿਨ੍ਹਾਂ ਨੇ ਕਾਰਡ ਨਹੀਂ ਬਣਵਾਏ, ਉਹ 10 ਸਰਕਾਰੀ ਹਸਪਤਾਲਾਂ ਤੇ 22 ਪ੍ਰਾਈਵੇਟ ਹਸਪਤਾਲਾਂ ਵਿੱਚ ਇਹ ਕਾਰਡ ਮੁਫਤ ਬਣਵਾ ਸਕਦੇ ਹਨ ਜਾਂ ਪਿੰਡਾਂ ਤੇ ਸ਼ਹਿਰਾਂ 'ਚ ਪ੍ਰਾਈਵੇਟ ਤੌਰ 'ਤੇ ਕੋਮਨ ਸਰਵਿਸ ਸੈਂਟਰ ਹਨ, ਜਿੱਥੇ 30 ਰੁਪਏ ਫੀਸ ਭਰ ਕੇ ਇਹ ਕਾਰਡ ਬਣਵਾਇਆ ਜਾ ਸਕਦਾ ਹੈ। ਉਨ੍ਹਾ ਦੱਸਿਆ ਕਿ ਜੁਲਾਈ ਮਹੀਨੇ 'ਚ ਮੁਹਿੰਮ ਚਲਾ ਕੇ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਏ ਜਾਣਗੇ, ਜਿਨ੍ਹਾਂ ਨੇ ਕਾਰਡ ਨਹੀਂ ਬਣਵਾਇਆ, ਉਹ ਆਪਣਾ ਆਧਾਰ ਕਾਰਡ ਨਾਲ ਲੈ ਕੇ ਜਾਣ ਤੇ ਆਪਣੀ ਯੋਗਤਾ ਚੈੱਕ ਕਰਵਾ ਕੇ ਆਪਣਾ ਕਾਰਡ ਬਣਵਾ ਲੈਣ ਤਾਂ ਜੋ ਪੰਜਾਬ ਸਰਕਾਰ ਦੀਆਂ ਸਿਹਤ ਸਹੂਲਤਾਂ ਦਾ ਲਾਭ ਲਿਆ ਜਾ ਸਕੇ।

# ਲਾਇਨਜ਼ ਕਲੱਬ ਸਮਾਣਾ ਵੱਲੋਂ ਟ੍ਰੀ ਪਲਾਂਟੇਸ਼ਨ ਕੈਂਪ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਲਾਇਨਜ਼ ਕਲੱਬ ਸਮਾਣਾ ਵੱਲੋਂ ਪ੍ਰਧਾਨ ਲਾਇਨ ਸੰਜੂ ਕੁਮਾਰ, ਜਨਰਲ ਸਕੱਤਰ ਲਾਇਨ ਸਿਧਾਰਥ ਗਰਗ ਤੇ ਕੈਸ਼ੀਅਰ ਲਾਇਨ ਪ੍ਰਦੀਪ ਕੇ ਗੁਪਤਾ ਦੀ ਪ੍ਰਧਾਨਗੀ ਹੇਠ ਸਥਾਨਕ ਨੈਨਸੀ ਕਾਲਜ ਆਫ ਲਾਅ ਵਿਖੇ ਟ੍ਰੀ ਪਲਾਂਟੇਸ਼ਨ ਕੈਂਪ ਲਾਇਆ ਗਿਆ। ਇਸ ਕੈਂਪ ਵਿੱਚ ਲਾਇਨਜ਼ ਕਲੱਬ ਇੰਟਰਨੈਸ਼ਨਲ ਵੱਲੋਂ ਲਾਇਨ ਸੀ ਏ ਵੀਨਸ ਜਿੰਦਲ ਡਿਸਟ੍ਰਿਕਟ ਕੈਬਨਿਟ ਸੈਕ੍ਰੇਟਰੀ ਤੇ ਲਾਇਨ ਸੀ ਏ ਲਲਿਤ ਸਿੰਗਲਾ ਜ਼ੋਨ ਚੇਅਰਪਰਸਨ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਟ੍ਰੀ ਪਲਾਂਟੇਸ਼ਨ ਕੈਂਪ ਦੌਰਾਨ ਸੰਸਥਾ ਵੱਲੋਂ 70 ਦੇ ਲਗਭਗ ਫਲਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਨੈਨਸੀ ਗਰੁੱਪ ਆਫ ਕਾਲਜ ਦੇ ਚੇਅਰਮੈਨ ਡਾ. ਸ਼ਾਮ ਜਿੰਦਲ ਨੇ ਲਾਇਨ ਮੈਂਬਰਜ਼ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਵੱਲੋਂ ਚਲਾਈ ਜਾ ਰਹੀ ਇਸ ਰੁੱਖ ਲਾਉਣ ਦੀ ਮੁਹਿੰਮ ਦੀ ਸ਼ਲਾਘਾ ਕੀਤੀ ਅਤੇ ਆਪਣੇ ਵੱਲੋਂ ਵੀ ਹਮੇਸ਼ਾ ਲਾਇਨ ਕਲੱਬ ਨੂੰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਲਾਇਨ ਅਸ਼ੋਕ ਸਿੰਗਲਾ, ਲਾਇਨ ਕਰਨ ਗੁਪਤਾ, ਲਾਇਨ ਇਸ਼ੂ ਗਰਗ, ਲਾਇਨ ਅਮਿਤ ਗਰਗ, ਲਾਇਨ ਕ੍ਰਿਸ਼ਨ ਗੋਇਲ, ਲਾਇਨ ਪ੍ਰਦੀਪ ਗੋਇਲ, ਲਾਇਨ ਕੇ ਸੀ ਅਰੋੜਾ, ਲਾਇਨ ਪ੍ਰੇਮ ਗਰਗ, ਲਾਇਨ ਸਾਹਿਲ ਜੌਹਰੀ, ਲਾਇਨ ਅਸ਼ੋਕ ਗੋਇਲ, ਲਾਇਨ ਸੁਮਿਤ ਕੁਮਾਰ, ਲਾਇਨ ਰਜੀਵ ਕੇ ਗੁਪਤਾ, ਲਾਇਨ ਪਵਨ ਬਾਂਸਲ, ਲਾਇਨ ਮਹਿੰਦਰ ਸਿੰਘ ਧੀਮਾਨ, ਲਾਇਨ ਸੰਜੀਵ ਕੌਸ਼ਿਕ, ਲਾਇਨ ਰਾਕੇਸ਼ ਗਰਗ ਮੌਜੂਦ ਸਨ।

## ਗੁੱਡ ਮੌਰਨਿੰਗ ਕਲੱਬ ਨੇ ਪੌਦੇ ਵੰਡੇ ਤੇ ਲਗਾਏ



**ਅਹਿਮਦਗੜ੍ਹ (ਪਵਨ ਗੁਪਤਾ)**-ਗੁੱਡ ਮੌਰਨਿੰਗ ਕਲੱਬ ਮੰਡੀ ਅਹਿਮਦਗੜ੍ਹ ਵੱਲੋਂ ਪ੍ਰਧਾਨ ਮਨਿੰਦਰਜੀਤ ਸਿੰਘ ਰਛੀਨ ਤੇ ਮੋਟੀ ਸ਼ਾਹ ਦੀ ਅਗਵਾਈ ਹੇਠ ਜੀ ਐੱਚ ਜੀ ਖਾਲਸਾ ਸਕੂਲ ਛਪਾਰ ਰੋਡ ਬਹਾਦੁਰਗੜ੍ਹ ਵਿਖੇ ਫਲਾਂ ਦੇ ਬੂਟੇ ਲਗਾਏ ਗਏ ਅਤੇ ਲੋਕਾਂ ਨੂੰ ਵੀ ਵੰਡੇ ਗਏ। ਗੁੱਡ ਮੌਰਨਿੰਗ ਕਲੱਬ ਦੇ ਉੱਘੇ ਮੈਂਬਰ ਪ੍ਰੋਫੈਸਰ ਐੱਸ ਪੀ ਸੋਫਤ ਨੇ ਕਿਹਾ ਕਿ ਵਾਤਾਵਰਨ 'ਚ ਵਿਗਾੜ ਪੈਣ ਕਰਕੇ ਪ੍ਰਦੂਸ਼ਣ ਦਿਨੋਂ ਦਿਨ ਵਧ ਰਿਹਾ ਹੈ। ਇਸ ਪ੍ਰਦੂਸ਼ਣ ਨੂੰ ਠੱਲ੍ਹ ਪਾਉਣ ਲਈ ਉਨ੍ਹਾਂ ਦੀ ਸੰਸਥਾ ਹਮੇਸ਼ਾ ਯਤਨਸ਼ੀਲ ਰਹਿੰਦੀ ਹੈ। ਇਸੇ ਕੜੀ ਤਹਿਤ ਉਨ੍ਹਾਂ ਦੀ ਸੰਸਥਾ ਨੇ ਖਾਲਸਾ ਸਕੂਲ ਤੇ ਆਲੇ-ਦੁਆਲੇ ਬੂਟੇ ਲਗਾਉਣ ਦਾ ਫੈਸਲਾ ਲਿਆ। ਸਕੂਲ ਪ੍ਰਿੰਸੀਪਲ ਜਸਵਿੰਦਰ ਸਿੰਘ ਨੇ ਗੁੱਡ ਮੌਰਨਿੰਗ ਕਲੱਬ ਦੇ ਇਸ ਉਪਰਾਲੇ ਦੀ ਖੂਬ ਸ਼ਲਾਘਾ ਕੀਤੀ। ਪ੍ਰਧਾਨ ਮਨਿੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਫਲਾਂ ਦੇ ਬੂਟੇ ਅੰਬ, ਜਾਮਨ, ਅਮਰੂਦ ਤੇ ਕਈ ਹੋਰ ਤਰ੍ਹਾਂ ਦੇ ਬੂਟੇ ਲਗਾਏ ਗਏ ਹਨ ਅਤੇ ਲੋਕਾਂ ਨੂੰ ਵੀ ਵੰਡਣ ਦੇ ਨਾਲ ਅਪੀਲ ਕੀਤੀ ਕਿ ਉਹ ਵੀ ਰੁੱਖ ਜ਼ਰੂਰ ਲਗਾਉਣ। ਕਲੱਬ ਪ੍ਰਧਾਨ ਰਾਕੇਸ਼ ਗਰਗ ਨੇ ਵੀ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਉਣ ਤੇ ਨਾਲ ਦੀ ਨਾਲ ਇਨ੍ਹਾਂ ਦੀ ਸਾਂਭ ਸੰਭਾਲ ਵੀ ਕਰਨ ਤਾਂ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਮੁਕਤ ਕੀਤਾ ਜਾ ਸਕੇ।

# ਟੀਮ ਮਿਸ਼ਨ ਵੱਲੋਂ ਢੋਸੀਵਾਲ 'ਅਵਾਰਡ ਆਫ ਐਕਸੀਲੈਂਸ' ਨਾਲ ਸਨਮਾਨਤ



ਸਨਮਾਨਤ ਕੀਤੇ ਜਾਣ ਉਪਰੰਤ ਪ੍ਰਧਾਨ ਢੋਸੀਵਾਲ ਸੀਨੀਅਰ ਆਗੂਆਂ ਨਾਲ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ ਸਥਾਨਕ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਪ੍ਰਧਾਨ ਢੋਸੀਵਾਲ ਦੀ ਅਗਵਾਈ ਹੇਠ ਹੋਈ। ਇਸ ਮੌਕੇ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਫਸਟ ਨਿਰੰਜਣ ਸਿੰਘ ਰੱਖਰਾ, ਸੀਨੀਅਰ ਮੀਤ ਪ੍ਰਧਾਨ ਸੈਕਿੰਡ ਪ੍ਰਦੀਪ ਧੂੜੀਆ, ਮੀਤ ਪ੍ਰਧਾਨ ਡਾ. ਸੁਰਿੰਦਰ ਗਿਰਧਰ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਪੀ.ਆਰ.ਓ. ਵਿਜੇ ਸਿਡਾਨਾ, ਏ.ਪੀ.ਆਰ.ਓ. ਸਾਹਿਲ ਕੁਮਾਰ ਹੈਪੀ, ਗਵਰਨਿੰਗ ਬਾਡੀ ਮੈਂਬਰ ਵਾਈਸ ਪ੍ਰਿੰਸੀਪਲ ਸੰਜੀਵ ਜਿੰਦਲ, ਮਿਸ਼ਨ ਸੇਵਕ ਰਜਿੰਦਰ ਖੁਰਾਣਾ, ਸੀਨੀਅਰ ਮੈਂਬਰ ਐੱਲ.ਆਈ.ਸੀ. ਅਧਿਕਾਰੀ ਰਾਜੇਸ਼ ਗਿਰਧਰ, ਓ.ਪੀ. ਖਿੱਚੀ, ਬੇਬੀ ਨੁਜ਼ਾਇਰਾ, ਨਰਿੰਦਰ ਕਾਕਾ ਫੋਟੋਗ੍ਰਾਫਰ ਤੇ ਮਿਸ਼ਨ ਦੇ ਨਵੇਂ ਬਣੇ ਮੈਂਬਰ ਸੁਭਾਸ਼ ਕੁਮਾਰ ਐੱਲ.ਆਈ.ਸੀ. ਏਜੰਟ ਆਦਿ ਸ਼ਾਮਲ ਸਨ। ਮੀਟਿੰਗ ਦੌਰਾਨ ਸਮੂਹ ਬੁਲਾਰਿਆਂ ਨੇ ਪ੍ਰਧਾਨ ਢੋਸੀਵਾਲ ਵੱਲੋਂ ਟੀਮ ਨੂੰ ਦਿੱਤੀ ਗਈ ਅਗਵਾਈ ਤੇ ਦਿਸ਼ਾ ਨਿਰਦੇਸ਼ਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਢੋਸੀਵਾਲ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਉਨ੍ਹਾਂ ਦੀ ਟੀਮ ਸਿਰਫ ਪ੍ਰਧਾਨ ਢੋਸੀਵਾਲ ਦੀ ਅਗਵਾਈ ਸਦਕਾ ਹੀ ਸਮਾਜ ਸੇਵਾ ਦੇ ਖੇਤਰ ਵਿੱਚ ਨਾਮਣਾ ਖੱਟ ਸਕੀ ਹੈ। ਮੀਟਿੰਗ ਦੌਰਾਨ ਸਮੁੱਚੇ ਮਿਸ਼ਨ ਮੈਂਬਰਾਂ ਵੱਲੋਂ ਢੋਸੀਵਾਲ ਨੂੰ 'ਅਵਾਰਡ ਆਫ ਐਕਸੀਲੈਂਸ' ਨਾਲ ਨਿਵਾਜਿਆ ਗਿਆ। ਸਨਮਾਨਤ ਹੋਣ ਉਪਰੰਤ ਪ੍ਰਧਾਨ ਨੇ ਕਿਹਾ ਕਿ ਮਿਸ਼ਨ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਪਿਆਰ, ਸਾਥ ਤੇ ਸਤਿਕਾਰ ਹੀ ਸਭ ਤੋਂ ਵੱਡਾ ਸਨਮਾਨ ਹੈ। ਉਨ੍ਹਾਂ ਨੇ ਸਮੁੱਚੇ ਮਿਸ਼ਨ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ 'ਅਵਾਰਡ ਆਫ ਐਕਸੇਲੈਂਸ' ਨਾਲ ਉਨ੍ਹਾਂ ਦਾ ਸਮੁੱਚੇ ਮਿਸ਼ਨ ਪ੍ਰਤੀ ਸਤਿਕਾਰ ਤੇ ਪਿਆਰ ਹੋਰ ਵੀ ਗੂੜ੍ਹਾ ਹੋ ਗਿਆ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮੀਟਿੰਗ ਦੌਰਾਨ ਅੱਜ ਮਿਸ਼ਨ ਦੇ ਨਵੇਂ ਬਣੇ ਮੈਂਬਰ ਸੁਭਾਸ਼ ਕੁਮਾਰ ਨੂੰ ਜੀ ਆਇਆਂ ਕਿਹਾ ਗਿਆ ਤੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

# ਪਿੰਡਾਂ ਦੇ ਬੱਚਿਆਂ 'ਚ ਹੁਨਰ ਦੀ ਕੋਈ ਘਾਟ ਨਹੀਂ : ਸਿਮਰਨਜੀਤ ਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਲੋਕ ਸਭਾ ਹਲਕਾ ਸੰਗਰੂਰ ਦੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਵੱਲੋਂ ਹਲਕੇ ਅਧੀਨ ਆਉਂਦੇ ਪਿੰਡ ਨਮੋਲ ਦੇ ਪ੍ਰਾਇਮਰੀ ਸਕੂਲ ਵਿਖੇ ਬੱਚਿਆਂ ਵੱਲੋਂ ਲਗਾਈ ਆਰਟ ਐਂਡ ਕਰਾਫਟ ਪ੍ਰਦਰਸ਼ਨੀ ਵਿੱਚ ਪਹੁੰਚ ਕੇ ਬੱਚਿਆਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਸ੍ਰ. ਮਾਨ ਨੇ ਸਕੂਲੀ ਬੱਚਿਆਂ ਵੱਲੋਂ ਆਰਟ ਐਂਡ ਕਰਾਫਟ ਦੀ ਲਗਾਈ ਪ੍ਰਦਰਸ਼ਨੀ ਨੂੰ ਬਹੁਤ ਹੀ ਧਿਆਨ ਨਾਲ ਦੇਖਿਆ ਤੇ ਬੱਚਿਆਂ ਤੋਂ ਉਨ੍ਹਾਂ ਵੱਲੋਂ ਤਿਆਰ ਆਈਟਮਾਂ ਬਾਰੇ ਜਾਣਕਾਰੀ ਹਾਸਲ ਵੀ ਕੀਤੀ। ਸ੍ਰ. ਮਾਨ ਨੇ ਬੱਚਿਆਂ ਵੱਲੋਂ ਲਗਾਈ ਪ੍ਰਦਰਸ਼ਨੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਪਿੰਡਾਂ ਦੇ ਬੱਚਿਆਂ 'ਚ ਹੁਨਰ ਦੀ ਕੋਈ ਘਾਟ ਨਹੀਂ ਹੈ। ਬਸ, ਇਨ੍ਹਾਂ ਬੱਚਿਆਂ ਨੂੰ ਆਪਣੇ ਹੁਨਰ ਦੀ ਪ੍ਰਦਰਸ਼ਨੀ ਕਰਨ ਲਈ ਸਹੀ ਪਲੇਟਫਾਰਮ ਦੀ ਲੋੜ ਹੈ। ਉਨ੍ਹਾਂ ਮੌਕੇ 'ਤੇ ਹਾਜ਼ਰ ਸਮੂਹ ਸਕੂਲ ਸਟਾਫ ਤੇ ਪਿੰਡ ਦੇ ਪਤਵੰਤਿਆਂ ਨੂੰ ਆਪਣੇ ਵੱਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਵੀ ਦੁਆਇਆ। ਇਸ ਮੌਕੇ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਰਣਦੀਪ ਸਿੰਘ ਦਿਓਲ, ਮੱਖਣ ਸਿੰਘ ਸਮਾਓਂ, ਗੁਰਪ੍ਰੀਤ ਸਿੰਘ ਦੁੱਗਾਂ, ਸੰਜੀਵ ਵਰਮਾ ਸ਼ਹਿਰੀ ਪ੍ਰਧਾਨ ਸੁਨਾਮ, ਨਿਰਭੈਪ੍ਰੀਤ ਸਿੰਘ ਜੈਤੋ, ਸੁਖਚੈਨ ਸਿੰਘ ਲੋਹਾਖੇੜਾ, ਅਮਰਜੀਤ ਸਿੰਘ ਗਿੱਲ, ਅਜੈ ਗੋਇਲ ਤੋਂ ਇਲਾਵਾ ਸਮੂਹ ਸਕੂਲ ਸਟਾਫ ਤੇ ਪਿੰਡ ਦੇ ਪਤਵੰਤੇ ਹਾਜ਼ਰ ਸਨ।

# ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦਾ ਜਨਮ ਦਿਨ ਮਨਾਇਆ



**ਜਗਰਾਓਂ (ਅਮਿਤ ਖੰਨਾ)**-ਭਾਰਤੀ ਜਨਤਾ ਪਾਰਟੀ ਜਗਰਾਓਂ ਨੇ ਪਾਰਟੀ ਦੇ ਸੰਸਥਾਪਕ ਡਾ. ਸ਼ਿਆਮਾ ਪ੍ਰਸ਼ਾਦ ਮੁਖਰਜੀ ਦਾ 122ਵਾਂ ਜਨਮ ਦਿਹਾੜਾ ਮਨਾਇਆ। ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਮੇਜਰ ਸਿੰਘ ਦੇਤਵਾਲ ਨੇ ਡਾ. ਮੁਖਰਜੀ ਦੀਆਂ ਜਥੇਬੰਦੀਆਂ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਯਾਦ ਕਰਦਿਆਂ ਕਿਹਾ ਕਿ ਦੇਸ਼ 'ਚ ਇੱਕ ਕਾਨੂੰਨ ਇੱਕ ਸੰਵਿਧਾਨ ਤੇ ਇੱਕ ਨਿਸ਼ਾਨ ਦਾ ਹੋਕਾ ਦੇਣ ਵਾਲੇ ਡਾ. ਮੁਖਰਜੀ ਦਾ ਸੁਪਨਾ ਉਸ ਸਮੇਂ ਪੂਰਾ ਹੋਇਆ, ਜਦ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ ਕਸ਼ਮੀਰ 'ਚੋਂ ਧਾਰਾ 370 ਖ਼ਤਮ ਕੀਤੀ। ਜ਼ਿਲ੍ਹਾ ਪ੍ਰਧਾਨ ਦੇਤਵਾਲ ਨੇ ਕਿਹਾ ਡਾ. ਮੁਖਰਜੀ ਇੱਕ ਸਿਆਸਤਦਾਨ ਤੇ ਵਿਦਵਾਨ ਵਜੋਂ ਭਾਰਤ ਲਈ ਉਨ੍ਹਾ ਵੱਲੋਂ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਸੰਜੀਵ ਢੰਡ, ਜ਼ਿਲ੍ਹਾ ਮੀਤ ਪ੍ਰਧਾਨ ਕਿਸ਼ਨ ਕੁਮਾਰ, ਜ਼ਿਲ੍ਹਾ ਸਕੱਤਰ ਸੁਮਿਤ ਅਰੋੜਾ, ਬ੍ਰਿਜ ਲਾਲ ਸ਼ਰਮਾ ਜ਼ਿਲ੍ਹਾ ਵਿਸਥਾਰਕ, ਰਾਜਾ ਵਰਮਾ, ਜ਼ਿਲ੍ਹਾ ਕੈਸ਼ੀਅਰ ਰਾਜ ਵਰਮਾ, ਯੁਵਾ ਮੋਰਚਾ ਜ਼ਿਲ੍ਹਾ ਪ੍ਰਧਾਨ ਅੰਕੁਸ਼ ਸਹਿਜਪਾਲ, ਮੰਡਲ ਪ੍ਰਧਾਨ ਟੋਨੀ ਵਰਮਾ, ਵਪਾਰ ਸੈੱਲ ਦੇ ਜ਼ਿਲ੍ਹਾ ਪ੍ਰਧਾਨ ਗੌਰਵ ਸਿੰਗਲਾ, ਸਾਬਕਾ ਕੌਂਸਲਰ ਅੰਬੂ ਰਾਮ ਮਸ਼ਾਲ, ਬਲਰਾਜ ਸਿੰਘ, ਨਵੀਨ ਜੈਨ, ਮੋਹਿਤ ਗੋਇਲ, ਸਤਪਾਲ ਸਿੰਘ ਆਦਿ ਹਾਜ਼ਰ ਸਨ।

# ਦਿਹਾਤੀ ਮਜ਼ਦੂਰ ਸਭਾ ਵੱਲੋਂ ਮਨਰੇਗਾ ਵਰਕਰਾਂ ਨਾਲ ਮੀਟਿੰਗ

## ਮਜ਼ਦੂਰ ਮੰਗਾਂ ਨੂੰ ਲੈ ਕੇ ਸੰਘਰਸ਼ ਤੇਜ਼ ਕਰਨ ਦਾ ਫੈਸਲਾ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਦੁਤਾਲ ਵਿਖੇ ਦਿਹਾਤੀ ਮਜ਼ਦੂਰ ਸਭਾ ਦੀ ਮੀਟਿੰਗ ਬਗੀਚਾ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਆਰ ਟੀ ਆਈ ਆਗੂ ਪੂਰਨ ਚੰਦ ਨਨਹੇੜਾ, ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ, ਲਾਲ ਝੰਡਾ ਭੱਠਾ ਮਜ਼ਦੂਰ ਯੂਨੀਅਨ ਦੇ ਆਗੂ ਪ੍ਰਲਾਦ ਸਿੰਘ ਨਿਆਲ, ਜਮਹੂਰੀ ਕਿਸਾਨ ਸਭਾ ਦੇ ਆਗੂ ਮਲਕੀਤ ਸਿੰਘ ਸ਼ਾਮਲ ਹੋਏ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪਿਛਲੇ 70 ਸਾਲਾਂ ਤੋਂ ਸਰਕਾਰਾਂ ਦੀਆਂ ਗਲਤ ਆਰਥਿਕ ਨੀਤੀਆਂ ਕਰਕੇ ਮਜ਼ਦੂਰ ਵਰਗ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਜ਼ਦੂਰ ਦੀ ਜ਼ਿੰਦਗੀ ਵਿੱਚ ਵੱਡੇ ਵਿਕਾਸ ਦੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਕੋਈ ਸੁਧਾਰ ਨਹੀਂ ਕਰ ਸਕੀਆਂ।

ਮਜ਼ਦੂਰ ਹੱਡ ਭੰਨਵੀਂ ਮਿਹਨਤ ਦੇ ਬਾਵਜੂਦ ਮਜ਼ਦੂਰ ਨੂੰ ਆਪਣਾ ਚੁੱਲ੍ਹਾ ਚੌਂਕਾ ਚਲਾਉਣਾ ਔਖਾ ਹੋਇਆ ਪਿਆ ਹੈ, ਦਿਨੋਂ-ਦਿਨ ਵਧਦੀ ਮਹਿੰਗਾਈ ਕਰਕੇ ਮਜ਼ਦੂਰ ਆਪਣੇ ਬੱਚਿਆਂ ਨੂੰ ਪੇਟ ਭਰ ਕੇ ਵੀ ਰੋਟੀ ਨਹੀਂ ਖਵਾ ਸਕਦਾ। ਉਨ੍ਹਾ ਕਿਹਾ ਕਿ ਮਨਰੇਗਾ ਸਕੀਮ ਮਜ਼ਦੂਰ ਦੀ ਜ਼ਿੰਦਗੀ ਵਿੱਚ ਰੌਸ਼ਨੀ ਭਰ ਸਕਦੀ ਹੈ, ਪਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਰਕੇ ਇਸ ਸਕੀਮ ਨੂੰ ਇਮਾਨਦਾਰੀ ਤੇ ਪਾਰਦਰਸ਼ਤਾ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਮਨਰੇਗਾ ਸਕੀਮ 'ਚ ਵੱਡੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਮੰਗ ਕੀਤੀ ਕਿ ਭ੍ਰਿਸ਼ਟ ਅਫਸਰਸ਼ਾਹੀ ਦੇ ਨਾਲ ਨਾਲ ਇਸ ਵਿੱਚ ਜ਼ੁੰਮੇਵਾਰ ਹਰ ਇੱਕ ਵਿਅਕਤੀ 'ਤੇ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਹਰਿਆਣਾ ਦੇ ਮਨਰੇਗਾ ਮਜ਼ਦੂਰਾਂ ਦੇ ਬਰਾਬਰ ਦਿਹਾੜੀ ਮਿਲਣੀ ਚਾਹੀਦੀ ਹੈ।

ਉਨ੍ਹਾਂ ਸੂਬੇ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਦਲਾਅ ਦੇ ਨਾਮ 'ਤੇ ਬਣੀ ਇਸ ਸਰਕਾਰ ਦੇ ਰਾਜ ਦੌਰਾਨ ਮਜ਼ਦੂਰਾਂ ਦੀ ਜ਼ਿੰਦਗੀ ਵਿੱਚ ਕੋਈ ਬਦਲਾਅ ਨਹੀਂ ਆਇਆ। ਇਸ ਸਬੰਧੀ ਆਰ ਐੱਮ ਪੀ ਦੀ ਅਗਵਾਈ ਵਿੱਚ ਲੋਕ-ਪੱਖੀ ਨੀਤੀਆਂ ਬਣਾਉਣ ਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਸਰਕਾਰ ਖਿਲਾਫ ਸੰਘਰਸ਼ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁੱਡੂ ਰਾਮ, ਬਲਵੀਰ ਰਾਮ, ਅਮਰੋ ਕੌਰ, ਸੁਖਵਿੰਦਰ ਕੌਰ, ਹਰਪ੍ਰੀਤ ਕੌਰ, ਅਮਨਦੀਪ ਕੌਰ, ਬਲਵਿੰਦਰ ਕੌਰ, ਤਾਰੋ, ਸੰਜੀਵ ਕੁਮਾਰ ਤੇ ਅਰਸ਼ਦੀਪ ਸਿੰਘ ਆਦਿ ਹਾਜ਼ਰ ਸਨ।

# ਡਾ: ਮਾਲਤੀ ਥਾਪਰ ਤੇ ਨਵਦੀਪ ਬਰਾੜ ਨੇ ਚੇਅਰਮੈਨ ਜਗਸੀਰ ਨਾਲ ਕੀਤਾ ਦੁੱਖ ਸਾਂਝਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਹਲਕਾ ਬਾਘਾ ਪੁਰਾਣਾ ਤੋਂ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਸਰਪੰਚ ਯੂਨੀਅਨ ਹਲਕਾ ਬਾਘਾ ਪੁਰਾਣਾ ਦੇ ਪ੍ਰਧਾਨ ਸੀਨੀਅਰ ਕਾਂਗਰਸੀ ਆਗੂ ਜਗਸੀਰ ਸਿੰਘ ਗਿੱਲ ਸਰਪੰਚ ਕਾਲੇਕੇ ਦੀ ਮਾਤਾ ਰਣਜੀਤ ਕੌਰ ਗਿੱਲ (80 ਸਾਲ), ਜੋ ਕੁਝ ਦਿਨ ਬੀਮਾਰ ਰਹਿਣ ਉਪਰੰਤ ਅਚਾਨਕ ਅਕਾਲ ਚਲਾਣਾ ਕਰ ਗਏ।

ਇਸ ਦੁੱਖਦਾਈ ਸਮੇਂ 'ਤੇ ਗਿੱਲ ਪਰਿਵਾਰ ਨਾਲ ਕਾਂਗਰਸੀ ਆਗੂ ਤੇ ਸਾਬਕਾ ਮੰਤਰੀ ਪੰਜਾਬ ਡਾ: ਮਾਲਤੀ ਥਾਪਰ ਮੋਗਾ, ਨਵਦੀਪ ਸਿੰਘ ਬਰਾੜ ਜ਼ਿਲ੍ਹਾ ਪ੍ਰਧਾਨ ਕਾਂਗਰਸ ਕਮੇਟੀ ਫਰੀਦਕੋਟ, ਜਥੇਦਾਰ ਬੂਟਾ ਸਿੰਘ ਰਣਸੀਂਹ, ਰਵੀ ਗਰੇਵਾਲ ਭਾਜਪਾ ਆਗੂ ਤੇ ਹੋਰ ਉੱਚ ਪੱਧਰ ਦੇ ਰਾਜਸੀ ਆਗੂਆਂ ਨੇ ਦੁੱਖ ਸਾਂਝਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਸਰਪੰਚ ਚੰਦ ਨਵਾਂ, ਰਣਜੀਤ ਸਿੰਘ ਸਰਪੰਚ ਸਮਾਲਸਰ, ਰਾਜਾ ਬਲਾਕ ਸੰਮਤੀ ਮੈਂਬਰ, ਗਗਨ ਸਰਪੰਚ ਨਿਗਾਹਾ, ਗੁਰਦੇਵ ਸਿੰਘ ਸਰਪੰਚ ਸਮਾਲਸਰ, ਸੀਨੀਅਰ ਅਕਾਲੀ ਆਗੂ ਸੁਖਦੀਪ ਸਿੰਘ ਰੋਡੇ, ਜਗਦੇਵ ਸਿੰਘ ਸਰਪੰਚ ਛੋਟਾ ਘਰ, ਅਮਰਜੀਤ ਸਿੰਘ ਸਰਪੰਚ ਸਮਾਲਸਰ, ਕਾਕਾ ਮੈਂਬਰ ਆਲਮਵਾਲਾ, ਅਮਨਾ ਸਰਪੰਚ ਸਮਾਲਸਰ, ਤੇਜਾ ਆੜ੍ਹਤੀਆ, ਗੁਰਮੀਤ ਸਿੰਘ ਘੋਲੀਆ, ਪਰਮਿੰਦਰ ਸਿੰਘ ਡਿੰਪਲ ਉੱਪ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਮੋਗਾ, ਗੁਰਤੇਜ ਸਿੰਘ ਆੜ੍ਹਤੀਆ, ਸ੍ਰ. ਬਲਦੇਵ ਸਿੰਘ ਸੁਖਾਨੰਦ, ਅਭਿਲਾਸ਼ ਚੰਦ ਜੁਗਨੀ ਆੜ੍ਹਤੀਆ, ਜਵਾਹਰ ਸਿੰਘ ਰਾਜੇਆਣਾ, ਹਰਜੀਤ ਸਿੰਘ ਝੰਡੇਆਣਾ, ਸੁੱਖਾ ਲੰਗੇਆਣਾ, ਸੀਪਾ ਰਾਜੇਆਣਾ ਆਦਿ ਨੇ ਵੀ ਪਿੰਡ ਕਾਲੇਕੇ ਵਿਖੇ ਜਗਸੀਰ ਸਿੰਘ ਗਿੱਲ ਦੇ ਗ੍ਰਹਿ ਪਹੁੰਚ ਕੇ ਦੁੱਖ ਸਾਂਝ ਕੀਤਾ।

10-July-PAGE-8.qxd 7/9/2023 8:44 PM Page 1



# ਭਾਰੀ ਬਰਸਾਤ ਦੇ ਬਾਵਜੂਦ ਸਫਾਈ ਕਰਮਚਾਰੀ ਪਾਣੀ ਦੀ ਨਿਕਾਸੀ ਲਈ ਜੁਟੇ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**-ਭਾਰੀ ਬਰਸਾਤ ਕਾਰਨ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਢੁਕਵੇਂ ਪ੍ਰਬੰਧ ਕਰਨ ਲਈ ਕਾਰਜ ਸਾਧਕ ਅਫਸਰ ਹਰਬਖਸ਼ ਸਿੰਘ ਦੀ ਅਗਵਾਈ 'ਚ ਨਗਰ ਕੌਂਸਲ ਦੀਆਂ ਟੀਮਾਂ ਸ਼ਹਿਰ ਦੇ ਵੱਖ ਵੱਖ ਖੇਤਰਾਂ 'ਚ ਨਿਰੰਤਰ ਕੰਮ ਕਰ ਰਹੀਆਂ ਹਨ। ਐਸ.ਡੀ.ਐਮ ਮਨੀਸ਼ਾ ਰਾਣਾ ਲਗਾਤਾਰ ਬਰਸਾਤੀ ਪਾਣੀ ਨਿਕਾਸੀ ਲਈ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਨਜ਼ਰ ਰੱਖ ਰਹੇ ਹਨ। ਅੱਜ ਤੜਕਸਾਰ ਤੋਂ ਹੀ ਭਾਰੀ ਬਰਸਾਤ ਕਾਰਨ ਸ੍ਰੀ ਅਨੰਦਪੁਰ ਸਾਹਿਬ ਦੇ ਵੱਖ ਵੱਖ ਖੇਤਰਾਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਲਈ ਢੁਕਵੇਂ ਪ੍ਰਬੰਧ ਕਰਨ ਦੇ ਨਿਰਦੇਸ਼ ਮਨੀਸ਼ਾ ਰਾਣਾ ਨੇ ਨਗਰ ਕੌਂਸਲ ਅਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੇ। ਉਨ੍ਹਾ ਕਿਹਾ ਕਿ ਸ਼ਹਿਰ ਦੇ ਨਾਲਿਆਂ, ਪੁਲੀਆਂ ਤੇ ਹੋਰ ਥਾਵਾਂ 'ਤੇ ਕੂੜਾ ਨਾ ਜਮ੍ਹਾਂ ਹੋਣ ਦਿੱਤਾ ਜਾਵੇ ਅਤੇ ਬਰਸਾਤੀ ਪਾਣੀ ਦੀ ਨਿਰਵਿਘਨ ਨਿਕਾਸੀ ਦੇ ਪ੍ਰਬੰਧ ਕੀਤੇ ਜਾਣ। ਪ੍ਰਸ਼ਾਸਨ ਦੇ ਹਰਕਤ 'ਚ ਆਉਣ ਤੋਂ ਬਾਅਦ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵੱਲੋਂ ਇੱਕ ਵਿਸ਼ੇਸ਼ ਟੀਮ ਤਿਆਰ ਕੀਤੀ ਗਈ, ਜਿਸ ਵਿੱਚ ਸੈਨਟਰੀ ਇੰਸਪੈਕਟਰ ਮਦਨ ਲਾਲ, ਸੁਰਿੰਦਰ ਕੁਮਾਰ, ਪਰਮਜੀਤ ਸੋਨੂੰ ਨੂੰ ਪੂਰੇ ਸ਼ਹਿਰ ਦਾ ਦੌਰਾ ਕਰਕੇ ਰੁਕੇ ਹੋਏ ਬਰਸਾਤੀ ਪਾਣੀ ਦੀ ਤੁਰੰਤ ਡਰੇਨ ਕਰਨ ਦੇ ਹੁਕਮ ਦਿੱਤੇ। ਜਿਸ ਉਪਰੰਤ ਲਗਭਗ 20 ਕਰਮਚਾਰੀਆਂ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਸ਼ਹਿਰ ਦੇ ਬੱਸ ਸਟੈਂਡ, ਰੇਲਵੇ ਲਾਈਨ ਦੀ ਪੁਲੀ, ਨੇੜੇ ਪੀ.ਐਨ.ਬੀ.ਬੈਂਕ, ਪੰਜ ਪਿਆਰਾ ਪਾਰਕ, ਕਚਹਿਰੀ ਰੋਡ, ਚਰਨ ਗੰਗਾ ਪੁਲ ਕੋਲ ਨਵੀ ਪੁਲੀ, ਮੁਹੱਲਾ ਫਤਿਹਗੜ੍ਹ ਸਾਹਿਬ ਨੇੜੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਕੰਮ ਸ਼ੁਰੂ ਕਰਵਾਇਆ ਗਿਆ।

ਐਸ.ਡੀ.ਐਮ ਨੇ ਕਿਹਾ ਕਿ ਸਿੰਗਲ ਯੂਜ਼ਜ਼ ਪਲਾਸਟਿਕ ਜਾਂ ਟੁੱਟੇ ਹੋਏ ਬਰਤਨ ਆਮ ਤੌਰ 'ਤੇ ਇਨ੍ਹਾਂ ਪੁਲੀਆਂ ਦੇ ਹੇਠਾਂ ਫਸ ਕੇ ਵੱਡਾ ਅੜਿੱਕਾ ਬਣਦੇ ਹਨ, ਜਿਸ ਨਾਲ ਬਰਸਾਤੀ ਪਾਣੀ ਦੀ ਨਿਕਾਸੀ ਪ੍ਰਭਾਵਿਤ ਹੁੰਦੀ ਹੈ, ਇਸ ਲਈ ਨਿਕਾਸੀ ਨੂੰ ਨਿਰਵਿਘਨ ਤੇ ਸੁਚਾਰੂ ਕੀਤਾ ਜਾਵੇ, ਸਫਾਈ ਕਰਮਚਾਰੀ ਸੇਫਟੀ ਕਿੱਟ ਪਾ ਕੇ ਅਤੇ ਸਾਰੇ ਸੁਰੱਖਿਆ ਦੇ ਮਾਪਦੰਡ ਅਪਣਾ ਕੇ ਇਹ ਪ੍ਰਬੰਧ ਕਰਨ। ਕਾਰਜ ਸਾਧਕ ਅਫਸਰ ਨੇ ਦੱਸਿਆ ਕਿ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਸਮੁੱਚੇ ਇਲਾਕੇ 'ਚ ਭਾਰੀ ਬਰਸਾਤ ਦੇ ਬਾਵਜੂਦ ਕਰਮਚਾਰੀ ਨਿਰੰਤਰ ਕੰਮ ਕਰ ਰਹੇ ਹਨ। ਹਰ ਖੇਤਰ ਵਿੱਚ ਪਾਣੀ ਦੀ ਨਿਕਾਸੀ ਕੀਤੀ ਜਾ ਰਹੀ ਹੈ। ਉਨ੍ਹਾ ਆਮ ਲੋਕਾਂ, ਦੁਕਾਨਦਾਰਾਂ, ਰੇਹੜੀ, ਫੜ੍ਹੀ ਵਾਲਿਆਂ ਨੂੰ ਅਪੀਲ ਕੀਤੀ ਕਿ ਉਹ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ ਅਤੇ ਆਪਣੇ ਘਰ/ਦੁਕਾਨ ਦਾ ਕੂੜਾ ਕੂੜੇਦਾਨ 'ਚ ਇਕੱਠਾ ਕਰਨ, ਸੜਕਾਂ ਉਤੇ ਕੂੜਾ ਸੁੱਟਣ ਨਾਲ ਇਹ ਬਰਸਾਤੀ ਪਾਣੀ ਦੀ ਨਿਕਾਸੀ 'ਚ ਅੜਿੱਕਾ ਬਣਦੇ ਹਨ। ਉਨ੍ਹਾ ਕਿਹਾ ਕਿ ਬਰਸਾਤਾਂ ਦੌਰਾਨ ਸੁਚਾਰੂ ਸਫਾਈ ਵਿਵਸਥਾ, ਫੋਗਿੰਗ ਅਤੇ ਦਵਾਈ ਦਾ ਛਿੜਕਾਓ ਜਾਰੀ ਰਹੇਗਾ ਤਾਂ ਕਿ ਲੋਕਾਂ ਦੀ ਸਿਹਤ ਅਤੇ ਜਾਨ ਮਾਲ ਦੀ ਰੱਖਿਆ ਕੀਤੀ ਜਾਵੇ।

# ਸੇਂਟ ਸੋਲਜਰ ਗਰੁੱਪ ਦੇ ਵਿਦਿਆਰਥੀਆਂ ਨੂੰ ਮਿਲੇ ਕ੍ਰੈਡਿਟ ਟ੍ਰਾਂਸਫਰ ਅਧੀਨ ਕੈਨੇਡਾ ਦੇ ਵੀਜ਼ੇ




**ਜਲੰਧਰ (ਇਕਬਾਲ ਸਿੰਘ ਉਭੀ)** - ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਯੂਨੀਕ ਕ੍ਰੈਡਿਟ ਟਰਾਂਸਫਰ ਪ੍ਰੋਗਰਾਮ ਤਹਿਤ ਦੋ ਵਿਦਿਆਰਥੀਆਂ ਆਕਾਸ਼ਦੀਪ ਅਤੇ ਨਰਿੰਦਰਜੀਤ ਨੇ ਕੈਨੇਡਾ ਦੀ ਰਾਇਲ ਰੋਡਜ਼ ਯੂਨੀਵਰਸਿਟੀ, ਕੈਨੇਡਾ ਵਿਖੇ ਬੀ.ਬੀ.ਏ ਡਿਗਰੀ ਪ੍ਰੋਗਰਾਮ ਨੂੰ ਪੂਰਾ ਕਰਨ ਲਈ ਕੈਨੇਡੀਅਨ ਪਾਥਵੇਅ ਪ੍ਰੋਗਰਾਮ ਤਹਿਤ ਕੈਨੇਡਾ ਦੇ ਸਟੱਡੀ ਵੀਜ਼ੇ ਪ੍ਰਾਪਤ ਕੀਤੇ ਹਨ। ਦੋਵੇਂ ਵਿਦਿਆਰਥੀਆਂ ਨੇ ਕੈਨੇਡਾ 'ਚ ਉੱਚ ਸਿੱਖਿਆ ਹਾਸਲ ਕਰਨ ਦੇ ਸੁਪਨੇ ਲੈ ਕੇ ਬੀ ਬੀ ਏ ਬਿਜ਼ਨਸ ਐਂਡ ਸਸਟੇਨੇਬਿਲਟੀ ਪ੍ਰੋਗਰਾਮ ਵਿੱਚ ਦਾਖਲਾ ਲਿਆ ਸੀ।

ਜਿਸ ਵਿੱਚ ਸੇਂਟ ਸੋਲਜਰ ਕ੍ਰੈਡਿਟ ਟਰਾਂਸਫਰ ਪ੍ਰੋਗਰਾਮ ਦੇ ਤਹਿਤ ਦੋਵਾਂ ਵਿਦਿਆਰਥੀਆਂ ਨੇ ਆਪਣੇ ਪਹਿਲੇ ਦੋ ਸਾਲ ਸੇਂਟ ਸੋਲਜਰ ਗਰੁੱਪ ਆਫ ਇੰਸਟੀਚਿਊਸ਼ਨ, ਜਲੰਧਰ ਵਿੱਚ ਪੂਰੇ ਕੀਤੇ ਅਤੇ ਤੀਜੇ ਅਤੇ ਚੌਥੇ ਸਾਲ ਲਈ ਉਹ ਹੁਣ ਕੈਨੇਡਾ ਵਿੱਚ ਪਾਰਟਨਰ ਯੂਨੀਵਰਸਿਟੀ ਜਾਣਗੇ, ਜਿੱਥੇ ਉਹ ਆਪਣੀ ਡਿਗਰੀ ਪੂਰੀ ਕਰਨਗੇ। ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਨਰਿੰਦਰਜੀਤ ਅਤੇ ਅਕਾਸ਼ਦੀਪ ਨੂੰ ਸਫਲਤਾਪੂਰਵਕ ਪਾਸਪੋਰਟਾਂ 'ਤੇ ਮੋਹਰ ਲਗਵਾਉਣ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਮੈਨੇਜਿੰਗ ਡਾਇਰੈਕਟਰ ਪ੍ਰੋ. ਮਨਹਰ ਅਰੋੜਾ ਨੇ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੂੰ ਡਿਗਰੀਆਂ ਮਿਲਦੀਆਂ ਹਨ ਜਿਸ ਨਾਲ ਉਹ ਕੈਨੇਡਾ 'ਚ ਸਰਕਾਰੀ, ਬਹੁਰਾਸ਼ਟਰੀ ਕੰਪਨੀਆਂ 'ਚ ਵਧੀਆ ਕੰਮ ਕਰ ਸਕਦੇ ਹਨ। ਇਸ ਮੌਕੇ ਬਿਜ਼ਨਸ ਮੈਨੇਜਮੈਂਟ ਐਂਡ ਐਗਰੀਕਲਚਰ ਦੇ ਪ੍ਰਿੰਸੀਪਲ ਡਾ. ਸਿਮਰਨਜੀਤ ਸਿੰਘ ਅਤੇ ਐਡਮਿਸ਼ਨ ਡਾਇਰੈਕਟਰ ਇੰਦਰਜੀਤ ਸਿੰਘ ਵੀ ਹਾਜ਼ਰ ਸਨ।

# ਮੰਨੀਆਂ ਮੰਗਾਂ ਲਾਗੂ ਨਾ ਕਰਨ ਦੇ ਵਿਰੋਧ 'ਚ ਨਿਗਮ ਦੇ ਮੁੱਖ ਦਫਤਰ ਮੋਹਾਲੀ 'ਚ 19 ਨੂੰ ਰੋਸ ਧਰਨਾ

**ਮੋਹਾਲੀ (ਗੁਰਜੀਤ ਬਿੱਲਾ)**: ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਓਮ ਪ੍ਰਕਾਸ਼ ਸੂਬਾ ਪ੍ਰਧਾਨ ਜਲ ਸਰੋਤ ਨਿਗਮ ਦੀ ਮੁਲਾਜ਼ਮ ਯੂਨੀਅਨ ਨੇ ਦੱਸਿਆ ਕਿ ਰਿਟਾਇਰੀਆਂ ਨਾਲ ਸੰਬੰਧਤ ਮੰਗਾਂ ਜਿਨਾਂ ਵਿੱਚ ਮਿਤੀ 01.01.2016 ਤੋਂ ਸੋਧੇ ਸਕੇਲਾਂ ਅਨੁਸਾਰ ਮਿਤੀ 28.03.2018 ਤੋਂ ਪਹਿਲਾਂ ਰਿਟਾਇਰੀਆਂ ਨੂੰ 10 ਲੱਖ ਰੁਪਏ ਦੀ ਹਦ ਤੱਕ ਵਧੀ ਗਰੈਚੂਟੀ ਦੀ ਗਰੈਚੂਟੀ ਐਕਟ ਅਧੀਨ ਗਰੈਚੂਟੀ ਅਤੇ ਮਿਤੀ 01.01.2016 ਤੋਂ 30.06.2021 ਤੱਕ ਵਧੀ ਲੀਵ ਇਨਕੈਸ਼ਮੈਂਟ ਦੀ ਅਦਾਇਗੀ ਨਾ ਕਰਨ, ਜਦਕਿ ਵਿੱਤ ਵਿਭਾਗ ਪੰਜਾਬ ਵੱਲੋਂ ਇਨ੍ਹਾਂ ਅਦਾਇਗੀਆਂ 'ਤੇ ਕੋਈ ਰੋਕ ਨਹੀਂ ਹੈ। ਇਸੇ ਤਰਾਂ ਚੌਥੇ ਅਤੇ ਪੰਜਵੇਂ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਕਿਲਡ ਤੇ ਸੈਮੀ-ਸਕਿਲਡ ਸਟਾਫ਼ ਤੇ ਇਨ ਬਿਨ ਸਕੇਲ ਲਾਗੂ ਕਰਕੇ ਹਰ ਤਰਾਂ ਦੇ ਬਣਦੇ ਬਕਾਏ ਨਾ ਦੇਣ ਜਦਕਿ ਬਾਕੀ ਸਾਰੇ ਮੁਲਾਜ਼ਮਾਂ ਨੂੰ ਬਣਦੇ ਸਾਰੇ ਵਿੱਤੀ ਲਾਭ ਮਿਲ ਚੁੱਕੇ ਹਨ, ਬੀ ਓ ਡੀ ਦੇ ਫੈਸਲੇ ਦੇ 5 ਸਾਲ ਬੀਤਣ ਦੇ ਬਾਵਜੂਦ ਇੱਕ ਰਿਟਾਇਰੀ ਦੇ 2.50 ਲੱਖ ਰੁਪਏ ਦੀ ਕੀਤੀ ਰਿਕਵਰੀ ਵਾਪਸ, ਪਰਸੋਨਲ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਤਰਸਯੋਗ ਆਧਾਰ 'ਤੇ ਨਿਯੁਕਤ ਕਰਮਚਾਰੀਆਂ ਨੂੰ ਡੇਟ ਆਫ਼ ਜੁਆਇਨਿੰਗ ਤੋਂ ਰੈਗੂਲਰ ਅਤੇ 10 ਸਾਲਾਂ ਤੋਂ ਲਟਕ ਰਹੇ ਪ੍ਰਵੀਨਤਾ ਤਰੱਕੀ ਲਾਗੂ ਨਾ ਕਰਨ, ਯੂਨੀਅਨ ਦੀ ਮੰਗ 'ਤੇ ਇੱਕ ਸੁਪਰਡੈਂਟ ਦੀ ਕੀਤੀ ਬਦਲੀ ਨੂੰ ਨਜਾਇਜ਼ ਰੱਦ ਕਰਕੇ ਨੂੰ ਨਜਾਇਜ਼ ਪੀ-ਟੂ-ਐਮ ਡੀ ਲਗਾਉਣ, ਮੁਅੱਤਲ ਕਰਮਚਾਰੀ ਦੀ ਮੌਤ ਤੋਂ ਬਾਅਦ ਸਰਕਾਰੀ ਹਦਾਇਤਾਂ ਅਨੁਸਾਰ ਵਾਰਿਸਾਂ ਨੂੰ ਬਣਦੀ ਤਨਖਾਹ, ਭੱਤੇ ਆਦਿ ਦੀ ਅਦਾਇਗੀ ਨਾ ਕਰਨ ਅਤੇ ਯੂਨੀਅਨ ਦੀ ਮੰਗ 'ਤੇ ਰਿਟਾਇਰੀਆਂ ਦੇ ਪੈਨਸ਼ਨ ਕੇਸਾਂ ਨੂੰ ਸੁਚਾਰੂ ਢੰਗ ਨਾਲ ਈਪੀਐਓ ਦਫ਼ਤਰ ਚੰਡੀਗੜ੍ਹ ਭੇਜਣ ਅਤੇ ਸਮੇਂ 'ਤੇ ਪੈਨਸ਼ਨ ਲਾਗੂ ਕਰਨ ਲਈ ਇੱਕ ਸੁਪਰਡੈਂਟ ਨੂੰ ਸੈਲਰੀ ਸ਼ਾਖਾ ਵਿੱਚ ਪੋਸਟਿੰਗ ਆਦਿ ਮੰਗਾਂ ਸ਼ਾਮਲ ਹਨ। ਉਪਰੋਕਤ ਮੰਗਾਂ ਨੂੰ ਮੰਨ ਕੇ ਲਾਗੂ ਕਰਨ ਦੇ ਦਿੱਤੇ ਵਿਸ਼ਵਾਸ ਦੇ ਬਾਵਜੂਦ 4 ਮਹੀਨੇ ਬੀਤਣ 'ਤੇ ਇੱਕ ਵੀ ਮੰਗ ਲਾਗੂ ਨਹੀਂ ਕੀਤੀ।

ਯੂਨੀਅਨ ਵਲੋਂ ਧਰਨਾ ਦੇਣ ਦੇ ਨੋਟਿਸ ਦੇ ਜਵਾਬ ਵਿੱਚ ਫਿਰ ਲਿਖਤੀ ਝੂਠ ਬੋਲਿਆ ਜਾ ਰਿਹਾ ਹੈ ਕਿ ਕੁਝ ਮੰਗਾਂ ਲਾਗੂ ਕਰ ਦਿੱਤੀਆਂ ਹਨ ਤੇ ਬਾਕੀ ਮੰਗਾਂ ਲਈ ਮੈਨੇਜਮੈਂਟ ਯਤਨਸ਼ੀਲ ਹੈ।

ਯੂਨੀਅਨ ਨੇ ਫੈਸਲਾ ਲਿਆ ਹੈ ਕਿ ਜੇਕਰ ਮੰਨੀਆਂ ਮੰਗਾਂ ਨੂੰ 17 ਜੁਲਾਈ ਤੱਕ ਲਾਗ ਨਾ ਕੀਤੀਆਂ ਤਾਂ 19 ਜੁਲਾਈ ਨੂੰ ਨਿਗਮ ਦੇ ਮੁੱਖ ਦਫਤਰ ਮੋਹਾਲੀ ਵਿਖੇ ਸਮੂਹ ਰਿਟਾਇਰੀਆਂ ਵੱਲੋਂ ਧਰਨਾ ਦਿੱਤਾ ਜਾਵੇਗਾ।

# ਪੰਜਾਬ ਦੀ ਸੇਵਾ 'ਚ ਸੀਚੇਵਾਲ ਨੇ ਕੀਤਾ ਰਿਪੋਰਟ ਕਾਰਡ ਜਾਰੀ



**ਸੁਲਤਨਾਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**-ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਰਾਜ ਸਭਾ 'ਚ ਇੱਕ ਸਾਲ ਮੁਕੰਮਲ ਕਰ ਲੈਣ 'ਤੇ ਰਿਪੋਰਟ ਕਾਰਡ ਪੇਸ਼ ਕਰਦਿਆਂ ਕਿਹਾ ਕਿ 75 ਸਾਲਾਂ 'ਚ ਪਹਿਲੀ ਵਾਰ ਰਾਜ ਸਭਾ ਵਿੱਚ ਪੰਜਾਬੀ ਲਾਗੂ ਕਰਵਾਏ ਜਾਣ ਦਾ ਉਨ੍ਹਾ ਨੂੰ ਸਭ ਤੋਂ ਵੱਧ ਫਖਰ ਹੈ। ਸੰਤ ਸੀਚੇਵਾਲ ਨੇ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਪੰਜਾਬ, ਪੰਜਾਬੀ, ਕਿਸਾਨੀ, ਪਾਣੀ, ਵਾਤਾਵਰਣ ਤੇ ਗਰੀਬਾਂ ਲੋੜਵੰਦਾਂ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਰਾਜ ਸਭਾ ਵਿੱਚ ਉਠਾਇਆ। ਬਤੌਰ ਮੈਂਬਰ ਪਾਰਲੀਮੈਂਟ ਦੇ ਅਧਿਕਾਰਾਂ ਦੀ ਵਰਤੋਂ ਕਰਦਿਆ ਉਨ੍ਹਾ ਪ੍ਰਧਾਨ ਰਾਹਤ ਫੰਡ ਵਿੱਚੋਂ ਕੈਂਸਰ ਤੇ ਹੋਰ ਬਿਮਾਰੀਆਂ ਨਾਲ ਪੀੜਿਤ ਲੋਕਾਂ ਨੂੰ 20 ਲੱਖ ਦੀ ਸਹਾਇਤਾ ਲੈ ਕੇ ਦਿੱਤੀ ਉੱਥੇ ਹੀ ਆਪਹਜ ਵਿਅਕਤੀਆਂ ਲਈ ਮੋਟਰਾਈਜ਼ਡ ਟਰਾਈਸਾਈਕਲ ਲਈ 12 ਲੱਖ 84 ਹਜ਼ਾਰ ਦੀ ਸਹਾਇਤਾ ਰਾਸ਼ੀ ਆਪਣੇ ਫੰਡ ਵਿੱਚੋਂ ਦਿੱਤੀ। ਇਸ ਤੋਂ ਇਲਾਵਾ 100 ਦੇ ਕਰੀਬ ਅਪਾਹਜ ਵਿਅਕਤੀਆਂ ਨੂੰ ਮੋਟਰਾਈਜ਼ਡ ਟਰਾਈਸਾਈਕਲ ਦਿੱਤੀਆਂ। ਸੰਤ ਸੀਚੇਵਾਲ ਨੇ ਦੱਸਿਆ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀਆਂ ਨੂੰ ਉਪਰ ਚੁੱਕਣ ਲਈ ਚਿੱਟੀ ਵੇਈਂ ਤੇ 200 ਕਿਊਸਿਕ ਪਾਣੀ ਛੱਡਣ ਵਾਸਤੇ ਰੈਗੂਲੇਟਰ ਬਣਾਉਣ ਲਈ 1 ਕੋਰੜ 19 ਲੱਖ ਦੇ ਪ੍ਰਜੈਕਟ 'ਤੇ ਕੰਮ ਸ਼ੁਰੂ ਕਰਵਾਇਆ ਹੈ ਤਾਂ ਜੋ ਚਿੱਟੀ ਵੇਈਂ ਸਾਰਾ ਸਾਲ ਵਗਦੀ ਰਹੇ। ਸੰਤ ਸੀਚੇਵਾਲ ਨੇ ਵਿਦੇਸ਼ ਮੰਤਰੀ ਜੈਸ਼ੰਕਰ ਦਾ ਧੰਨਵਾਦ ਕਰਦਿਆ ਕਿਹਾ ਕਿ ਵਿਦੇਸ਼ਾਂ 'ਚ ਭਾਰਤੀ ਅੰਬੈਸੀਆਂ ਰਾਹੀ ਉਨ੍ਹਾ ਨੇ ਵੱਖ ਵੱਖ ਦੇਸ਼ਾਂ ਵਿੱਚੋਂ ਟਰੈਵਲ ਏਜੰਟਾਂ ਰਾਹੀ ਫਸੇ ਮੁੰਡੇ ਤੇ ਕੁੜੀਆਂ ਨੂੰ ਸੁਰੱਖਿਅਤ ਆਪਣੇ ਘਰੀਂ ਪਰਤਾਉਣ ਦਾ ਆਪਣਾ ਮੁਢਲਾ ਫਰਜ਼ ਨਿਭਾਇਆ ਹੈ। ਉਨ੍ਹਾ ਦੱਸਿਆ ਕਿ ਅਰਬ ਦੇਸ਼ਾਂ ਵਿੱਚੋਂ 7 ਲੜਕੀਆਂ ਨੂੰ ਵਾਪਸ ਲਿਆਂਦਾ ਗਿਆ ਹੈ। ਇਸੇ ਤਰ੍ਹਾਂ ਵੱਖ ਵੱਖ ਦੇਸ਼ਾਂ ਵਿੱਚ ਫਸੇ 11 ਲੜਕਿਆਂ ਨੂੰ ਵਾਪਸ ਲਿਆਂਦਾ ਗਿਆ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਲਈ ਗਏ ਜਿਹੜੇ 8 ਨੌਜਵਾਨਾਂ ਦੀ ਮੌਤ ਵਿਦੇਸ਼ਾਂ ਵਿੱਚ ਹੋ ਗਈ ਸੀ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਅੰਤਿਮ ਰਸਮਾਂ ਲਈ ਉਨ੍ਹਾਂ ਦੇ ਪਰਵਾਰ ਤੱਕ ਪਹੁੰਚਾਇਆ ਗਿਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦੱਸਿਆ ਕਿ ਉਨ੍ਹਾ ਨੇ ਇਤਿਹਾਸਕ ਪਿੰਡ ਡੱਲਾ ਨੂੰ ਗੋਦ ਲਿਆ ਹੋਇਆ ਹੈ। ਇਸ ਦੇ ਬਹੁ-ਪੱਖੀ ਵਿਕਾਸ ਲਈ 50 ਲੱਖ ਤੋਂ ਵੱਧ ਦੀ ਰਕਮ ਖਰਚੀ ਜਾ ਰਹੀ ਹੈ। ਪੰਜਾਬ ਦੇ ਵੱਖ ਵੱਖ ਪਿੰਡਾਂ ਦੀ ਪੀਣ ਵਾਲੇ ਪਾਣੀ ਦੇ 20 ਟੈਂਕਰ ਲੈ ਕੇ ਦਿੱਤੇ ਗਏ ਹਨ। ਉਨ੍ਹਾ ਦੱਸਿਆ ਕਿ ਸੰਸਦ 'ਚ ਉਨ੍ਹਾ ਨੇ ਆਪਣੇ ਪਹਿਲੇ ਭਾਸ਼ਣ ਦੌਰਾਨ ਹੀ ਕਿਸਾਨਾਂ ਦੇ ਮੁੱਦਿਆਂ ਨੂੰ ਬੜੀ ਗੰਭੀਰਤਾ ਨਾਲ ਚੁੱਕਿਆ ਸੀ ਤੇ ਤਿੰਨ ਸੈਸ਼ਨਾਂ ਦੌਰਾਨ ਕਿਸਾਨਾਂ ਦੀਆਂ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ, ਖੁਦਕੁਸ਼ੀਆਂ ਅਤੇ ਉਨ੍ਹਾਂ ਦੀ ਫਸਲ ਦੇ ਵਾਜਬ ਮੁੱਲ ਨਾ ਮਿਲਣ ਦੇ ਮੁੱਦਿਆਂ ਨੂੰ ਉਠਾਇਆ। ਕਾਰਪੋਰਟਾਂ ਵਾਂਗ ਕਿਸਾਨਾਂ ਤੇ ਮਜ਼ਦੂਰਾਂ ਦੇ ਕਰਜ਼ਿਆਂ ਤੇ ਲੀਕ ਮਾਰਨ ਦੀ ਸੰਸਦ ਵਿੱਚ ਮੰਗ ਕੀਤੀ। ਮਨਰੇਗਾ ਵਰਕਰਾਂ ਦੀਆਂ ਮੁਸ਼ਕਲਾਂ ਅਤੇ ਇਸ ਸਕੀਮ ਤਹਿਤ ਫੰਡ ਦੇਰੀ ਨਾਲ ਮਿਲਣ ਦਾ ਮੁੱਦਾ ਵੀ ਉਠਾਇਆ। ਸੰਤ ਸੀਚੇਵਾਲ ਨੇ ਕਿਹਾ ਕਿ ਉਹ 20 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਮੌਨਸੂਨ ਸੈਸ਼ਨ ਵਿੱਚ ਵੀ ਪੰਜਾਬ ਦੇ ਮੁੱਦਿਆਂ ਨੂੰ ਗੰਭੀਰਤਾ ਨਾਲ ਉਠਾਉਣਗੇ। ਪਹਿਲੇ ਸੈਸ਼ਨ ਦੌਰਾਨ ਹੀ ਪਾਕਿਸਤਾਨ ਵੱਲੋਂ ਭਾਰਤ ਵਿੱਚੋਂ ਜਾ ਰਹੀਆਂ 22 ਡਰੇਨਾਂ ਦੇ ਪਾਣੀਆਂ ਨੂੰ ਬੰਨ੍ਹ ਮਾਰਨ ਨਾਲ ਧਰਤੀ ਹੇਠਲੇ ਦੂਸ਼ਿਤ ਹੋ ਰਹੇ ਪਾਣੀਆਂ ਮੁੱਦਾ ਸਦਨ ਵਿੱਚ ਰੱਖਿਆ।

# ਕਾਨੂੰਨ ਬਣਨ ਤੋਂ 29 ਸਾਲ ਬਾਅਦ ਵੀ ਅੰਗ ਦਾਨ ਦੀ ਸਮੱਸਿਆ ਬਰਕਰਾਰ : ਅਸ਼ੋਕ ਮਹਿਰਾ



**ਫਗਵਾੜਾ (ਰਮਨ ਸ਼ਰਮਾ)**- ਪੁਨਰਜੋਤ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਅਸ਼ੋਕ ਮਹਿਰਾ ਨੇ ਦੱਸਿਆ ਕਿ ਅੱਜ ਭਾਰਤ ਦੇ ਅੰਗਦਾਨ ਕਾਨੂੰਨ ਨੂੰ ਬਣਿਆਂ 29 ਸਾਲ ਹੋ ਗਏ ਹਨ। ਇਹ ਕਾਨੂੰਨ ਲੋਕਾਂ ਨੂੰ ਅੰਗਦਾਨ ਪ੍ਰਤੀ ਜਾਗਰੂਕ ਕਰਨ, ਅੰਗਦਾਨ ਕਿਵੇਂ ਅਤੇ ਕੌਣ ਕਰ ਸਕਦਾ ਹੈ ਅਤੇ ਟਰਾਂਸਪਲਾਂਟ ਕਰਵਾਉਣ ਵਾਲੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾਉਣ ਵਿੱਚ ਮਦਦ ਕਰਨ ਲਈ ਭਾਰਤ ਸਰਕਾਰ ਵੱਲੋਂ 8 ਜੁਲਾਈ 1994 ਨੂੰ ਬਣਾਇਆ ਗਿਆ ਸੀ। ਭਾਰਤ ਵਿੱਚ 29 ਸਾਲ ਤੋਂ ਬਾਅਦ ਵੀ 10 ਲੱਖ ਲੋਕਾਂ ਦੇ ਮਗਰ ਸਿਰਫ 1 ਇਨਸਾਨ ਦੇ ਅੰਗਦਾਨ ਹੀ ਹੁੰਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਹਰ ਸਾਲ ਦੋ ਲੱਖ ਦੇ ਕਰੀਬ ਕਿਡਨੀ ਟਰਾਂਸਪਲਾਂਟਾਂ ਦੀ ਲੋੜ ਹੈ ਪਰ ਹੁੰਦੇ ਲੱਗਭਗ ਸਿਰਫ 6000 ਹੀ ਹਨ। 30,000 ਲਿਵਰ ਟਰਾਂਸਪਲਾਂਟਾਂ ਦੀ ਲੋੜ ਹੈ ਪਰ ਪਰ ਹੁੰਦੇ ਸਿਰਫ 1500-1600 ਦੇ ਕਰੀਬ ਹੀ ਹਨ। ਇਸੇ ਤਰ੍ਹਾਂ ਹਰ ਸਾਲ ਕਰੀਬ 50,000 ਹਾਰਟ ਟਰਾਂਸਪਲਾਂਟਾਂ ਦੀ ਲੋੜ ਹੈ ਪਰ ਹੁੰਦੇ ਸਿਰਫ 50 -60 ਦੇ ਕਰੀਬ ਹੀ ਹਨ। ਸਾਡੇ ਲਈ ਇਹ ਅੰਕੜੇ ਬਹੁਤ ਹੀ ਦੁਖਦਾਈ ਹਨ। ਧਾਰਮਕ, ਸਮਾਜਕ, ਸਿਹਤ, ਰਾਜਨੀਤਿਕ, ਮੀਡੀਆ ਤੇ ਵਿੱਦਿਅਕ ਸੰਸਥਾਵਾਂ ਨੂੰ ਇਸ ਵਿਸ਼ੇ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਪੁਨਰਜੋਤ ਆਈ ਬੈਂਕ ਉਤਰੀ ਭਾਰਤ ਦੀ ਮੋਢੀ ਆਈ ਬੈਂਕ ਹੈ ਅਤੇ ਲੋਕਾਂ ਨੂੰ ਜਾਗਰੂਕ ਕਰਕੇ ਹਜ਼ਾਰਾਂ ਅੱਖਾਂ ਦਾਨ ਕਰਵਾ ਚੁੱਕੀ ਹੈ। ਸਾਡਾ ਮੰਤਵ ਹੈ ਕਿ ਭਾਰਤ ਜਾਂ ਦੁਨੀਆ ਵਿੱਚ ਕਿਸੇ ਨੂੰ ਵੀ ਅੰਗਾਂ ਦੇ ਟਰਾਂਸਪਲਾਂਟ ਦੀ ਇੰਤਜ਼ਾਰ ਕਰਦਿਆਂ ਮਰਨਾ ਨਾ ਪਵੇ। ਉਨ੍ਹਾਂ ਅੰਗ ਦਾਨ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਅਸੀਂ ਜਿਊਂਦੇ ਜੀਅ ਆਪਣੇ ਖ਼ੂਨ ਦੇ ਰਿਸ਼ਤੇ ਜਿਵੇਂ ਆਪਣੇ ਦਾਦਾ ਦਾਦੀ, ਨਾਨਾ ਨਾਨੀ, ਮਾਪਿਆਂ, ਬੱਚਿਆਂ, ਭੈਣ ਭਰਾਵਾਂ, ਪਤੀ ਪਤਨੀ ਨੂੰ ਲੋੜ ਪੈਣ 'ਤੇ ਆਪਣੀ ਇੱਕ ਕਿਡਨੀ ਜਾਂ ਲਿਵਰ ਦਾ ਕੁੱਝ ਹਿੱਸਾ ਦਾਨ ਕਰ ਸਕਦੇ ਹਾਂ। ਸਾਡੀਆਂ ਅੱਖਾਂ ਮਰਨ ਤੋਂ 6 ਘੰਟੇ ਦੇ ਅੰਦਰ ਅੰਦਰ ਦਾਨ ਹੋ ਸਕਦੀਆਂ ਹਨ। ਜੇਕਰ ਕਿਸੇ ਇਨਸਾਨ ਦੀ ਡੈਥ ਹੋ ਜਾਵੇ ਤਾਂ ਉਸ ਦਾ ਦਿਲ, ਕਿਡਨੀ, ਲਿਵਰ, ਅੱਖਾਂ, ਪੈਂਕਰੀਆਈਜ਼ ਅਤੇ ਹੋਰ ਟਿਸ਼ੂ ਦਾਨ ਹੋ ਸਕਦੇ ਹਨ ਅਤੇ ਉਹ ਕਿਸੇ ਨੂੰ ਵੀ ਲੱਗ ਸਕਦੇ ਹਨ ਜ਼ਰੂਰੀ ਨਹੀਂ ਮਰੀਜ਼ ਨਾਲ ਖ਼ੂਨ ਦਾ ਰਿਸ਼ਤਾ ਹੋਵੇ। ਮਰਨ ਉਪਰੰਤ ਕੀਤੇ ਦੇਹ ਦਾਨ ਨਾਲ ਡਾਕਟਰਾਂ ਨੂੰ ਮੈਡੀਕਲ ਦੀ ਪੜ੍ਹਾਈ ਅਤੇ ਖੋਜ ਕਰਨ ਵਿੱਚ ਸਹਾਇਤਾ ਮਿਲਦੀ ਹੈ। ਮਹਿਰਾ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਆਪਣੀ ਜੀਵਨ ਸ਼ੈਲੀ ਵਿੱਚ ਕਸਰਤ, ਸੈਰ, ਪੌਸ਼ਟਿਕ ਭੋਜਨ ਦਾ ਸੇਵਨ ਜ਼ਰੂਰ ਕਰਨ।

## ਪੰਜਾਬ ਸਰਕਾਰ ਇਮਾਨਦਾਰੀ ਨਾਲ ਕੰਮ ਕਰ ਰਹੀ : ਸੰਦੀਪ ਸੈਣੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਆਮ ਜਨਤਾ ਨੂੰ ਵੀ ਆਪਣੀ ਸਰਕਾਰ ਦਾ ਪੂਰਾ ਸਹਿਯੋਗ ਕਰਨਾ ਚਾਹੀਦਾ ਹੈ, ਤਾਂ ਹੀ ਸਰਕਾਰ ਆਪਣੇ ਯਤਨਾਂ ਵਿੱਚ ਕਾਮਯਾਬ ਹੋਵੇਗੀ। ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜੁਆਇੰਟ ਸਕੱਤਰ ਸੰਦੀਪ ਸੈਣੀ ਨੇ ਇੱਕ ਪ੍ਰੈਸ ਬਿਆਨ ਰਾਹੀ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਨੂੰ ਦੇਸ਼ ਦੇ ਸ਼ਹੀਦਾਂ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿੱਚ ਆਮ ਆਦਮੀ ਦੀ ਸਰਕਾਰ ਨੂੰ ਇੱਕ ਸਾਲ ਤੋਂ ਵੱਧ ਦਾ ਸਮਾਂ ਪੂਰਾ ਹੋ ਗਿਆ ਹੈ ਅਤੇ ਮਾਨ ਨੇ ਆਪਣੀ ਕਾਰਜਸ਼ੈਲੀ ਰਾਹੀਂ ਸਾਬਤ ਕਰ ਦਿੱਤਾ ਹੈ ਕਿ ਉਹ ਇੱਕ ਕਾਬਲ ਮੁੱਖ ਮੰਤਰੀ ਅਤੇ ਕੁਸ਼ਲ ਸ਼ਾਸਕ ਹਨ। ਜੋ ਪੰਜਾਬ ਪਿਛਲੀਆਂ ਕਈ ਸਰਕਾਰਾਂ ਦੇ ਕਾਰਜਕਾਲ ਦੌਰਾਨ ਕੰਗਾਲ ਹੋ ਗਿਆ ਸੀ ਅਤੇ ਤਰੱਕੀ ਦੀ ਪੱਟੜੀ ਤੋਂ ਉੱਤਰ ਗਿਆ ਸੀ ਉਸ ਨੂੰ ਮਾਨ ਸਰਕਾਰ ਨੇ ਇੱਕ ਵਾਰ ਫਿਰ ਆਪਣੇ ਕੰਮਾਂ ਰਾਹੀਂ ਇਸ ਨੂੰ ਤਰੱਕੀ ਦੀ ਪੱਟੜੀ 'ਤੇ ਚਲਾਇਆ ਹੈ। ਉਨ੍ਹਾਂ ਕਿਹਾ ਕਿ ਅੱਜ ਦਿੱਲੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਆਪਣੇ ਨੇਕ ਇਰਾਦਿਆਂ ਨਾਲ ਆਮ ਲੋਕਾਂ ਦਾ ਜੀਵਨ ਸੁਖੀ ਬਣਾਉਣ ਵੱਲ ਕਦਮ ਪੁੱਟਣੇ ਸ਼ੁਰੂ ਕਰ ਦਿੱਤੇ ਹਨ।

## ਸੋਨੀ ਮੰਢਾਲੀ ਨੂੰ ਸਦਮਾ, ਪਿਤਾ ਦਾ ਦੇਹਾਂਤ



**ਮੇਹਲੀ (ਗੁਰਨਾਮ)**- ਸ਼੍ਰੋਮਣੀ ਅਕਾਲੀ ਦਲ ਵਰਕਰ ਤਰਨਜੀਤ ਸਿੰਘ ਸੋਨੀ ਦੇ ਪਿਤਾ, ਜੋ ਪਿਛਲੇ ਦਿਨੀਂ ਇੱਕ ਟ੍ਰੇਨ ਐਕਸੀਡੈਂਟ ਵਿੱਚ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ, ਇਸ ਦੁੱਖ ਦੀ ਘੜੀ 'ਚ ਪਰਵਾਰ ਨਾਲ ਉਨ੍ਹਾਂ ਦੇ ਗ੍ਰਹਿ ਪਿੰਡ ਮੰਢਾਲੀ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਸੁਖਦੀਪ ਸਿੰਘ ਸ਼ੁਕਾਰ, ਸੋਹਣ ਲਾਲ ਢੰਡਾ, ਨਵਦੀਪ ਸਿੰਘ ਅਨੋਖਰਵਾਲ, ਸੁਰਜੀਤ ਸਿੰਘ ਮਾਂਗਟ, ਕਮਲਜੀਤ ਸਿੰਘ ਮੇਹਲੀ, ਧਰਮਿੰਦਰ ਸਿੰਘ ਮੰਢਾਲੀ, ਕਸ਼ਮੀਰ ਸਿੰਘ, ਚਰਨਜੀਤ ਮੰਢਾਲੀ, ਲਾਡੀ ਬਸਰਾ, ਜੋਗਾ ਸਿੰਘ, ਮਲਕੀਤ ਮੰਢਾਲੀ, ਮਹਿੰਦਰ ਬੈਂਸ ਆਦਿ ਨੇ ਪਰਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਨਗਰ ਨਿਗਮ ਦੀ ਹੱਦ ਤੋਂ ਬਾਹਰ 5 ਅਣਅਧਿਕਾਰਤ ਕਲੋਨੀਆਂ ਢਾਹੀਆਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੰਜਾਬ ਸਰਕਾਰ ਵੱਲੋਂ ਅਣਅਧਿਕਾਰਤ ਕਲੋਨੀਆਂ 'ਤੇ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਹੁਸ਼ਿਆਰਪੁਰ ਰਾਹੁਲ ਚਾਬਾ ਦੀ ਅਗਵਾਈ ਹੇਠ ਜ਼ਿਲ੍ਹਾ ਨਗਰ ਯੋਜਨਾਕਾਰ, ਹੁਸ਼ਿਆਰਪੁਰ ਦੇ ਰੈਗੂਲੇਟਰੀ ਸਟਾਫ ਵੱਲੋਂ ਨਗਰ ਨਿਗਮ ਹੁਸ਼ਿਆਰਪੁਰ ਦੀ ਹੱਦ ਤੋਂ ਬਾਹਰ 5 ਅਣਅਧਿਕਾਰਤ ਕਲੋਨੀਆਂ ਨੂੰ ਢਾਹੁਣ ਦੀ ਕਾਰਵਾਈ ਕੀਤੀ ਗਈ। ਇਸ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਨਗਰ ਯੋਜਨਾਕਾਰ ਹੁਸ਼ਿਆਰਪੁਰ ਨਵਲ ਕਿਸ਼ੋਰ ਸ਼ਰਮਾ ਨੇ ਦੱਸਿਆ ਕਿ ਅੱਜ ਜਿਨ੍ਹਾਂ ਪੰਜ ਅਣ-ਅਧਿਕਾਰਤ ਕਲੋਨੀਆਂ ਵਿਰੁੱਧ ਕਾਰਵਾਈ ਕੀਤੀ ਗਈ, ਉਨ੍ਹਾਂ ਵਿਚ 2 ਪਿੰਡ ਚੌਹਾਲ, 1 ਪਿੰਡ ਸਟਿਆਣਾ, 1 ਪਿੰਡ ਮੱਛਰੀਵਾਲ ਅਤੇ 1 ਪਿੰਡ ਬੂਰੇ ਜੱਟਾਂ ਵਿੱਚ ਸੀ। ਇਸ ਤੋਂ ਇਲਾਵਾ ਪਿੰਡ ਚੌਹਾਲ ਦੀ ਅਣਅਧਿਕਾਰਤ ਕਲੋਨੀ ਵਿੱਚ ਚੱਲ ਰਹੀ ਇੱਕ ਅਣਅਧਿਕਾਰਤ ਉਸਾਰੀ ਨੂੰ ਵੀ ਢਾਹ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਅਣਅਧਿਕਾਰਤ ਕਲੋਨੀਆਂ ਵਿਰੁੱਧ ਅੱਗੇ ਵੀ ਕਾਰਵਾਈ ਜਾਰੀ ਰਹੇਗੀ। ਉਨ੍ਹਾਂ ਆਮ ਜਨਤਾ ਨੂੰ ਸੁਚੇਤ ਕੀਤਾ ਕਿ ਉਹ ਅਣਅਧਿਕਾਰਤ ਕਲੋਨੀਆਂ ਵਿਚ ਪਲਾਟ ਨਾ ਖਰੀਦਣ ਤਾਂ ਜੋ ਉਨ੍ਹਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋਵੇ ਅਤੇ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ।

## ਡਿਪਸ ਕਾਲਜ ਪੌਲੀਟੈਕਨਿਕ 'ਚ ਦਾਖਲੇ ਲਈ ਕਾਊਂਸਲਿੰਗ ਸੈੱਲ ਕਾਇਮ




**ਜਲੰਧਰ (ਇਕਬਾਲ ਸਿੰਘ ਉਭੀ)**- ਪੰਜਾਬ ਸਟੇਟ ਤਕਨੀਕੀ ਸਿੱਖਿਆ ਬੋਰਡ ਅਤੇ ਇੰਡਸਟਰੀਅਲ ਟ੍ਰੇਨਿੰਗ, ਚੰਡੀਗੜ੍ਹ ਨਾਲ ਮਾਨਤਾ ਪ੍ਰਾਪਤ ਡਿਪਸ ਪੌਲੀਟੈਕਨਿਕ ਕਾਲਜ, ਰਾੜਾ-ਮੋੜ ਵਿਖੇ ਵਿਦਿਆਰਥੀਆਂ ਲਈ ਗਾਈਡੈਂਸ ਅਤੇ ਕਾਊਂਸਲਿੰਗ ਸੈਲ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਜਗਜੀਤ ਸਿੰਘ ਨੇ ਦੱਸਿਆ ਕਿ ਕਾਊਂਸਲਿੰਗ ਸੈੱਲ ਦਾ ਮੁੱਖ ਉਦੇਸ਼ ਬੱਚਿਆਂ ਨੂੰ ਕਾਲਜ ਵਿਚ ਚੱਲ ਰਹੇ ਵੱਖ-ਵੱਖ ਕੋਰਸਾਂ ਅਤੇ ਉਨ੍ਹਾਂ ਦੇ ਦਾਖਲੇ ਸੰਬੰਧੀ ਜਾਣਕਾਰੀ ਤੋਂ ਜਾਣੂ ਕਰਵਾਉਣਾ ਹੈ ਤਾਂ ਜੋ ਬੱਚੇ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਆਪਣੀ ਉੱਚ ਸਿੱਖਿਆ ਪੂਰੀ ਕਰ ਸਕਣ। ਉਨ੍ਹਾ ਦੱਸਿਆ ਕਿ ਸੈੱਲ ਵਿੱਚ ਇੰਜਨੀਅਰ ਹਰਮੀਤ ਸਿੰਘ, ਇੰਜਨੀਅਰ ਬਲਵੀਰ ਸਿੰਘ ਦਾਖਲਾ ਕੋਆਰਡੀਨੇਟਰ, ਇੰਜਨੀਅਰ ਕਸ਼ਮੀਰ ਸਿੰਘ ਦਾਖਲਾ ਇੰਚਾਰਜ, ਰਮਨਵੀਰ ਕੌਰ ਗਾਈਡੈਂਸ ਅਤੇ ਸਲਾਹਕਾਰ ਵਜੋਂ ਆਪਣੀ ਭੂਮਿਕਾ ਨਿਭਾਅ ਰਹੇ ਹਨ। ਵਿਦਿਆਰਥੀ ਕਾਲਜ ਵਿੱਚ ਸਿਵਲ ਇੰਜੀਨੀਅਰਿੰਗ, ਇਲੈਕਟ੍ਰੋਨਿਕਸ ਅਤੇ ਸੰਚਾਰ ਇੰਜੀਨੀਅਰਿੰਗ (ਇੰਡਸਟਰੀ ਇੰਟੀਗ੍ਰੇਟਿਡ), ਇਲੈਕਟ੍ਰੀਕਲ ਇੰਜੀਨੀਅਰਿੰਗ, ਮਕੈਨੀਕਲ ਇੰਜੀਨੀਅਰਿੰਗ, ਕੰਪਿਊਟਰ ਸਾਇੰਸ ਅਤੇ ਇੰਜੀਨੀਅਰਿੰਗ, ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਡਿਪਲੋਮਾ ਦੇ ਨਾਲ ਦਾਖਲਾ ਲੈ ਸਕਦੇ ਹਨ। ਸਾਇੰਸ, ਗਣਿਤ, ਅੰਗਰੇਜ਼ੀ ਨਾਲ 10ਵੀਂ ਪਾਸ ਕਰਨ ਵਾਲੇ ਵਿਦਿਆਰਥੀ ਪਹਿਲੇ ਸਾਲ ਵਿਚ ਅਤੇ ਜਿਨ੍ਹਾਂ ਨੇ ਸਾਇੰਸ ਵਿਸ਼ੇ ਵਿਚ 12ਵੀਂ ਪਾਸ ਕੀਤੀ ਹੈ ਜਾਂ ਵੋਕੇਸ਼ਨਲ ਜਾਂ ਆਈ.ਟੀ.ਆਈ. ਪਾਸ ਕਰਨ ਵਾਲੇ ਦੂਸਰੇ ਸਾਲ ਵਿੱਚ ਦਾਖਲਾ ਲੈ ਸਕਦੇ ਹਨ। ਵਿਦਿਆਰਥੀਆਂ ਨੂੰ ਪ੍ਰੈਕਟੀਕਲ ਨਾਲੇਜ ਪ੍ਰਦਾਨ ਕਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰ ਅਤੇ ਉਦਯੋਗਿਕ ਸਿਖਲਾਈ ਦਾ ਆਯੋਜਨ ਕੀਤਾ ਜਾਂਦਾ ਹੈ। ਐਮ ਡੀ ਤਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਵਿਦਿਆਰਥੀਆਂ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ ਤਾਂ ਜੋ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਕਰੀਅਰ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਗੁਰੂ ਨਗਰੀ ਨੂੰ ਆਉਣ ਤੇ ਜਾਣ ਵਾਲੀਆਂ ਟਰੇਨਾਂ ਰੱਦ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਭਾਰੀ ਬਾਰਿਸ਼ ਦੇ ਚਲਦਿਆਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਣ ਤੇ ਜਾਣ ਵਾਲੀਆਂ ਸਾਰੀਆਂ ਟਰੇਨਾਂ ਰੱਦ ਕਰ ਦਿਤੀਆਂ ਗਈਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਰੇਲਵੇ ਸਟੇਸ਼ਨ ਦੇ ਇੰਚਾਰਜ ਦਲਜੀਤ ਸਿੰਘ ਨੇ ਦੱਸਿਆ ਕਿ ਭਾਰੀ ਬਰਸਾਤ ਕਾਰਨ ਇਥੋਂ ਜਾਣ ਤੇ ਆਉਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਰੱਦ ਕਰ ਦਿਤੀਆਂ ਗਈਆਂ ਹਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਰੋਜ਼ਾਨਾ 12 ਗੱਡੀਆਂ ਆਉਂਦੀਆਂ ਹਨ ਤੇ 12 ਹੀ ਇਥੋਂ ਜਾਂਦੀਆਂ ਹਨ। ਅੱਜ ਕੋਈ ਵੀ ਟਰੇਨ ਨਾ ਤਾਂ ਇੱਥੇ ਆਈ ਤੇ ਨਾ ਹੀ ਇਥੋਂ ਗਈ। ਜਨ ਸ਼ਤਾਬਦੀ ਜੋ ਕਿ ਸਵੇਰੇ 5.30 ਦੇ ਕਰੀਬ ਇਥੇ ਪੁੱਜਦੀ ਹੈ, ਉਹ ਵੀ ਸਰਹੰਦ ਰੋਕ ਦਿੱਤੀ ਗਈ। ਬਹੁਤੀ ਜਗ੍ਹਾ ਰੇਲ ਪਟੜੀਆਂ ਪਾਣੀ ਨਾਲ ਭਰ ਗਈਆਂ ਜਿਸ ਕਾਰਨ ਰੇਲ ਆਵਾਜਾਈ ਵਿੱਚ ਭਾਰੀ ਵਿਘਨ ਪਿਆ ਤੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣੇ ਕਰਨਾ ਪੈ ਰਿਹਾ ਹੈ।

# ਮਾਨ ਸਰਕਾਰ ਤੋਂ ਸੂਬੇ ਦਾ ਕੋਈ ਵੀ ਵਰਗ ਖੁਸ਼ ਨਹੀਂ : ਚੰਦੂਮਾਜਰਾ



**ਭਲਾਣ, (ਢਿੱਲੋਂ)**- ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਲੋਕ ਸਭਾ ਮੈਂਬਰ ਸ੍ਰੀ ਅਨੰਦਪੁਰ ਸਾਹਿਬ ਨੇ ਨੇੜਲੇ ਪਿੰਡ ਮਜਾਰੀ ਵਿਖੇ 'ਸੱਥ ਚਰਚਾ ਸਰਕਾਰ ਦੀ ਪੋਲ ਖੋਲ੍ਹ' ਪ੍ਰੋਗਰਾਮ ਮੌਕੇ ਵੱਡੀ ਗਿਣਤੀ ਵਿੱਚ ਆਏ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਹਰ ਫਰੰਟ 'ਤੇ ਫੇਲ੍ਹ ਭਗਵੰਤ ਮਾਨ ਸਰਕਾਰ ਤੋਂ ਸੂਬੇ ਦਾ ਕੋਈ ਵਰਗ ਵੀ ਖੁਸ਼ ਨਹੀਂ। ਉਨ੍ਹਾਂ ਕਿਹਾ ਕਿ ਜਿਹੜੇ ਆਪ ਆਗੂ ਵਿਧਾਨ ਸਭਾ ਚੋਣਾਂ ਸਮੇਂ ਬੋਲਦੇ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੇ ਪੰਜਾਬ ਵਿੱਚ ਕੋਈ ਵੀ ਧਰਨਾ ਨਹੀਂ ਲੱਗੇਗਾ, ਹੁਣ ਇਸ ਦੇ ਉਲਟ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਨੌਜਵਾਨ ਲੜਕੇ ਲੜਕੀਆਂ 'ਤੇ ਸਰਕਾਰ ਦੀ ਸ਼ਹਿ 'ਤੇ ਨਿੱਤ ਹੋ ਰਿਹਾ ਤਸ਼ੱਦਦ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਨਲਾਇਕੀ ਕਾਰਨ ਕੇਂਦਰ ਸਰਕਾਰ ਨੇ ਐਨ ਐਚ ਐਮ ਦਾ 800 ਕਰੋੜ ਰੁਪਿਆ ਰੋਕ ਲਿਆ ਹੈ। ਅੱਗੇ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ 700 ਕਰੋੜ ਦੇ ਇਸ਼ਤਿਹਾਰ ਦਿੱਤੇ ਜਾ ਰਹੇ ਹਨ ਜੋ ਕਿ ਪੰਜਾਬ ਦੇ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ 'ਤੇ ਸਿੱਧਾ ਡਾਕਾ ਹੈ। ਇਸ ਮੌਕੇ ਉਨ੍ਹਾਂ ਨਾਲ ਸੀਨੀਅਰ ਅਕਾਲੀ ਆਗੂ ਮਨਜਿੰਦਰ ਸਿੰਘ ਬਰਾੜ, ਕਮਲ ਸਿੰਘ ਮਜਾਰੀ, ਹਰਪ੍ਰੀਤ ਸਿੰਘ ਹੈਪੀ, ਸੁਰਿੰਦਰ ਸਿੰਘ ਮਟੌਰ, ਮਨਜੀਤ ਸਿੰਘ ਰਾਹੀ, ਰਘਵੀਰ ਸਿੰਘ ਬੇਲਾ ਸਾਬਕਾ ਸਰਪੰਚ, ਬਲਵਿੰਦਰ ਸਿੰਘ ਬਿੱਲਾ ਸਰਪੰਚ, ਹਰਦੇਵ ਸਿੰਘ ਐਲਗਰਾਂ, ਕਰਮ ਸਿੰਘ ਬੇਲਾ, ਜਥੇਦਾਰ ਮੋਹਨ ਸਿੰਘ ਢਾਹੇਂ, ਹਰਜੀਤ ਸਿੰਘ ਮਾਨ ਸਹਿਜੋਵਾਲ, ਅਮਰਜੀਤ ਸਿੰਘ ਸੰਗਤਪੁਰ, ਸਤਵਿੰਦਰ ਸਿੰਘ ਭੰਗਲ, ਗੁਰਮੀਤ ਸਿੰਘ ਮਜਾਰਾ, ਜਸਪਾਲ ਸਿੰਘ ਸੀ.ਓ ਗੋਹਲਨੀ, ਹਰਿੰਦਰ ਕੁਮਾਰ ਕੇਸੋ, ਦਿਲਬਾਗ ਸਿੰਘ ਸਨੋਲੀ ਆਦਿ ਅਤੇ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਅਕਾਲੀ ਦਲ ਵਰਕਰ ਹਾਜ਼ਰ ਸਨ।

# ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਪੁਰਬ ਭਲਕੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ

**ਮੁਹਾਲੀ (ਗੁਰਜੀਤ ਬਿੱਲਾ)** : ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ ਪੁਰਬ 11 ਜੁਲਾਈ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਸਿੰਘ ਸ਼ਹੀਦਾਂ, ਸੋਹਾਣਾ ਦੇ ਬੁਲਾਰੇ ਨੇ ਦੱਸਿਆ ਕਿ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਉਪਰੰਤ ਸਾਰਾ ਦਿਨ ਧਾਰਮਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ। ਇਸ ਧਾਰਮਕ ਸਮਾਗਮ ਵਿੱਚ ਭਾਈ ਅਜਮੇਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜਸਵੰਤ ਸਿੰਘ ਰਤਵਾੜਾ ਸਾਹਿਬ, ਸ਼੍ਰੋਮਣੀ ਪ੍ਰਚਾਰਕ ਭਾਈ ਸਤਨਾਮ ਸਿੰਘ ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ, ਭਾਈ ਮਹਿਤਾਬ ਸਿੰਘ ਦਾ ਇੰਟਰਨੈਸ਼ਨਲ ਢਾਡੀ ਜਥਾ, ਭਾਈ ਬਲਜਿੰਦਰ ਸਿੰਘ ਪਟਿਆਲਾ ਵਾਲੇ, ਭਾਈ ਆਇਆ ਸਿੰਘ, ਭਾਈ ਕੁਲਵਿੰਦਰ ਸਿੰਘ ਜੋਸ਼ੀਲਾ, ਭਾਈ ਦਿਲਬਾਗ ਸਿੰਘ, ਭਾਈ ਗੁਰਿੰਦਰ ਸਿੰਘ, ਭਾਈ ਓਂਕਾਰ ਸਿੰਘ, ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿਘ, ਭਾਈ ਇੰਦਰਜੀਤ ਸਿੰਘ, ਭਾਈ ਜਸਵਿੰਦਰ ਸਿੰਘ ਅਤੇ ਭਾਈ ਸੰਦੀਪ ਸਿੰਘ ਸੰਗਤਾਂ ਨੂੰ ਹਰਜੱਸ ਸੁਣਾ ਕੇ ਨਿਹਾਲ ਕਰਨਗੇ। ਗੁਰੂ ਕਾ ਲਗਰ ਅਟੁੱਟ ਵਰਤਾਇਆ ਜਾਵੇਗਾ। ਗੁ ਸਿੰਘ ਸ਼ਹੀਦਾਂ ਤੋਂ ਬੱਸਾਂ ਰਾਹੀਂ ਗੁਰਧਾਮਾਂ ਦੀ ਫਰੀ ਯਾਤਰਾ 11 ਜੁਲਾਈ ਨੂੰ ਸਵੇਰੇ 8:00 ਵਜੇ ਅਰੰਭ ਹੋਵੇਗੀ। ਇਹ ਯਾਤਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁ. ਸ੍ਰੀ ਪੰਜੋਖਰਾ ਸਾਹਿਬ ਅਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਵਾ ਕੇ ਦੇਰ ਰਾਤ ਗੁ. ਸਾਹਿਬ ਵਿਖੇ ਸਮਾਪਤ ਹੋਵੇਗੀ।

# ਪੁਲਸ ਤੇ ਬਦਮਾਸ਼ਾਂ 'ਚ ਮੁਕਾਬਲਾ, ਦੋ ਬਦਮਾਸ਼ਾਂ ਦੀਆਂ ਲੱਤਾਂ 'ਤੇ ਲੱਗੀਆਂ ਗੋਲੀਆਂ

**ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ )**- ਹੁਸ਼ਿਆਰਪੁਰ ਦੇ ਕਸਬਾ ਚੱਬੇਵਾਲ ਨੇੜਲੇ ਪਿੰਡ ਭੀਲੋਵਾਲ ਵਿੱਚ ਪੁਲਸ ਅਤੇ ਤਿੰਨ ਨੌਜਵਾਨਾਂ ਦਰਮਿਆਨ ਹੋਏ ਮੁਕਾਬਲੇ ਵਿੱਚ ਦੋ ਨੂੰ ਗੋਲੀ ਮਾਰ ਦਿੱਤੀ ਗਈ ਅਤੇ ਤੀਜੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮੌਕੇ ਤੋਂ ਐਸ ਪੀ ਡੀ ਸਰਬਜੀਤ ਬਾਹੀਆ ਅਤੇ ਡੀ ਐਸ ਪੀ ਦਲਜੀਤ ਸਿੰਘ ਖੱਖ ਨੇ ਦੱਸਿਆ ਕਿ ਅੱਜ ਸਵੇਰ ਤੋਂ ਹੀ ਪੁਲਸ ਨੇ ਭੀਲੋਵਾਲ ਦੇ ਆਸ-ਪਾਸ ਨਾਕਾਬੰਦੀ ਕੀਤੀ ਹੋਈ ਸੀ। ਬਦਮਾਸ਼ਾਂ ਨੂੰ ਕਿਸੇ ਮੁਖਬਰ ਨੇ ਪਹਿਲਾਂ ਹੀ ਦੱਸਿਆ ਹੋਇਆ ਸੀ ਕਿ ਪੁਲਸ ਉਸ ਦੀ ਪਿਛਲੇ ਕਰੀਬ ਇੱਕ ਮਹੀਨੇ ਤੋਂ ਭਾਲ ਕਰ ਰਹੀ ਸੀ ਅਤੇ ਉਹ ਚੱਬੇਵਾਲ ਦੀ ਦੁਕਾਨ 'ਤੇ ਗੋਲੀ ਚਲਾਉਣ ਅਤੇ ਉਕਤ ਦੁਕਾਨਦਾਰ ਦੇ ਘਰ ਗੋਲੀ ਚਲਾਉਣ, ਮਾਹਿਲਪੁਰ ਪੰਪ 'ਤੇ ਲੁੱਟ-ਖੋਹ ਕਰਨ ਸਮੇਤ ਹੋਰ ਕਈ ਵਾਰਦਾਤਾਂ ਵਿੱਚ ਸ਼ਾਮਲ ਸੀ ਅਤੇ ਪੁਲਿਸ ਉਸ ਨੂੰ ਲੱਭ ਰਹੀ ਸੀ। ਉਨ੍ਹਾਂ ਇਹ ਵੀ ਦੱਸਿਆ ਜਿਵੇਂ ਹੀ ਕਾਲੇ ਰੰਗ ਦੀ ਸਕਾਰਪੀਓ ਨੰਬਰ ਪੀ ਬੀ 10 ਬੀ ਕਿਊ 0451 ਉਕਤ ਸਥਾਨ 'ਤੇ ਪਹੁੰਚੀ ਤਾਂ ਤਿੰਨ ਨੌਜਵਾਨ ਬਾਹਰ ਆ ਗਏ ਅਤੇ ਪੁਲਸ ਨੂੰ ਦੇਖ ਕੇ ਉਨ੍ਹਾਂ ਨੇ ਕਰੀਬ ਅੱਠ ਤੋਂ ਨੌਂ ਰਾਊਂਡ ਫਾਇਰ ਕੀਤੇ। ਪੁਲਸ ਨੇ ਵੀ ਜਵਾਬੀ ਕਾਰਵਾਈ ਕੀਤੀ ਤੇ ਹੋਰ ਫੋਰਸ ਵੀ ਬੁਲਾ ਲਈ ਗਈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਵਿੱਚੋਂ ਮਨਰਾਜ ਸਿੰਘ ਪੁੱਤਰ ਰਣਵੀਰ ਸਿੰਘ ਵਾਸੀ ਚੱਬੇਵਾਲ ਅਤੇ ਨਵਜੋਤ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਗਿਆਨ ਦੀਆਂ ਲੱਤਾਂ 'ਤੇ ਗੋਲੀਆਂ ਲੱਗੀਆਂ ਹਨ, ਜਿਨ੍ਹਾਂ ਨੂੰ ਤੁਰੰਤ ਸਿਵਲ ਹਸਪਤਾਲ ਹੁਸ਼ਿਆਰਪੁਰ ਭੇਜ ਦਿੱਤਾ ਗਿਆ ਅਤੇ ਤੀਜੇ ਰਵਿੰਦਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਗਿਆਨ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ। ਉਨ੍ਹਾਂ ਨੇ ਦੱਸਿਆ ਕਿ ਉਕਤ ਦੋਸ਼ੀ ਚੱਬੇਵਾਲ 'ਚ ਸੰਦੇਸ਼ ਪਲਾਈਵੁੱਡ ਐਂਡ ਗਲਾਸ ਹਾਊਸ ਤੋਂ ਫਿਰੌਤੀ ਮੰਗਣ ਤੇ ਉਸ ਦੀ ਦੁਕਾਨ 'ਤੇ ਗੋਲੀ ਚਲਾਉਣ ਅਤੇ ਕੁਝ ਦਿਨਾਂ ਬਾਅਦ ਉਸ ਦੇ ਘਰ 'ਤੇ ਗੋਲੀ ਚਲਾਉਣ ਅਤੇ ਬੰਦੂਕ ਦੀ ਨੋਕ 'ਤੇ ਪੈਟਰੋਲ ਪੰਪ (ਹਰਿਆਣਾ ਅਤੇ ਮਾਹਿਲਪੁਰ) ਨੂੰ ਲੁੱਟਣ ਦੇ ਮਾਮਲੇ 'ਚ ਪੁਲਸ ਦੀ ਸੂਚੀ 'ਚ ਸ਼ਾਮਲ ਸੀ।

# ਜ਼ਿਲਾ ਸਾਈਕਲਿੰਗ ਐਸੋਸੀਏਸ਼ਨ ਦੀ ਮੀਟਿੰਗ, ਰਾਜੂ ਸਤਿਆਲ ਤੇ ਗੁਰਪ੍ਰੀਤ ਹੀਰਾ ਸਨਮਾਨਤ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਜ਼ਿਲ੍ਹਾ ਸਾਈਕਲਿੰਗ ਐਸੋਸੀਏਸ਼ਨ ਦੀ ਇੱਕ ਅਹਿਮ ਮੀਟਿੰਗ ਸਥਾਨਕ ਦਾਣਾ ਮੰਡੀ ਸਾਹਮਣੇ ਸੰਸਥਾ ਦੇ ਪ੍ਰਧਾਨ ਇੰਦਰਪਾਲ ਸਿੰਘ ਰਾਜੂ ਸਤਿਆਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਦੀ ਕਾਰਵਾਈ ਚਲਾਉਂਦੇ ਹੋਏ ਸੰਸਥਾ ਦੇ ਜਨਰਲ ਸਕੱਤਰ ਲੈਕਚਰਾਰ ਸੁਖਦੇਵ ਸਿੰਘ ਵੱਲੋਂ ਸੰਸਥਾ ਦੇ ਪ੍ਰਧਾਨ ਇੰਦਰਪਾਲ ਸਿੰਘ ਰਾਜੂ ਸਤਿਆਲ ਵੱਲੋਂ ਇੱਕ ਹਫਤਾ ਤੇ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਹੀਰਾ ਵੱਲੋਂ ਇੱਕ ਮਹੀਨੇ ਭਰ ਦੇ ਕਰੀਬ ਲੇਹ ਲੱਦਾਖ ਤੱਕ ਸਾਈਕਲ ਸਫਰ ਉਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ। ਪ੍ਰੈਸ ਸਕੱਤਰ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਕ੍ਰਮਵਾਰ ਰਾਜੂ ਸਤਿਆਲ ਤੇ ਗੁਰਪ੍ਰੀਤ ਹੀਰਾ ਨੇ ਇਨ੍ਹਾਂ ਸਫਰਾਂ ਦੇ ਤਜਰਬੇ ਹਾਜ਼ਰ ਮੈਂਬਰਾਂ ਨਾਲ ਸਾਂਝੇ ਕਰਦਿਆਂ ਦੱਸਿਆ ਕਿ ਕੁਦਰਤ ਦਾ ਅਸਲੀ ਸੁਹੱਪਣ ਮਾਣਨ ਲਈ, ਵਿਖਮ ਹਾਲਤਾਂ ਵਿੱਚ ਜੀਵਨ ਦੀ ਬਸਰ ਗੁਜ਼ਰ ਕਰਨ, ਭਾਰਤੀ ਫੌਜ ਦੀ ਸਖਤ ਡਿਊਟੀ, ਭਾਰਤੀ ਫੌਜ ਦੀਆਂ ਲਾਸਾਨੀ ਕੁਰਬਾਨੀਆਂ ਭਰੇ ਇਤਿਹਾਸ, ਮਾਨਵਤਾ ਨੂੰ ਪਿਆਰ ਕਰਨ ਵਾਲੇ ਕਸ਼ਮੀਰੀ, ਬੋਧੀ ਸੱਭਿਆਚਾਰ ਨੂੰ ਜਾਣਨ ਲਈ ਲੇਹ ਲੱਦਾਖ ਤੱਕ ਦਾ ਸਾਈਕਲ ਸਫਰ ਇੱਕ ਖੋਜ ਕਾਰਜ ਹੋ ਨਿੱਬੜਦਾ ਹੈ। ਪ੍ਰਧਾਨ ਇੰਦਰਪਾਲ ਸਿੰਘ ਰਾਜੂ ਸਤਿਆਲ ਨੇ ਕਿਹਾ ਕਿ ਇਸ ਸਫਰ ਦੌਰਾਨ ਉਹ ਯੂਥ ਹੋਸਟਲ ਦੇ ਮੈਂਬਰ ਸਾਥੀਆਂ ਵੱਲੋਂ ਮਿਲਿਆ ਸਨਮਾਨ ਉਨ੍ਹਾਂ ਲਈ ਉਮਰ ਭਰ ਦੀ ਨਿੱਘੀ ਯਾਦਗਾਰ ਹੈ। ਸੰਸਥਾ ਦੇ ਮੈਂਬਰ ਗੁਰਪ੍ਰੀਤ ਹੀਰਾ, ਧਰਮਿੰਦਰ ਭੰਗੂ ਇੰਟਰਨੈਸ਼ਨਲ ਯੂਥ ਹੋਸਟਲ ਐਸੋਸੀਏਸ਼ਨ ਆਫ ਇੰਡੀਆ ਦੇ ਕੁੱਲਵਕਤੀ ਮੈਂਬਰ ਹਨ। ਇਸ ਮੀਟਿੰਗ ਦੌਰਾਨ ਇਹ ਮਤਾ ਵੀ ਸਰਬਸੰਮਤੀ ਨਾਲ ਪਾਸ ਹੋਇਆ ਕਿ ਸਾਲ 2024 ਤੋਂ ਸੰਸਥਾ ਦੀ ਸਲਾਨਾ ਸਾਈਕਲ ਰਾਈਡ ਮੁੜ ਲਗਾਤਾਰ ਸ਼ੁਰੂ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਹਫਤਾਵਾਰੀ ਲੋਕਲ ਸਾਈਕਲ ਰਾਈਡ ਤੇ ਕੈਂਪਿੰਗ ਪ੍ਰੋਗਰਾਮ ਵੀ ਜਲਦ ਮੁੜ ਚਾਲੂ ਕੀਤੇ ਜਾਣਗੇ। ਲੇਹ ਤੱਕ ਸਾਈਕਲ ਸਫਰ ਕਰਕੇ ਸੰਸਥਾ ਦਾ ਝੰਡਾ ਦੇਸ਼ ਭਰ ਅੰਦਰ ਬੁਲੰਦ ਕਰਨ ਲਈ ਸਮੂਹ ਹਾਜ਼ਰ ਮੈਂਬਰਾਂ ਵੱਲੋਂ ਪ੍ਰਧਾਨ ਇੰਦਰਪਾਲ ਸਿੰਘ ਰਾਜੂ ਸਤਿਆਲ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਹੀਰਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੀਟਿੰਗ ਵਿੱਚ ਸੰਸਥਾ ਦੇ ਸਲਾਹਕਾਰ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ, ਹਰਪ੍ਰੀਤ ਸਿੰਘ ਮਾਵੀ, ਵਿੱਤ ਸਕੱਤਰ ਮਨਦੀਪ ਕੁਮਾਰ, ਲੈਕਚਰਾਰ ਜਗਤਾਰ ਸਿੰਘ ਫਿਰੋਜ਼ਪੁਰ, ਅਵਤਾਰ ਸਿੰਘ, ਸੁਖਵਿੰਦਰ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਸ਼ਹਿਰ 'ਚ ਥਾਂ-ਥਾਂ ਲੱਗੇ ਗੰਦਗੀ ਦੇ ਢੇਰਾਂ ਤੋਂ ਆਮ ਲੋਕ ਪ੍ਰੇਸ਼ਾਨ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**-ਨਗਰ ਕੌਂਸਲ ਹਲਕਾ ਗੜ੍ਹਸ਼ੰਕਰ 'ਚ ਜਿਥੇ ਸਾਫ ਸਫਾਈ ਦਾ ਬੁਰਾ ਹਾਲ ਹੈ। ਸ਼ਹਿਰ ਦੀਆਂ ਲੱਗਭੱਗ ਸਾਰੀਆਂ ਹੀ ਮੁੱਖ ਸੜਕਾਂ 'ਤੇ ਕੂੜੇ ਦੇ ਵੱਡੇ ਵੱਡੇ ਢੇਰ ਲੱਗੇ ਰਹਿੰਦੇ ਹਨ ਅਤੇ ਸ਼ਹਿਰ ਦੇ ਗੰਦੇ ਨਾਲਿਆਂ ਦੇ ਪਾਣੀ ਦਾ ਨਿਕਾਸ ਨਾ ਹੋਣ ਕਾਰਨ ਗੰਦੇ ਪਾਣੀ ਨਾਲ ਨਾਲੇ ਭਰੇ ਰਹਿੰਦੇ ਹਨ। ਇਨ੍ਹਾਂ ਦਿਨਾਂ ਵਿੱਚ ਜਿੱਥੇ ਜ਼ਿਆਦਾ ਬਾਰਿਸ਼ਾਂ ਹੋ ਰਹੀਆਂ ਹਨ, ਉੱਥੇ ਹੀ ਇਨ੍ਹਾਂ ਗੰਦਗੀ ਦੇ ਲੱਗੇ ਢੇਰਾਂ ਨਾਲ ਬਿਮਾਰੀਆ ਫੈਲਣ ਦਾ ਵੀ ਡਰ ਪੈਦਾ ਹੋ ਜਾਂਦਾ ਹੈ। ਜਿੱਥੇ ਇਨ੍ਹਾਂ ਸਮੱਸਿਆਵਾਂ ਨਾਲ ਆਮ ਲੋਕਾਂ ਦਾ ਜਿਊਣਾ ਮੁਸ਼ਕਲ ਹੋ ਰਿਹਾ ਹੈ ਉੱਥੇ ਹੀ ਸ਼ਹਿਰ ਦੇ ਕਈ ਵਾਰਡਾਂ ਦੀਆਂ ਗਲੀਆਂ ਵਿੱਚ ਪਾਣੀ ਦੀ ਸਹੀ ਨਿਕਾਸੀ ਨਾ ਹੋਣ ਕਾਰਨ ਹਰ ਸਮੇਂ ਪਾਣੀ ਖੜ੍ਹਾ ਰਹਿੰਦਾ ਹੈ ਪਰ ਆਮ ਲੋਕਾਂ ਦੇ ਦੱਸਣ ਮੁਤਾਬਕ ਪ੍ਰਸ਼ਾਸਨ ਵੱਲੋਂ ਇਸ ਪਾਸੇ ਵੱਲ ਖਾਸ ਧਿਆਨ ਨਹੀ ਦਿੱਤਾ ਜਾ ਰਿਹਾ। ਸ਼ਹਿਰ ਅੰਦਰ ਅਵਾਰਾ ਪਸ਼ੂਆਂ ਦੀ ਭਰਮਾਰ ਹੈ ਜਿਸ ਨਾਲ ਆਮ ਲੋਕ ਪਰੇਸ਼ਾਨ ਹਨ। ਸ਼ਹਿਰ ਵਾਸੀਆਂ ਦੀ ਪ੍ਰਸ਼ਾਸਨ ਤੋਂ ਮੰਗ ਹੈ ਕਿ ਸ਼ਹਿਰ ਦੀ ਸਾਫ ਸਫਾਈ ਦਾ ਖਾਸ ਧਿਆਨ ਰੱਖਿਆ ਜਾਵੇ ਅਤੇ ਗੰਦੇ ਨਾਲਿਆਂ ਦੀ ਸਾਫ ਸਫਾਈ ਕੀਤੀ ਜਾਵੇ ਅਤੇ ਪੁਰਾਣੀਆਂ ਗਲੀਆਂ ਨੂੰ ਨਵੇਂ ਸਿਰੇ ਤੋਂ ਬਣਾਇਆ ਜਾਵੇ ਅਤੇ ਸ਼ਹਿਰ ਅੰਦਰ ਘੁੰਮ ਰਹੇ ਅਵਾਰਾਂ ਪਸ਼ੂਆਂ ਦਾ ਪੱਕੇ ਤੌਰ 'ਤੇ ਪ੍ਰਬੰਧ ਕੀਤਾ ਜਾਵੇ।

# ਪੰਜਾਬ ਸਰਕਾਰ ਅਨੀਮੀਆ ਦੇ ਖਾਤਮੇ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕਰੇਗੀ : ਡਾ. ਬਲਜੀਤ ਕੌਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਸੂਬੇ ਵਿੱਚ ਪੋਸ਼ਣ ਅਭਿਆਨ ਤਹਿਤ ਕੁਪੋਸ਼ਣ ਅਤੇ ਅਨੀਮੀਆ ਦੇ ਖਾਤਮੇ ਲਈ 12 ਜੁਲਾਈ ਤੋਂ 12 ਅਗਸਤ, 2023 ਤੱਕ ਵਿਸ਼ੇਸ਼ ਜਾਗਰੂਕਤਾ ਮਹੀਨਾ ਮਨਾਉਣ ਜਾ ਰਹੀ ਹੈ। ਸਮਾਜਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪਹਿਲਾਂ ਹੀ ਅਨੀਮੀਆ ਨਾਲ ਲੜਨ ਲਈ ਹਰ ਬੁੱਧਵਾਰ ਨੂੰ ਆਂਗਣਵਾੜੀ ਕੇਂਦਰਾਂ ਵਿਖੇ ਅਨੀਮੀਆ ਦਿਵਸ ਮਨਾਇਆ ਜਾਂਦਾ ਹੈ।

ਇਹ ਔਰਤਾਂ, ਕਿਸ਼ੋਰ ਲੜਕੀਆਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਗਰਭਵਤੀ ਔਰਤਾਂ ਵਿੱਚ ਅਨੀਮੀਆ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਦਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਮੁਹਿੰਮ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ, ਸਿਹਤ ਵਿਭਾਗ ਨਾਲ ਮਿਲ ਕੇ ਪੌਸ਼ਟਿਕ ਪੂਰਕ ਮੁਹੱਈਆ ਕਰਵਾਉਣ ਅਤੇ ਮਿਆਰੀ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਪ੍ਰਣਾਲੀ ਦੀ ਸਮਰੱਥਾ ਨੂੰ ਮਜ਼ਬੂਤ ਕਰਨ 'ਤੇ ਕੇਂਦਰਿਤ ਹੋਵੇਗੀ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਮਾਜਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਅਤੇ ਰਾਸ਼ਟਰੀ ਬਾਲ ਸਿਹਤ ਕਾਰਜਕ੍ਰਮ (ਆਰ.ਬੀ.ਐੱਸ.ਕੇ.) ਦੇ ਸਹਿਯੋਗ ਨਾਲ ਲੋਕਾਂ ਨੂੰ ਅਨੀਮੀਆ ਦੀ ਰੋਕਥਾਮ ਅਤੇ ਇਲਾਜ ਬਾਰੇ ਜਾਗਰੂਕ ਕਰਨ ਲਈ ਨਿਯਮਿਤ ਤੌਰ 'ਤੇ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਮੰਤਰੀ ਨੇ ਦੱਸਿਆ ਕਿ ਮੁਹਿੰਮ ਦੌਰਾਨ ਵਿਭਾਗ ਲੋਕਾਂ ਨੂੰ ਅਨੀਮੀਆ ਦੇ ਲੱਛਣਾਂ, ਕਾਰਨਾਂ, ਨਤੀਜਿਆਂ ਅਤੇ ਸਮੇਂ ਸਿਰ ਡਾਕਟਰੀ ਦੇਖਭਾਲ ਦੀ ਮਹੱਤਤਾ ਅਤੇ ਟੀਚੇ ਬਾਰੇ ਜਾਗਰੂਕ ਕਰਨ ਲਈ ਆਂਗਣਵਾੜੀ ਕੇਂਦਰਾਂ ਅਤੇ ਮੁਹੱਲਾ ਕਲੀਨਿਕਾਂ ਵਿੱਚ ਸਿਹਤ ਕੈਂਪ, ਰੈਲੀਆਂ ਅਤੇ ਹੋਰ ਸਮਾਗਮਾਂ ਦਾ ਆਯੋਜਨ ਕਰੇਗਾ। ਇਸ ਮੁਹਿੰਮ ਦਾ ਉਦੇਸ਼ ਮੌਜੂਦਾ ਵਿੱਤੀ ਸਾਲ ਵਿੱਚ ਅਨੀਮੀਆ ਨੂੰ 2% ਤੱਕ ਘਟਾਉਣਾ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਨੀਮੀਆ ਇੱਕ ਅਜਿਹੀ ਸਥਿਤੀ ਹੈ ਜੋ ਖ਼ੂਨ ਵਿੱਚ ਲਾਲ ਰਕਤਾਣੂਆਂ ਜਾਂ ਹੀਮੋਗਲੋਬਿਨ ਦੀ ਘਾਟ ਕਾਰਨ ਹੁੰਦੀ ਹੈ, ਜਿਸ ਨਾਲ ਕਮਜ਼ੋਰੀ, ਥਕਾਵਟ ਅਤੇ ਹੋਰ ਸਿਹਤ ਸੰਬੰਧੀ ਸਮੱਸਿਆਵਾਂ ਹੁੰਦੀਆਂ ਹਨ। ਇਸ ਤੋਂ ਇਲਾਵਾ ਸਮਾਜਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਨਿਰਦੇਸ਼ਕ ਮਾਧਵੀ ਕਟਾਰੀਆ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਮੁਹਿੰਮ ਦੌਰਾਨ ਕੀਤੀਆਂ ਜਾਣ ਵਾਲੀਆਂ ਸੁਝਾਈਆਂ ਗਤੀਵਿਧੀਆਂ ਦੀ ਸੂਚੀ ਵੀ ਦਿੱਤੀ ਹੈ।

ਡਿਪਟੀ ਕਮਿਸ਼ਨਰ ਅਨੀਮੀਆ ਦੇ ਖਾਤਮੇ ਲਈ ਮਾਪਿਆਂ, ਅਧਿਆਪਕਾਂ, ਸਿਹਤ ਕਰਮਚਾਰੀਆਂ ਅਤੇ ਸਮਾਜਕ ਆਗੂਆਂ ਸਮੇਤ ਸਾਰੇ ਹਿੱਸੇਦਾਰਾਂ ਦੇ ਮੇਲ ਨੂੰ ਯਕੀਨੀ ਬਣਾਉਣਗੇ।

# ਜਲੰਧਰ 'ਚ ਪਹਿਲੀ 'ਜਨ ਮਾਲ ਲੋਕ ਅਦਾਲਤ' ਦੀ ਸ਼ੁਰੂਆਤ, 816 ਇੰਤਕਾਲ ਕੇਸਾਂ ਦਾ ਮੌਕੇ 'ਤੇ ਫੈਸਲਾ

**ਜਲੰਧਰ, (ਸੁਰਿੰਦਰ ਕੁਮਾਰ)**- ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਮਾਲ ਵਿਭਾਗ ਨਾਲ ਸੰਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਨਿਪਟਾਰਾ ਕਰਨ ਲਈ ਅੱਜ ਜਲੰਧਰ ਤੋਂ ਪਹਿਲੀ ਜਨ ਮਾਲ ਲੋਕ ਅਦਾਲਤ ਦੀ ਸ਼ੁਰੂਆਤ ਕੀਤੀ, ਜਿਸ ਵਿੱਚ 1500 ਤੋਂ ਵੱਧ ਲੋਕਾਂ ਨੇ ਭਾਗ ਲਿਆ। ਇਸ ਜਨ ਮਾਲ ਲੋਕ ਅਦਾਲਤ ਦੌਰਾਨ 816 ਇੰਤਕਾਲ ਕੇਸਾਂ ਦਾ ਮੌਕੇ 'ਤੇ ਫੈਸਲਾ ਕੀਤਾ ਗਿਆ ਅਤੇ 90 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਦੇ ਜਲਦ ਨਿਬੇੜੇ ਲਈ ਮਾਲ ਮੰਤਰੀ ਵੱਲੋਂ ਸੰਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਾਲ ਮੰਤਰੀ ਜਿੰਪਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਨੂੰ ਨਿਰਵਿਘਨ ਅਤੇ ਸਮਾਂਬੱਧ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਲਈ ਨਵੀਆਂ ਪਹਿਲਕਦਮੀਆਂ ਕੀਤੀਆਂ ਹਨ। ਉਨ੍ਹਾਂ ਕਿਹਾ ਕਿ 'ਸਰਕਾਰ ਤੁਹਾਡੇ ਦੁਆਰ' ਪਹਿਲਕਦਮੀ ਸਰਕਾਰ ਦੀਆਂ ਤਰਜੀਹਾਂ ਨੂੰ ਦਰਸਾਉਂਦੀ ਹੈ, ਜਿਸ ਤਹਿਤ ਸਰਕਾਰ ਵੱਲੋਂ ਹਰ ਪੱਧਰ 'ਤੇ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਸ ਮੌਕੇ ਮਾਲ ਮੰਤਰੀ ਦੇ ਨਾਲ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ, ਵਿਧਾਇਕ ਸੀਤਲ ਅੰਗੁਰਾਲ, ਵਿਧਾਇਕ ਰਮਨ ਅਰੋੜਾ, ਸਪੈਸ਼ਲ ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ ਮੌਜੂਦ ਸਨ। ਜਿੰਪਾ ਨੇ ਦੱਸਿਆ ਕਿ ਸੂਬੇ ਵਿੱਚ ਜਨ ਮਾਲ ਲੋਕ ਅਦਾਲਤ ਲਗਾਉਣ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਮਾਲ ਵਿਭਾਗ ਨਾਲ ਸੰਬੰਧਤ ਲੋਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਜਾ ਰਿਹਾ ਹੈ। ਅੱਜ ਦੀ ਇਸ ਜਨ ਮਾਲ ਲੋਕ ਅਦਾਲਤ ਅਧੀਨ ਸਬ ਡਵੀਜ਼ਨ ਵਾਰ ਕਾਊਂਟਰ ਸਥਾਪਤ ਕੀਤੇ ਗਏ ਹਨ, ਜਿੱਥੇ ਬਿਨੈਕਾਰਾਂ ਨੇ ਆਪਣੀਆਂ ਬਕਾਇਆ ਦਰਖਾਸਤਾਂ ਦੇ ਨਿਪਟਾਰੇ ਲਈ ਪਹੁੰਚ ਕੀਤੀ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਇੱਕ ਹੋਰ ਨਿਵੇਕਲੀ ਪਹਿਲਕਦਮੀ ਤਹਿਤ ਸੂਬੇ ਵਿੱਚ ਵਟਸਐਪ ਹੈਲਪਲਾਈਨ ਵੀ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਲੋਕ ਹੈਲਪਲਾਈਨ ਨੰਬਰ 'ਤੇ ਮਾਲ ਵਿਭਾਗ ਨਾਲ ਸੰਬੰਧਤ ਆਪਣੀਆਂ ਸ਼ਿਕਾਇਤਾਂ ਭੇਜ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇਸ ਵਟਸਐਪ ਹੈਲਪਲਾਈਨ ਰਾਹੀਂ 1400 ਦੇ ਕਰੀਬ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 500 ਤੋਂ ਵੱਧ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ ਜਦਕਿ ਬਾਕੀ ਸ਼ਿਕਾਇਤਾਂ ਪ੍ਰਕਿਰਿਆ ਅਧੀਨ ਹਨ। ਹੋਰ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਅੱਜ ਦੀ ਜਨ ਮਾਲ ਲੋਕ ਅਦਾਲਤ ਵਿੱਚ ਮਾਲ ਅਧਿਕਾਰੀਆਂ ਵੱਲੋਂ 816 ਇੰਤਕਾਲ ਕੇਸਾਂ ਦੇ ਫੈਸਲੇ ਕੀਤੇ ਗਏ ਹਨ, ਜਿਨ੍ਹਾਂ ਵਿੱਚ ਝਗੜੇ ਵਾਲੇ, ਝਗੜਾ ਰਹਿਤ, ਵਿਰਾਸਤ, ਤਬਾਦਲੇ ਸੰਬੰਧੀ ਇੰਤਕਾਲ ਸ਼ਾਮਲ ਹਨ ਜਦਕਿ ਕੁੱਲ 90 ਨਵੀਆਂ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੇ ਜਲਦ ਨਿਪਟਾਰੇ ਲਈ ਸੰਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਮਾਲ ਮੰਤਰੀ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅਧਿਕਾਰੀਆਂ/ਕਰਮਚਾਰੀਆਂ ਨੂੰ ਹਰ ਕਿਸਮ ਦੇ ਕੇਸਾਂ ਖਾਸ ਕਰ ਤਕਸੀਮ ਅਤੇ ਇੰਤਕਾਲ ਦੇ ਕੇਸਾਂ ਦੇ ਜਲਦ ਨਿਪਟਾਰੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਮਾਲ ਵਿਭਾਗ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ, ਇਸ ਲਈ ਸੂਬਾ ਸਰਕਾਰ ਵੱਲੋਂ ਲੋਕਾਂ ਦੀਆਂ ਸ਼ਿਕਾਇਤਾਂ ਦੇ ਸੰਬੰਧ ਵਿੱਚ ਵਿਭਾਗ ਨੂੰ ਹੋਰ ਜਵਾਬਦੇਹ ਅਤੇ ਸੁਚਾਰੂ ਬਣਾਉਣ ਲਈ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਮਹਾਜਨ, ਐਸ.ਡੀ.ਐਮਜ਼ ਵਿਕਾਸ ਹੀਰਾ, ਬਲਬੀਰ ਰਾਜ ਸਿੰਘ, ਅਮਨਪਾਲ ਸਿੰਘ ਅਤੇ ਰਿਸ਼ਬ ਬਾਂਸਲ, ਜ਼ਿਲ੍ਹਾ ਮਾਲ ਅਫਸਰ ਮਨਦੀਪ ਸਿੰਘ ਮਾਨ, ਆਪ ਆਗੂ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਜੀਤ ਲਾਲ ਭੱਟੀ ਆਦਿ ਵੀ ਮੌਜੂਦ ਸਨ।

CMYK

10-July-PAGE-9.qxd 7/9/2023 8:43 PM Page 1



## ਭਗੌੜਾ ਗ੍ਰਿਫਤਾਰ



**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਥਾਣਾ ਮੇਹਟੀਆਣਾ ਪੁਲਸ ਨੇਅਦਾਲਤ ਤੋਂ ਭਗੌੜਾ ਦੋਸ਼ੀ ਗ੍ਰਿਫਤਾਰ ਕੀਤਾ ਹੈ। ਅਡੀਸ਼ਨਲ ਐਸ ਐਚ ਓ ਐਸ ਆਈ ਜਗਜੀਤ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਕਰ ਰਹੀ ਸੀ, ਤਾਂ ਇਕ ਮੁਖਬਰ ਵੱਲੋਂ ਮਿਲੀ ਇਤਲਾਹ 'ਤੇ ਪਤਾ ਲੱਗਾ ਕਿ ਹੁਸ਼ਿਆਰਪੁਰ ਜੇ ਐਮ ਆਈ ਸੀ ਦੀ ਅਦਾਲਤ 'ਚ, 14/06 /2023 ਤੋਂ ਦੋ ਕੇਸਾਂ ਧਾਰਾ 138 ਦਾ ਭਗੌੜਾ ਪਵਨ ਲੁਬਾਨਾ ਪੁੱਤਰ ਪੋਲੂ ਰਾਮ ਵਾਸੀ ਪਿੰਡ ਅਹਿਰਾਨਾ ਕਲਾਂ ਥਾਣਾ ਮੇਹਟੀਆਣਾ ਪੁਰਹੀਰਾਂ ਬਾਈਪਾਸ 'ਤੇ ਘੁੰਮ ਰਿਹਾ ਹੈ, ਜਿਸਨੂੰ ਪੁਲਿਸ ਪਾਰਟੀ ਨੇ ਪਹੁੰਚ ਕੇ ਮੌਕੇ ਤੋਂ ਗ੍ਰਿਫਤਾਰ ਕਰ ਲਿਆ ਤੇ ਅਦਾਲਤ 'ਚ ਪੇਸ਼ ਕਰ ਦਿੱਤਾ।

## ਮੁਫਤ ਸਟੱਡੀ ਸੈਂਟਰ ਦਾ ਬਲਕਾਰ ਸਿੰਘ ਨੇ ਕੀਤਾ ਉਦਘਾਟਨ



**ਅਲਾਵਲਪੁਰ ( ਮਦਨ ਬੰਗੜ)** ਸੰਤ ਜਗੀਰ ਸਿੰਘ ਚੇਅਰਮੈਨ ਸਰਬੱਤ ਭਲਾ ਚੈਰੀਟੇਬਲ ਸੁਸਾਇਟੀ ਰਜਿ ਯੂਕੇ ਭਾਰਤ ਵੱਲੋਂ ਆਪਣੇ ਸਮਾਜ ਭਲਾਈ ਦੇ ਕਾਰਜਾਂ ਵਿੱਚ ਵਾਧਾ ਕਰਦੇ ਹੋਏ ਪਿੰਡ ਜੰਡੂ ਸਿੰਘਾ ਵਿਖੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ, ਅਰਦਾਸ ਉਪਰੰਤ ਮੁਫਤ ਸਟੱਡੀ ਸੈਂਟਰ ਸੰਤ ਸੁੰਦਰ ਦਾਸ ਜੀ ਦੀ ਯਾਦ ਵਿੱਚ ਬਲਕਾਰ ਸਿੰਘ ਕੈਬਨਿਟ ਮੰਤਰੀ ਅਤੇ ਬਾਬਾ ਜੀ ਵੱਲੋਂ ਸਾਂਝੇ ਤੌਰ 'ਤੇ ਸਟੱਡੀ ਸੈਂਟਰ ਦਾ ਉਦਘਾਟਨ ਕੀਤਾ ਗਿਆ। ਇਸ ਬਿਲਡਿੰਗ ਦੀ ਸੇਵਾ ਗੁਰਨਾਮ ਸਿੰਘ ਦੇ ਸਮੂਹ ਪਰਵਾਰ ਵੱਲੋਂ ਕੀਤੀ ਗਈ। ਸਟੱਡੀ ਸੈਂਟਰ ਦੇ ਉਦਘਾਟਨ ਮੌਕੇ ਬਲਕਾਰ ਸਿੰਘ ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਮਹਾਂਪੁਰਖਾਂ ਵੱਲੋਂ ਲੋੜਵੰਦ ਲੋਕਾਂ ਦੀ ਸਿਖਿਆ ਤੇ ਸਮਾਜਿਕ ਕੰਮਾਂ ਵਿੱਚ ਮਦਦ ਕਰਨਾ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ 'ਤੇ ਬੀਰ ਚੰਦ ਸੁਰੀਲਾ, ਕੋਆਰਡੀਨੇਟਰ ਹਲਕਾ ਕਰਤਾਰਪੁਰ, ਡਾਕਟਰ ਪ੍ਰਤਾਪ ਸਿੰਘ,ਰਾਮ ਸਰੂਪ, ਅਸ਼ੋਕ ਝੱਮਟ, ਮਨੋਜ ਬੈਂਸ, ਡਾ. ਦੇਸ ਪਾਲ,ਸਰਵਣ ਸਿੰਘ,ਰਾਮ ਸਿੰਘ ਬੱਧਣ, ਚੋਪੜਾ ਜੰਡੂਸਿੰਘਾ, ਸਰਪੰਚ ਰਣਜੀਤ ਸਿੰਘ ਸੇਖੇ, ਸਰਪੰਚ ਪਤੀ ਮੱਘਰ ਸਿੰਘ,ਗਿਆਨ ਚੰਦ ਸਰਕਲ ਇੰਚਾਰਜ, ਜਸਵਿੰਦਰ ਸਿੰਘ ਸਰਕਲ ਇੰਚਾਰਜ, ਬਲਰਾਜ ਸਿੰਘ, ਅਵਤਾਰ ਸਿੰਘ,ਮੋਹਣ ਸਿੰਘ ਸਾਬਕਾ ਸਰਪੰਚ, ਗੁਰਦਿਆਲ ਭੱਟੀ, ਜਸਵਿੰਦਰ ਬੱਲ, ਅਮਨਦੀਪ ਸਿੰਘ,ਡਾ. ਦਰਸ਼ਨ ਸਿੰਘ, ਸਾਈਂ ਦਲਵੀਰ ਸ਼ਾਹ, ਜੋਗਿੰਦਰ ਪਾਲ ਸ਼ਰਮਾ,ਰਹਿਮਤ ਅਲੀ,ਮਦਨ ਲਾਲ,ਚੇਤ ਰਾਮ, ਲੰਬਰਦਾਰ ਗੋਲਡੀ,ਡਾ. ਬਲਜੀਤ ਸਿੰਘ, ਭੁਪਿੰਦਰ ਸਿੰਘ, ਰਸ਼ਪਾਲ ਸਿੰਘ, ਸੰਦੀਪ ਕੌਰ, ਦਲਵੀਰ ਕੌਰ,ਲੈਹਬਰ ਰਾਮ,ਗੁਰਦੇਵ ਸਿੰਘ ਆਦਿ ਹਾਜਰ ਸਨ।

## ਪਹਿਲੇ ਮੀਂਹ ਕਾਰਨ ਘਰਾਂ 'ਚ ਵੜਿਆ ਟੋਭੇ ਦਾ ਗੰਦਾ ਪਾਣੀ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**- ਪਿੰਡ ਓਇੰਦ ਦੇ ਵਾਸੀਆਂ ਗੁਰਜਿੰਦਰ ਸਿੰਘ ਸੋਨੀ, ਗੁਰਚਰਨ ਸਿੰਘ ਘੋਲਾ, ਪ੍ਰੇਮ ਸਿੰਘ, ਰਾਜੂ ਸਿੰਘ, ਸੁਖਦੇਵ ਸਿੰਘ, ਪੱਪੂ ਸਿੰਘ ਆਦਿ ਨੇ ਦੱਸਿਆ ਕਿ ਪਹਿਲੀ ਬਾਰਿਸ਼ ਪੈਣ ਨਾਲ ਹੀ ਸਾਡੇ ਘਰਾਂ ਵਿੱਚ ਟੋਭੇ ਦਾ ਗੰਦਾ ਪਾਣੀ ਆ ਗਿਆ ਜਿਸ ਨਾਲ ਸਾਡਾ ਜਿਊਣਾ ਮੁਸ਼ਕਲ ਹੋਇਆ ਪਿਆ ਹੈ। ਬਿਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ ਤੇ ਘਰਾਂ ਵਿੱਚ ਸੱਪ ਸਪੋਲੀਏ ਆਉਣ ਦਾ ਡਰ ਹੈ। ਸਰਕਾਰੀ ਮਿਡਲ ਸਕੂਲ 'ਚ ਵਿਦਿਆਰਥੀਆਂ ਦਾ ਪੜ੍ਹਨ ਜਾਣਾ ਵੀ ਮੁਸ਼ਕਲ ਹੋ ਗਿਆ ਹੈ। ਇਸ ਸੰਬੰਧੀ ਪ੍ਰਸ਼ਾਸਨ ਵੱਲੋਂ ਬੀ ਡੀ ਪੀ ਓ ਮੋਰਿੰਡਾ ਮੌਕਾ ਵੇਖਣ ਭੇਜੇ ਗਏ ਸਨ ਪਰੰਤੂ ਉਹ ਵੀ ਸਿਰਫ ਖਾਨਾਪੂਰਤੀ ਕਰ ਕੇ ਚਲੇ ਗਏ, ਕੋਈ ਸਮੱਸਿਆ ਦਾ ਹੱਲ ਨਹੀਂ ਹੋਇਆ। ਉਪਰੋਕਤ ਪੀੜਤ ਪਰਵਾਰਾਂ ਨੇ ਦੱਸਿਆ ਕਿ ਕੁਝ ਕਿਸਾਨਾਂ ਨੇ ਆਪਣੀਆਂ ਫਸਲਾਂ ਬਚਾਉਣ ਲਈ ਵੱਡੀਆਂ ਵੱਡੀਆਂ ਖੰਦਕਾਂ ਲਗਾ ਦਿੱਤੀਆਂ ਹਨ ਜਿਸ ਕਾਰਨ ਟੋਭੇ ਦੇ ਗੰਦੇ ਪਾਣੀ ਦਾ ਓਵਰਫਲੋ ਰੁਕ ਗਿਆ ਤੇ ਸਾਡੇ ਘਰਾਂ ਵਿੱਚ ਗੰਦਾ ਪਾਣੀ ਵੜ ਗਿਆ। ਉਨ੍ਹਾ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਕੋਈ ਹੱਲ ਕੀਤਾ ਜਾਵੇ।

## ਸਿਵਲ ਹਸਪਤਾਲ ਦੇ ਮੇਨ ਗੇਟ ਅੱਗੇ ਮੀਂਹ ਦੇ ਪਾਣੀ ਨੇ ਧਾਰਿਆ ਛੱਪੜ ਦਾ ਰੂਪ



**ਗੜ੍ਹਸ਼ੰਕਰ(ਫੂਲਾ ਸਿੰਘ ਬੀਰਮਪੁਰ)**-ਸ਼ਹਿਰ ਦੇ ਸਥਾਨਕ ਸਿਵਲ ਹਸਪਤਾਲ ਦੇ ਮੇਨ ਗੇਟ ਅੱਗੇ ਮੀਂਹ ਦੇ ਪਾਣੀ ਨੇ ਛੱਪੜ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਨਾਲ ਹਸਪਤਾਲ ਆ ਰਹੇ ਆਮ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਮੀਂਹ ਦੇ ਪਾਣੀ ਦੀ ਸਹੀ ਢੰਗ ਨਾਲ ਨਿਕਾਸੀ ਨਾ ਹੋਣ ਕਾਰਨ ਅਤੇ ਗੰਦੇ ਨਾਲਿਆਂ ਦੀ ਸਾਫ ਸਫਾਈ ਨਾ ਹੋਣ ਕਾਰਨ ਅਕਸਰ ਮੀਂਹ ਦਾ ਪਾਣੀ ਇੱਥੇ ਛੱਪੜ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਨਾਲ ਮਰੀਜ਼ਾਂ ਦੇ ਨਾਲ ਨਾਲ ਆਮ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਸਥਾਨਕ ਲੋਕਾਂ ਦੇ ਦੱਸਣ ਮੁਤਾਬਕ ਸ਼ਹਿਰ ਦੇ ਵਿਕਾਸ ਲਈ ਹਰ ਸਾਲ ਗ੍ਰਾਂਟਾਂ ਜਾਰੀ ਹੁੰਦੀਆਂ ਹਨ ਪਰ ਸਿਵਲ ਹਸਪਤਾਲ ਦੇ ਅੱਗੇ ਮੀਂਹ ਦਾ ਪਾਣੀ ਪਿਛਲੇ ਸਮੇਂ ਤੋਂ ਹੀ ਖੜ੍ਹਦਾ ਆ ਰਿਹਾ ਹੈ ਜਿਸ ਦਾ ਪ੍ਰਸ਼ਾਸਨ ਵੱਲੋਂ ਕੋਈ ਢੁੱਕਵਾਂ ਪ੍ਰਬੰਧ ਨਹੀ ਕੀਤਾ ਗਿਆ। ਲੋਕਾਂ ਦੀ ਪ੍ਰਸ਼ਾਸਨ ਕੋਲੋਂ ਮੰਗ ਹੈ ਕਿ ਇਸ ਸਮੱਸਿਆ ਦਾ ਪੱਕੇ ਤੌਰ 'ਤੇ ਹੱਲ ਕੀਤਾ ਜਾਵੇ ਤਾਂ ਜੋ ਸਿਵਲ ਹਸਪਤਾਲ ਆਉਣ ਵਾਲੇ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਨਾ ਆਵੇ।

## ਸਿਹਤ ਵਿਭਾਗ ਦੀ ਟੀਮ ਵੱਲੋਂ ਮਲੇਰੀਆ ਤੇ ਡੇਂਗੂ ਸੰਬੰਧੀ ਕੀਤਾ ਜਾਗਰੂਕ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**- ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਬਲਾਕ ਚਮਕੌਰ ਸਾਹਿਬ ਸਿਹਤ ਵਿਭਾਗ ਦੀ ਟੀਮ ਵੱਲੋਂ ਪਿੰਡ ਸੁਰਤਾਪੁਰ ਮੰਡ ਵਿਖੇ ਮਲੇਰੀਆ ਤੇ ਡੇਂਗੂ ਸੰਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਸਲਾਈਡਾਂ ਬਣਾਈਆਂ ਗਈਆਂ। ਇਸ ਮੌਕੇ ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਡੇਂਗੂ ਦੀ ਬਿਮਾਰੀ ਨੂੰ ਰੋਕਣ ਲਈ ਸਾਨੂੰ ਆਪ ਪਹਿਲਾਂ ਯਤਨ ਕਰਨੇ ਪੈਣਗੇ ਜਿਸ ਲਈ ਸਾਨੂੰ ਉਨ੍ਹਾਂ ਥਾਂਵਾਂ ਦੀ ਸ਼ਨਾਖ਼ਤ ਕਰਕੇ ਜਿਥੇ ਪਾਣੀ ਇਕੱਠਾ ਹੁੰਦਾ ਹੈ ਉਥੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਤੇ ਖੜ੍ਹੇ ਪਾਣੀ ਦਾ ਜੇਕਰ ਕੋਈ ਹੱਲ ਨਾ ਹੋਵੇ ਤਾਂ ਉਥੇ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ, ਕਿਉਂਕਿ ਸਾਫ ਪਾਣੀ ਜਿਨ੍ਹਾਂ ਥਾਂਵਾਂ 'ਤੇ ਖੜ੍ਹਾ ਹੋਵੇਗਾ ਉਥੇ ਡੇਂਗੂ ਦੇ ਮੱਛਰ ਦਾ ਲਾਰਵਾ ਪੈਦਾ ਹੁੰਦਾ ਹੈ। ਇਸ ਮੌਕੇ ਲਖਵੀਰ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਕਿਹਾ ਕਿ ਜੇਕਰ ਕਿਸੇ ਵਿਅਕਤੀ ਨੂੰ ਤੇਜ਼ ਸਿਰਦਰਦ ਤੇ ਤੇਜ਼ ਬੁਖਾਰ ਹੋਵੇ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ ਹੋਵੇ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ ਲੱਗਣਾ, ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖੂਨ ਵਗਣਾ ਆਦਿ ਲੱਛਣ ਹੋਣ ਤਾਂ ਇਹ ਡੇਂਗੂ ਦੇ ਲੱਛਣ ਹੋ ਸਕਦੇ ਹਨ। ਇਸ ਲਈ ਸਰਕਾਰੀ ਹਸਪਤਾਲ ਵਿੱਚ ਜਾ ਕੇ ਡਾਕਟਰ ਤੋਂ ਆਪਣਾ ਮੁਆਇਨਾ ਕਰਵਾ ਕੇ ਟੈਸਟ ਕਰਵਾਉਣਾ ਚਾਹੀਦਾ ਹੈ। ਡੇਂਗੂ ਦਾ ਟੈਸਟ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲ ਵਿੱਚ ਮਾਈਕਰੋਬਾਇਓਲਾਜੀ ਲੈਬ ਵਿੱਚ ਕੀਤਾ ਜਾਂਦਾ ਹੈ ਅਤੇ ਡੇਂਗੂ ਦੀ ਪੁਸ਼ਟੀ ਹੋਣ 'ਤੇ ਮਰੀਜ਼ ਦਾ ਇਲਾਜ ਸ਼ੁਰੂ ਕੀਤਾ ਜਾਂਦਾ ਹੈ। ਡੇਂਗੂ ਬੁਖਾਰ ਵਿੱਚ ਆਪਣੀ ਮਰਜ਼ੀ ਨਾਲ ਦਵਾਈਆਂ ਦਾ ਇਸਤੇਮਾਲ ਨਾ ਕੀਤਾ ਜਾਵੇ ਅਤੇ ਬੁਖਾਰ ਹੋਣ 'ਤੇ ਪੈਰਾਸਿਟਾਮੋਲ ਗੋਲੀ ਦੀ ਵਰਤੋਂ ਕੀਤੀ ਜਾਵੇ ਅਤੇ ਡਾਕਟਰੀ ਮੁਆਇਨਾ ਜ਼ਰੂਰ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਤੇ ਅਮਰੀਕ ਸਿੰਘ ਮਲਟੀਪਰਪਜ਼ ਹੈਲਥ ਵਰਕਰ ਨੇ ਕਿਹਾ ਮਲੇਰੀਆ ਐਨਾਫਲੀਜ਼ ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ, ਇਸ ਲਈ ਪਾਣੀ ਕਿਸੇ ਵੀ ਥਾਂ ਤੇ ਇੱਕਠਾ ਨਾ ਹੋਣ ਦਿੱਤਾ ਜਾਵੇ ਅਤੇ ਕੂਲਰਾਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸਾਫ ਕਰਕੇ ਸੁਕਾਇਆ ਜਾਵੇ। ਉਨ੍ਹਾਂ ਮਲੇਰੀਆ ਦੇ ਲੱਛਣਾਂ ਸੰਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਮਲੇਰੀਆ ਠੰਢ ਅਤੇ ਕਾਂਬੇ ਨਾਲ ਤੇਜ਼ ਬੁਖਾਰ ਚੜ੍ਹਦਾ ਹੈ। ਮਲੇਰੀਆ ਦੇ ਲੱਛਣਾਂ ਵਿੱਚ ਉਲਟੀਆਂ ਆਉਣਾ ਅਤੇ ਤੇਜ ਸਿਰ ਦਰਦ ਹੋਣਾ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਤੇ ਕਮਜ਼ੋਰੀ ਮਹਿਸੂਸ ਹੋਣਾ ਅਤੇ ਸਰੀਰ ਦਾ ਪਸੀਨੋ ਪਸੀਨੀ ਹੋਣਾ ਆਦਿ ਸ਼ਾਮਿਲ ਹੁੰਦਾ ਹੈ। ਇਸ ਮੌਕੇ ਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਪ੍ਰਵਾਸੀ ਮਜ਼ਦੂਰਾਂ ਨੂੰ ਮੱਛਰਦਾਨੀਆਂ ਵੀ ਵੰਡੀਆਂ ਗਈਆਂ।

## ਬੈਂਸ ਨਾਲ ਪੀ ਐੱਸ ਟੈਟ ਪਾਸ ਬੇਰੁਜਗਾਰ ਡੀ ਪੀ ਈ ਅਧਿਆਪਕਾਂ ਦੀ ਮੀਟਿੰਗ ਰਹੀ ਬੇਸਿੱਟਾ




**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨਾਲ ਟੈਟ ਪਾਸ ਬੇਰੋਜਗਾਰ ਡੀ.ਪੀ.ਈ ਅਧਿਆਪਕ ਯੂਨੀਅਨ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਸਿੱਖਿਆ ਮੰਤਰੀ ਨੂੰ ਸੂਬਾ ਪ੍ਰਧਾਨ ਰਮਨਪ੍ਰੀਤ ਸਿੰਘ ਵਲੋਂ ਯੂਨੀਅਨ ਦੀਆਂ ਮੰਗਾਂ ਬਾਰੇ ਦੱਸਿਆ ਗਿਆ। ਜਿਸ ਵਿੱਚ 500 ਲੈਕਚਰਾਰ ਅਤੇ 1500 ਨਵੀਆਂ ਡੀ.ਪੀ.ਈ ਦੀਆਂ ਪੋਸਟਾਂ ਪੀ.ਐੱਸ.ਟੈਟ ਦੇ ਅਧਾਰ 'ਤੇ ਕੱਢਣ ਦੀ ਮੰਗ ਅਤੇ ਬੀ.ਏ ਵਿੱਚ 55% ਅੰਕ ਦੀ ਸ਼ਰਤ ਨੂੰ ਖਤਮ ਕਰਨ ਦੀ ਮੰਗ ਰੱਖੀ ਗਈ । ਜਿਸ 'ਤੇ ਸਿੱਖਿਆ ਮੰਤਰੀ ਦਾ ਜਵਾਬ ਨਾਕਰਾਤਮਕ ਰਿਹਾ। ਉਨ੍ਹਾਂ ਵਲੋਂ 55% ਅੰਕ ਵਾਲੀ ਸ਼ਰਤ 'ਤੇ ਵਿਚਾਰ ਕਰਨ ਬਾਰੇ ਕਿਹਾ ਗਿਆ ਪਰੰਤੂ 500 ਲੈਕਚਰਾਰ ਅਤੇ 1500 ਡੀ.ਪੀ.ਈ ਪੋਸਟਾਂ ਦੀ ਮੰਗ ਨੂੰ ਨਕਾਰਦੇ ਹੋਏ ਕਿਹਾ ਕਿ ਫਿਲਹਾਲ ਸਰਕਾਰ ਨੇ ਪੜ੍ਹਾਉਣ ਵਾਲੇ ਅਧਿਆਕਾਂ ਦੀ ਹੀ ਭਰਤੀ ਕਰਨੀ ਹੈ ਨਾ ਕਿ ਖੇਡਾਂ ਕਰਵਾਉਣ ਵਾਲਿਆਂ ਦੀ, ਜਿਸ ਤੋਂ ਇਹ ਸਾਫ ਪਤਾ ਲਗਦਾ ਹੈ ਕਿ ਸਰਕਾਰ ਦੀ ਸਰੀਰਕ ਸਿਖਿਆ ਅਧਿਆਪਕਾਂ ਬਾਰੇ ਕੀ ਸੋਚ ਹੈ। ਇਕ ਪਾਸੇ ਪੰਜਾਬ ਸਰਕਾਰ ਵੱਲੋਂ ਪੰਜਾਬ ਸੂਬੇ ਨੂੰ ਖੇਡਾਂ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਨਾਉਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਤੇ ਦੂਜੇ ਪਾਸੇ ਪੰਜਾਬ ਸੂਬੇ ਦੇ ਟੈਟ ਪਾਸ ਬੇਰੁਜਗਾਰ ਅਧਿਆਪਕਾਂ ਨੂੰ ਮਜਦੂਰੀ ਕਰਨ 'ਤੇ ਮਜਬੂਰ ਕੀਤਾ ਜਾ ਰਿਹਾ ਹੈ। ਸਿਖਿਆ ਮੰਤਰੀ ਨੂੰ ਇਹ ਨਹੀਂ ਪਤਾ ਕਿ ਸਰੀਰਕ ਸਿਖਿਆ ਵਿਸ਼ੇ ਵਿੱਚ 70 ਪ੍ਰਤੀਸ਼ਤ ਥਿਊਰੀ ਹੁੰਦੀ ਹੈ ਅਤੇ 30 ਪ੍ਰਤੀਸ਼ਤ ਪ੍ਰੈਕਟੀਕਲ ਹੁੰਦਾ ਹੈ। ਜੋ ਕਿ ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋ ਬਾਕੀ ਵਿਸ਼ਿਆਂ ਦੀ ਤਰ੍ਹਾਂ ਸਰੀਰਕ ਸਿੱਖਿਆ ਵਿਸ਼ੇ ਨੂੰ ਵੀ ਮਾਨਤਾ ਦਿੱਤੀ ਹੋਈ ਹੈ। ਇਹੋ ਜਿਹੇ ਸ਼ਬਦ ਸਿਖਿਆ ਮੰਤਰੀ ਵੱਲੋ ਬੋਲਣਾ ਬਹੁਤ ਹੀ ਮੰਦਭਾਗਾ ਹੈ। ਇਹ ਸਭ ਦੀ ਜਾਣਕਾਰੀ ਸੂਬਾ ਪ੍ਰਧਾਨ ਰਮਨਪ੍ਰੀਤ ਸਿੰਘ ਬੈਂਸ ਵਲੋਂ ਦਿੱਤੀ ਗਈ ਅਤੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਸਕੂਲਾਂ ਵਿਚ ਖਾਲੀ ਪਈਆਂ 500 ਲੈਕਚਰਾਰ ਅਤੇ 1500 ਡੀ.ਪੀ.ਈ ਦੀਆਂ ਅਸਾਮੀਆਂ ਨੂੰ ਭਰਨ ਲਈ ਪੀ. ਐਸ. ਟੈਟ ਦੇ ਅਧਾਰ 'ਤੇ ਅਸਾਮੀਆਂ ਦਾ ਇਸ਼ਤਿਹਾਰ ਨੂੰ ਜਲਦ ਨਾ ਕੱਢਿਆ ਤਾਂ ਪੀ.ਐਸ. ਟੈਟ ਪਾਸ ਬੇਰੁਜਗਾਰ ਡੀ.ਪੀ.ਈ ਅਧਿਆਪਕ ਯੂਨੀਅਨ ਪੰਜਾਬ ਵੱਲੋਂ ਸਿੱਖਿਆ ਮੰਤਰੀ ਪੰਜਾਬ ਦੀ ਰਿਹਾਇਸ਼ ਮੂਹਰੇ ਪੱਕਾ ਧਰਨਾ ਲਗਾਇਆ ਜਾਵੇਗਾ। ਇਸ ਮੀਟਿੰਗ ਵਿੱਚ ਯੂਨੀਅਨ ਦੇ ਸੁਖਦੀਪ ਸਿੰਘ ਨਰਿੰਦਰ ਸਿੰਘ ਕਰਨ ਗਿੱਲ ਮੈਂਬਰ ਹਾਜਰ ਸੀ।

## ਸੀ ਜੀ ਸੀ ਲਾਂਡਰਾਂ ਵਿਖੇ 23ਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ



**ਚੰਡੀਗੜ੍ਹ, (ਗੁਰਜੀਤ ਬਿੱਲਾ)**-ਹਰ ਸਾਲ ਨਵਾਂ ਅਕਾਦਮਿਕ ਸੈਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਮਾਤਮਾ ਦਾ ਅਸ਼ੀਰਵਾਦ ਪ੍ਰਾਪਤ ਕਰਨ ਦੀ ਆਪਣੀ ਪਰੰਪਰਾ ਨੂੰ ਕਾਇਮ ਰੱਖਦਿਆਂ ਸੀਜੀਸੀ ਲਾਂਡਰਾਂ ਦੇ ਕੈਂਪਸ ਵਿਖੇ ਤਿੰਨ ਰੋਜ਼ਾ ਅਖੰਡ ਪਾਠ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਭੋਗ ਉਪਰੰਤ ਗੁਰਬਾਣੀ ਕੀਰਤਨ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਵਿਸ਼ੇਸ਼ ਸਮਾਗਮ ਵਿੱਚ ਸੀਜੀਸੀ ਲਾਂਡਰਾ ਦੇ ਚੇਅਰਮੈਨ ਸਤਨਾਮ ਸਿੰਘ ਸੰਧੂ ਅਤੇ ਪ੍ਰਧਾਨ ਰਸ਼ਪਾਲ ਸਿੰਘ ਧਾਲੀਵਾਲ ਨੇ ਆਪਣੇ ਪਰਵਾਰ ਅਤੇ ਸਮੂਹ ਸੀਜੀਸੀ ਫੈਕਲਟੀ ਮੈਂਬਰਾਂ ਸਣੇ ਇਸ ਅਨੰਦਮਈ ਪਵਿੱਤਰ ਸਮਾਰੋਹ ਵਿੱਚ ਹਾਜ਼ਰੀ ਲਗਵਾਈ। ਸਮਾਗਮ ਦੀ ਸਮਾਪਤੀ ਉਪਰੰਤ ਸੀਜੀਸੀ ਲਾਂਡਰਾਂ ਦੇ ਚੇਅਰਮੈਨ ਸਤਨਾਮ ਸਿੰਘ ਸੰਧੂ ਨੇ ਫੈਕਲਟੀ ਅਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ 23ਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਕਰਨ ਲੱਗੇ ਹਾਂ ਅਤੇ ਸਾਨੂੰ ਆਪਣੇ ਪਿਛਲੇ ਸੈਸ਼ਨਾਂ ਦੇ ਤਜ਼ਰਬਿਆਂ ਤੋਂ ਸਿੱਖਣ ਅਤੇ ਉਹਨਾਂ ਨੂੰ ਮਜ਼ਬੂਤ ਕਰਨ ਲਈ ਸੰਕਲਪ ਲੈਣਾ ਚਾਹੀਦਾ ਹੈ ਅਤੇ ਨਾਲ ਹੀ ਮੂਲ ਪ੍ਰਣਾਲੀ ਅਤੇ 22 ਸਾਲਾਂ ਦੀ ਵਿਰਾਸਤ ਨੂੰ ਹੋਰ ਅੱਗੇ ਵਧਾਉਣ ਲਈ ਯਤਨ ਕਰਨਾ ਚਾਹੀਦਾ ਹੈ। ਅੱਗੇ ਉਨ੍ਹਾਂ ਨੇ ਕਿਹਾ ਕਿ ਇੱਕ ਸੰਸਥਾ ਦੇ ਰੂਪ ਵਿੱਚ ਉੱਚ ਟੀਚਿਆਂ ਨੂੰ ਸਥਾਪਤ ਕਰਨਾ ਅਤੇ ਹਰ ਸਾਲ ਨਵੇਂ ਮਾਪਦੰਡਾਂ ਦੀ ਪ੍ਰਾਪਤੀ ਕਰਨਾ ਇੱਕ ਤਰ੍ਹਾਂ ਨਾਲ ਸਾਡੇ ਡੀਐਨਏ ਵਿੱਚ ਹੀ ਸ਼ਾਮਲ ਹੈ। ਇਹੀ ਉਹ ਚੀਜ਼ ਹੈ ਜੋ ਸਾਨੂੰ ਅੱਗੇ ਵਧਣ ਲਈ ਸਕਾਰਾਤਮਕ ਤੌਰ 'ਤੇ ਪ੍ਰੇਰਿਤ ਕਰਦੀ ਹੈ। ਨਵਾਂ ਅਕਾਦਮਿਕ ਸੈਸ਼ਨ ਸਾਨੂੰ ਸਾਰੇ ਖੇਤਰਾਂ ਵਿੱਚ ਤਰੱਕੀ ਨੂੰ ਯਕੀਨੀ ਬਣਾਉਂਦਿਆਂ ਗੁਣਾਤਮਕ ਵਿਕਾਸ ਯਾਨੀ ਕੁਆਲੀਟੇਟਿਵ ਗਰੋਥ'ਤੇ ਵਧੇਰੇ ਧਿਆਨ ਕੇਂਦਰਿਤ ਕਰਦੇ ਹੋਏ ਦੇਖੇਗਾ।

## ਜਿੰਪਾ ਨੇ ਵਾਰਡ ਨੰਬਰ 26 'ਚ ਨਵੇਂ ਟਿਊਬਵੈੱਲ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਹੁਸ਼ਿਆਰਪੁਰ ਦੇ ਸਾਰੇ ਵਾਰਡਾਂ ਵਿਚ ਬੁਨਿਆਦੀ ਸੁਵਿਧਾਵਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ, ਤਾਂ ਜੋ ਵਾਰਡ ਵਾਸੀਆਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਹ ਵਾਰਡ ਨੰਬਰ 26 ਵਿਚ ਕਰੀਬ 29 ਲੱਖ ਰੁਪਏ ਦੀ ਲਾਗਤ ਨਾਲ ਬਣੇ ਟਿਊਬਵੈਲ ਦਾ ਉਦਘਾਟਨ ਕਰਨ ਦੌਰਾਨ ਵਾਰਡ ਵਾਸੀਆਂ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨਾਲ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸਣੀ ਅਤੇ ਡਿਪਟੀ ਮੇਅਰ ਰਣਜੀਤ ਚੌਧਰੀ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਮੰਗ 'ਤੇ ਜਲ ਸਪਲਾਈ ਵਿਭਾਗ ਵਲੋਂ ਇਹ ਟਿਊਬਵੈਲ ਲਗਾਇਆ ਗਿਆ ਹੈ, ਜਿਸ ਨਾਲ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਦਾ ਹੱਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪੂਰੇ ਪੰਜਾਬ ਵਿਚ ਪੀਣ ਵਾਲੇ ਪਾਣੀ ਤੇ ਹੋਰ ਜ਼ਰੂਰਤਾਂ ਨੂੰ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਵਿਚ ਹੀ ਹੁਣ ਤੱਕ 30 ਤੋਂ ਵੱਧ ਟਿਊਬਵੈਲ ਲਗਾਏ ਜਾ ਚੁੱਕੇ ਹਨ।

## ਅਕਾਲ ਪੁਰਖ ਦੀ ਸ਼ਰਨ ਨਾਲ ਜੁੜਨ ਦੀ ਪ੍ਰੇਰਨਾ ਦੇਣਾ ਸ਼ਲਾਘਾਯੋਗ ਕਾਰਜ : ਵਿਜੇ ਸਾਂਪਲਾ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਦੇਸ਼-ਵਿਦੇਸ਼ ਵਿੱਚ ਸਿੱਖੀ ਧਰਮ ਦਾ ਪ੍ਰਚਾਰ ਅਤੇ ਗੁਰੂ ਪਿਆਰੀ ਸੰਗਤ ਨੂੰ ਸ੍ਰੀ ਅਕਾਲ ਪੁਰਖ ਦੀ ਸ਼ਰਨ ਨਾਲ ਜੁੜਨ ਦੀ ਪ੍ਰੇਰਨਾ ਦੇ ਰਹੇ ਸੰਤ ਬਾਬਾ ਬਲਵੰਤ ਸਿੰਘ ਜੀ ਤੱਪ ਅਸਥਾਨ ਨਾਨਕ ਦੁੱਖ ਭੰਜਨ ਸਤਿਸੰਗ ਘਰ ਦਾਰਾਪੁਰ ਵਿਖੇ ਐਸ.ਸੀ ਕਮਿਸ਼ਨ ਦੇ ਚੇਅਰਮੈਨ ਵਿਜੇ ਸਾਂਪਲਾ ਨਤਮਸਤਕ ਹੋਏ। ਇਸ ਮੌਕੇ 'ਤੇ ਉਨ੍ਹਾਂ ਨਾਲ ਸਾਬਕਾ ਚੇਅਰਮੈਨ ਜਵਾਹਰ ਲਾਲ ਖੁਰਾਣਾ, ਸਨਾਤਨ ਧਰਮ ਸਭਾ ਉੜਮੁੜ ਦੇ ਪ੍ਰਧਾਨ ਦੀਪਕ ਬਹਿਲ, ਸੰਜੀਵ ਤਲਵਾੜ, ਪ੍ਰਿੰਸ ਜੋਲੀ, ਅਮਨਦੀਪ ਜੋਲੀ, ਲਕਸੇ ਬਹਿਲ ਹਾਜਰ ਸਨ, ਜਿਨ੍ਹਾਂ ਦਾ ਸੁਆਗਤ ਕਰਦੇ ਹੋਏ ਡੇਰੇ ਦੇ ਸੇਵਾਦਾਰ ਭਾਈ ਜੋਰਾਵਰ ਸਿੰਘ ਨੇ ਉਨ੍ਹਾਂ ਨੂੰ ਸਿਰੋਪੇ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਤੇ ਵਿਜੇ ਸਾਂਪਲਾ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਨਸ਼ਿਆਂ ਜਿਹੀਆਂ ਅਲਾਮਤਾਂ ਵਿੱਚ ਗਰਕ ਹੋ ਰਹੀ ਨੌਜਵਾਨ ਪੀੜ੍ਹੀ ਨੂੰ ਨਾਨਕ ਦੁੱਖ ਭੰਜਨ ਸਤਿਸੰਗ ਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦਿਆਲ ਸਿੰਘ ਜੀ ਸਿੱਖ ਧਰਮ ਦੀ ਮਰਿਆਦਾ ਦੀ ਪਾਲਣਾ ਕਰਦੇ ਹੋਏ ਸਿੱਖੀ ਪ੍ਰਚਾਰ ਰਾਹੀਂ ਨੌਜਵਾਨ ਪੀੜ੍ਹੀ ਨੂੰ ਸ੍ਰੀ ਅਕਾਲ ਪੁਰਖ ਦੀ ਸ਼ਰਨ ਨਾਲ ਜੁੜਨ ਦੀ ਜਿਹੜੀ ਪ੍ਰੇਰਨਾ ਦੇ ਰਹੇ ਹਨ, ਉਹ ਇਕ ਸ਼ਲਾਘਾਯੋਗ ਕਾਰਜ ਹੈ। ਉਨ੍ਹਾਂ ਕਿਹਾ ਕਿ ਹਰ ਸਾਲ 23 ਦਿਨ ਤੱਕ ਚੱਲਣ ਵਾਲਾ ਇਕੋਤਰੀ ਸਮਾਗਮ ਕਰਵਾਇਆ ਜਾਂਦਾ ਹੈ। ਇਸ ਦੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਵੀ ਮੁਲਕ ਵਿੱਚ ਦੇਖਣ ਨੂੰ ਨਹੀਂ ਮਿਲ ਰਹੀ ਅਤੇ ਇਨ੍ਹਾਂ ਉਪਰਾਲਿਆਂ ਤੋਂ ਪ੍ਰੇਰਿਤ ਹੋ ਕੇ ਮੈਂ ਡੇਰਾ ਬਾਬਾ ਬਲਵੰਤ ਸਿੰਘ ਦਾਰਾਪੁਰ ਵਿਖੇ ਮੱਥਾ ਟੇਕ ਕੇ ਸ੍ਰੀ ਅਕਾਲ ਪੁਰਖ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਹੈ।

## ਬਰੈੱਸਟ ਕੈਂਸਰ ਤੇ ਆਈ.ਐੱਚ.ਸੀ.ਆਈ ਸੰਬੰਧੀ ਦਿੱਤੀ ਟ੍ਰੇਨਿੰਗ



**ਫਗਵਾੜਾ (ਰਮਨ ਸ਼ਰਮਾ)** ਮਹਿਲਾਵਾਂ ਵਿਚ ਬਰੈਸਟ ਕੈਂਸਰ ਦੀ ਸੱਮਸਿਆ ਚਿੰਤਾਜਨਕ ਹੈ। ਜੇਕਰ ਸਮੇਂ ਸਿਰ ਇਸ ਦਾ ਪਤਾ ਚਲ ਜਾਏ ਤਾਂ ਇਲਾਜ ਸੰਭਵ ਹੈ। ਇਹਸ਼ਬਦ ਸਿਵਲ ਸਰਜਨ ਕਪੂਰਥਲਾ ਡਾ.ਰਾਜਵਿੰਦਰ ਕੌਰ ਨੇ ਪ੍ਰਗਟ ਕੀਤੇ। ਜ਼ਿਕਰਯੋਗ ਹੈ ਕਿ ਸਿਵਲ ਸਰਜਨ ਡਾ.ਰਾਜਵਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਮਿਊਨਿਟੀ ਹੈਲਥ ਅਫਸਰਾਂ ਲਈ ਬਰੈਸਟ ਕੈਂਸਰ ਅਤੇ ਇੰਡੀਅਨ ਹਾਈਪਰਟੈਨਸ਼ਨ ਕੰਟਰੋਲ ਇਨੀਸ਼ੀਏਟਿਵ ਦੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪਰਵਾਰ ਭਲਾਈ ਅਫਸਰ ਡਾਕਟਰ ਅਸ਼ੋਕ ਕੁਮਾਰ ਨੇ ਦਸਿਆ ਕਿ ਹੁਣ ਹੈਲਥ ਐਂਡ ਵੈਲਨੈਸ ਸੈਂਟਰ 'ਤੇ 30 ਤੋਂ ਉਪਰ ਮਹਿਲਾਵਾਂ ਦੀ ਬਰੈਸਟ ਕੈਂਸਰ ਸਕਰੀਨਿੰਗ ਕੀਤੀ ਜਾਏਗੀ। ਉਨ੍ਹਾਂ ਸੀ.ਐੱਚ. ਓਜ ਨੂੰ ਸੰਬੋਧਨ ਕਰਦਿਆਂ ਕਿਹਾ ਕਿ 30 ਸਾਲ ਤੋਂ ਉਪਰ ਦੀਆਂ ਮਹਿਲਾਵਾਂ ਦੀ ਸਕਰੀਨਿੰਗ ਕੀਤੀ ਜਾਏ ਅਤੇ ਸ਼ੱਕੀ ਮਰੀਜ ਨੂੰ ਸਿਵਲ ਹਸਪਤਾਲ ਰੈਫਰ ਕੀਤਾ ਜਾਏ ਤਾਂ ਜੋ ਸਮੇਂ ਸਿਰ ਇਲਾਜ ਸ਼ੁਰੂ ਕੀਤਾ ਜਾ ਸਕੇ। ਡਾ.ਸਿਮੀ ਧਵਨ ਨੇ ਬਰੈਸਟ ਕੈਂਸਰ ਦੇ ਕਾਰਨ,ਲੱਛਣਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਇਸ ਮੌਕੇ ਹਾਈਪਰਟੈਂਸ਼ਨ ਪ੍ਰੋਗਰਾਮ,ਈ ਸੁਸਰੁਤ ਸਾਫਟਵੇਅਰ ਬਾਰੇ ਵੀ ਸੀ.ਐੱਚ.ਓਜ.ਨੂੰ ਟ੍ਰੇਨਿੰਗ ਦਿੱਤੀ ਗਈ। ਮੈਡਮ ਰੀਟਾ ਨੇ ਟੈਲੀਮੈਡੀਸਨ ਦੇ ਨੁਕਤਿਆਂ ਤੋਂ ਸਾਰੇ ਸੀ ਐਚ ਓਜ ਨੂੰ ਜਾਣੂ ਕਰਵਾਇਆ। ਇਸ ਮੌਕੇ 'ਤੇ ਜ਼ਿਲ੍ਹਾ ਮੋਨੀਟਰਿੰਗ ਐਂਡ ਇਵਾਲੂਏਸ਼ਨ ਅਫਸਰ ਰਾਮ ਸਿੰਘ, ਡਿਪਟੀ ਮਾਸ ਮੀਡੀਆ ਅਫਸਰ ਸ਼ਰਨਦੀਪ ਸਿੰਘ,ਡਿਪਟੀ ਮਾਸ ਮੀਡੀਆ ਅਫਸਰ ਸੁਖਦਿਆਲ ਸਿੰਘ,ਬੀਸੀਸੀ ਕੁਆਰਡੀਨੇਟਰ ਜੋਤੀ ਅਨੰਦ,ਬੀਈਈ ਰਵਿੰਦਰ ਜੱਸਲ ਅਤੇ ਵੱਖ-ਵੱਖ ਹੈਲਥ ਐਂਡ ਵੈਲਨੈਸ ਸੈਂਟਰ ਤੋਂ ਸੀ.ਐਚ.ਉਜ.ਹਾਜਰ ਸਨ।

## ਸਰਕਾਰੀ ਹਾਈ ਸਕੂਲ ਰਾਮਗੜ੍ਹ ਰੁੜਕੀ ਦੀ ਟੀਮ ਜੇਤੂ

**ਸਾਹਿਬਜਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਰਿਜਰਵ ਬੈਂਕ ਆਫ ਇੰਡੀਆ ਦੇ ਵਿੱਤੀ ਸਾਖਰਤਾ (ਫਾਇਨੈਂਸ਼ੀਅਲ ਲਿਟਰੇਸੀ) ਪ੍ਰੋਗਰਾਮ ਤਹਿਤ ਇੱਥੇ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਪੱਧਰੀ ਵਿੱਦਿਅਕ ਮੁਕਾਬਲੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਫੇਜ ਤਿੰਨ ਬੀ ਇੱਕ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਡਾ.ਗਿੰਨੀ ਦੁੱਗਲ ਦੀ ਅਗਵਾਈ ਹੇਠ ਕਰਵਾਏ ਗਏ। ਇਸ ਵਿੱਚ ਅੱਠ ਸਿੱਖਿਆ ਬਲਾਕ ਦੀਆਂ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਟੀਮਾਂ ਨੇ ਭਾਗ ਲਿਆ। ਇਹ ਮੁਕਾਬਲੇ ਬੱਚਿਆਂ ਵਿੱਚ ਵਿੱਤੀ ਅਦਾਰਿਆਂ ਅਤੇ ਸੰਸਥਾਵਾਂ ਦੇ ਗਿਆਨ ਵਿੱਚ ਵਾਧਾ ਕਰਨ ਅਤੇ ਵਿਦਿਆਰਥੀਆਂ ਨੂੰ ਵਿੱਤੀ ਪ੍ਰਬੰਧਨ ਬਾਰੇ ਜਾਗਰੂਕ ਅਤੇ ਮੁਹਾਰਤ ਹਾਸਲ ਕਰਨ ਦੇ ਉਦੇਸ ਨਾਲ ਕਰਵਾਏ ਜਾਂਦੇ ਹਨ। ਇਹਨਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਰਾਮਗੜ੍ਹ ਰੁੜਕੀ ਬਲਾਕ ਡੇਰਾਬੱਸੀ-2, ਦੂਜਾ ਸਥਾਨ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਖਰੜ ਬਲਾਕ ਖਰੜ-3 ਅਤੇ ਤੀਜਾ ਸਥਾਨ ਸਰਕਾਰੀ ਹਾਈ ਸਕੂਲ ਦਾਊਂ ਬਲਾਕ ਖਰੜ-2 ਦੀਆਂ ਟੀਮਾਂ ਨੇ ਪ੍ਰਾਪਤ ਕੀਤਾ। ਇਸ ਮੌਕੇ ਡੀ ਈ ਓ ਸੈਕੰਡਰੀ ਡਾ. ਗਿੰਨੀ ਦੁੱਗਲ ਨੇ ਜੇਤੂ ਟੀਮਾਂ ਨੂੰ ਸਨਮਾਨਿਤ ਕੀਤਾ ਅਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪਹਿਲੇ ਸਥਾਨ ਵਾਲੇ ਨੂੰ 1000/- ਰੁਪਏ, ਦੂਜੇ ਨੂੰ 7500/- ਰੁਪਏ ਅਤੇ ਤੀਜੇ ਨੂੰ 5000/- ਅਤੇ ਸਕੂਲੀ ਬੈਗ ਅਤੇ ਫਾਇਨੈਂਸ਼ੀਅਲ ਲਿਟਰੇਸੀ ਵਾਲੀ ਸਟੇਸ਼ਨਰੀ ਜੋਕਿ ਵਿਭਾਗ ਦੁਆਰਾ ਪ੍ਰਾਪਤ ਕਰਵਾਈ ਗਈ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ਲਿੰਦਰ ਸਿੰਘ, ਲੈਕਚਰਾਰ ਮਿਤੇਸ਼ ਜੌਹਰ ਅਤੇ ਸਟਾਫ, ਜ਼ਿਲ੍ਹਾ ਦਫਤਰ ਤੋਂ ਜਸਵੀਰ ਕੌਰ (ਤਿੰਨੇ ਸੰਚਾਲਕਾਂ) ਸਮੇਤ ਬੱਚੇ ਅਤੇ ਅਧਿਆਪਕ ਮੌਜੂਦ ਸਨ।

## ਨੇਤਰਦਾਨ ਦੇ ਲਈ ਅੱਗੇ ਆਓ : ਸੰਜੀਵ ਅਰੋੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰੋਟਰੀ ਆਈ ਬੈਂਕ ਅਤੇ ਕੋਰਨੀਆ ਟ੍ਰਾਂਸਪਲਾਂਟੇਸ਼ਨ ਸੁਸਾਇਟੀ ਵਲੋਂ ਪ੍ਰਧਾਨ ਅਤੇ ਪ੍ਰਮੁੱਖ ਸਮਾਜ ਸੇਵੀ ਸੰਜੀਵ ਅਰੋੜਾ ਦੀ ਪ੍ਰਧਾਨਗੀ ਵਿੱਚ ਸੰਖੇਪ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬਲਦੇਵ ਰਾਜ ਨਿਵਾਸੀ ਗੜ੍ਹਦੀਵਾਲਾ ਜੋ ਕਿ ਪਿਛਲੇ ਲੰਬੇ ਸਮੇਂ ਤੋਂ ਹਨੇਰੀ ਜ਼ਿੰਦਗੀ ਗੁਜ਼ਾਰ ਰਹੇ ਸਨ ਉਨ੍ਹਾਂ ਨੂੰ ਨਵੀਂ ਅੱਖ ਲਗਾਉਣ ਲਈ ਪ੍ਰੋਗਰਾਮ ਦਾ ਆਯੋਜਨ ਵੈਸ਼ਨੋ ਧਾਮ ਮੰਦਿਰ ਵਿਖੇ ਕੀਤਾ ਗਿਆ। ਜਿਸ ਵਿਚ ਵਿਸ਼ੇਸ਼ ਤੌਰ ਤੇ ਰਮੇਸ਼ ਚੰਦ ਸ਼ਰਮਾ ਰਿਟਾਇਰਡ ਸੁਪਰਡੈਂਟ, ਸੈਂਟਰਲ ਐਕਸਾਈਜ਼ ਐਂਡ ਟੈਕਸੇਸ਼ਨ ਜੋ ਕਿ ਹਮੀਰਪੁਰ, ਹਿਮਾਚਲ ਪ੍ਰਦੇਸ਼ ਤੋਂ ਅਤੇ ਜੇ.ਬੀ.ਬਹਿਲ ਚੇਅਰਮੈਨ ਮੌਜੂਦ ਸਨ। ਇਸ ਮੌਕੇ ਤੇ ਰਮੇਸ਼ ਚੰਦ ਸ਼ਰਮਾ ਨੇ ਬਲਦੇਵ ਰਾਜ ਦੀ ਪੱਟੀ ਖੋਲਦੇ ਸਮੇਂ ਕਿਹਾ ਕਿ ਰੋਟਰੀ ਆਈ ਬੈਂਕ ਪ੍ਰਦੇਸ਼ ਵਿੱਚ ਹੀ ਨਹੀਂ ਬਲਕਿ ਪੂਰੇ ਭਾਰਤ ਵਿੱਚ ਕੋਰਨੀਆ ਬਲਾਇੰਡਨੈਸ ਤੋਂ ਪੀੜਿਤ ਲੋਕਾਂ ਨੂੰ ਰੋਸ਼ਨੀ ਦੇ ਕੇ ਬਹੁਤ ਪ੍ਰਸ਼ੰਸਾਯੋਗ ਕੰਮ ਕਰ ਰਹੇ ਹਨ ਅਤੇ ਹੁਣ ਹਿਮਾਚਲ ਪ੍ਰਦੇਸ਼ ਵਿੱਚ ਜਲਦੀ ਹੀ ਨੇਤਰਦਾਨ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਪ੍ਰਗੋਰਾਮ ਕੀਤੇ ਜਾਣਗੇ। ਇਸ ਦੇ ਲਈ ਉਨਾਂ ਨੂੰ ਪਹਿਲ ਕਰਦੇ ਹੋਏ ਆਪਣੇ ਨੇਤਰਦਾਨ ਕਰਨ ਦਾ ਪ੍ਰਣ ਪੱਤਰ ਭਰਿਆ। ਉਨਾਂ ਨੇ ਕਿਹਾ ਕਿ ਜਦੋਂ ਵੀ ਕਿਸੀ ਨੇਕ ਕਾਰਜ ਦੀ ਸ਼ੁਰੂਆਤ ਕਰਨੀ ਹੋਵੇ ਤਾਂ ਉਹ ਆਪਣੇ ਖੁਦ ਤੋਂ ਹੀ ਕਰਨੀ ਚਾਹੀਦੀ ਹੈ। ਇਸ ਮੌਕੇ 'ਤੇ ਪ੍ਰਿੰਸੀਪਲ ਡੀ.ਕੇ.ਸ਼ਰਮਾ, ਮਦਨ ਲਾਲ ਮਹਾਜਨ, ਦੀਪਕ ਮਹਿੰਦੀਰੱਤਾ, ਅਮਿਤ ਨਾਗਪਾਲ, ਜਸਵੀਰ ਕੰਵਰ, ਰਜਿੰਦਰ ਮੋਦਗਿਲ, ਤਰਸੇਮ ਮੋਦਗਿਲ, ਜਸਵੀਰ ਸਿੰਘ, ਰਾਕੇਸ਼ ਭਾਰਗਵ, ਅਵੀਨਾਸ਼ ਸੂਦ, ਰਵੀ ਮਨੋਚਾ ਪ੍ਰਧਾਨ ਅਰੋੜਾ ਮਹਾਂਸਭਾ, ਜਗਦੀਸ਼ ਅਗਰਵਾਲ, ਮੀਨਾ ਬਹਿਲ, ਨਿਧੀ ਖੁਲਰ, ਤਰੁਣ ਸਰੀਨ, ਰਵਿੰਦਰ ਠਾਕੁਰ, ਮਹਿੰਦਰਪਾਲ ਗੁਪਤਾ ਆਦਿ ਮੌਜੂਦ ਸਨ।

## ਪੰਜਾਬ ਰਾਜ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਸਕੱਤਰ ਯੂਨੀਅਨ ਦੀ ਹੋਈ ਮੀਟਿੰਗ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**-ਪੰਜਾਬ ਰਾਜ ਦੁੱਧ ਉਤਪਾਦਕ ਸਹਿਕਾਰੀ ਸਭਾਵਾਂ ਸਕੱਤਰ ਯੂਨੀਅਨ ਦੀ ਮੀਟਿੰਗ ਪੰਜਾਬ ਸੂਬਾ ਪ੍ਰਧਾਨ ਜਸਵੀਰ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਹੋਈ। ਯੂਨੀਅਨ ਦੇ ਬੁਲਾਰਿਆਂ ਨੇ ਦੱਸਿਆ ਕਿ ਮਿਲਕ ਪਲਾਂਟਾਂ ਦੇ ਅਫਸਰਾਂ ਵੱਲੋਂ ਸਹਿਕਾਰੀ ਸਭਾਵਾਂ ਦੀਆਂ ਗਲਤ ਢੰਗ ਨਾਲ ਨਜਾਇਜ ਕਟੌਤੀਆਂ ਕੀਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਸਹਿਕਾਰੀ ਸਭਾਵਾਂ ਦਾ ਸੀ ਐਮ ਪ੍ਰੀਅਮ ਦਾ ਪਿਛਲੇ ਤਿੰਨ ਸਾਲਾਂ ਦਾ ਬਕਾਇਆ ਨਹੀਂ ਦਿੱਤਾ ਗਿਆ ਅਤੇ ਨਾ ਹੀ ਕੀਮਤ ਅੰਤਰ ਦਾ ਬਕਾਇਆ ਦਿੱਤਾ ਗਿਆ ਹੈ। ਮਿਲਕ ਪਲਾਂਟਾਂ ਦਾ ਪੈਸਾ ਨਜਾਇਜ ਢੰਗ ਨਾਲ ਸਬਸਿਡੀਆਂ ਰਾਹੀਂ ਲੁਟਾਉਣ ਦਾ ਸਿਲਸਿਲਾ ਜਾਰੀ ਹੈ ਅਤੇ ਪਲਾਂਟਾਂ ਵਿੱਚ ਰੋਜ ਨਵੇਂ ਘਪਲੇ ਸਾਹਮਣੇ ਆ ਰਹੇ ਹਨ ਪਹਿਲਾਂ ਲੁਧਿਆਣਾ ਮਿਲਕ ਪਲਾਂਟ ਵਿੱਚ ਸਮਾਨ ਚੋਰੀ ਘਿਓ ਵਿਚ ਮਿਲਾਵਟ ਮੁਹਾਲੀ ਵਿੱਚ ਕਰੋੜਾਂ ਰੁਪਏ ਦੇ ਕਰੇਟਾ ਦਾ ਘਪਲਾ 35000 ਲੀਟਰ ਦੁੱਧ ਰੋਜ਼ਾਨਾ ਵਧਾ ਕੇ ਭੇਜਣਾ ਅਤੇ ਹੁਣ ਮਿਲਕ ਪਲਾਂਟ ਮੁਹਾਲੀ ਦੇ ਦੁੱਧ ਤੋਲਣ ਵਾਲੇ ਕੰਡੇ ਵਿਚ 300 ਲੀਟਰ ਦਾ ਫਿਰਕ ਜਿਸ ਦਾ ਲੱਗਭਗ 15000 ਲੀਟਰ ਤੋਂ ਵੱਧ ਦਾ ਰੋਜਾਨਾ ਘਪਲਾ ਮੈਨੇਜਮੈਂਟ ਦੀ ਮਿਲੀਭੁਗਤ ਨਾਲ ਹੋ ਰਿਹਾ ਹੈ। ਜਿਸ ਦਾ ਸਿੱਧਾ ਨੁਕਸਾਨ ਸਹਿਕਾਰੀ ਸਭਾਵਾਂ ਅਤੇ ਟੈਂਕਰਾਂ ਦਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਪਰੋਕਤ ਮੰਗਾਂ ਵੱਲ ਸਰਕਾਰ ਨੇ ਧਿਆਨ ਨਹੀਂ ਦਿੱਤਾ ਤਾਂ ਸਕੱਤਰ ਯੂਨੀਅਨ ਵਲੋਂ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਮੋਹਾਲੀ ਮਿਲਕ ਪਲਾਂਟ ਦਾ ਗੇਟ ਬੰਦ ਕਰਕੇ ਧਰਨਾ ਦਿੱਤਾ ਜਾਵੇਗਾ।

## ਸੈਣੀ ਭਵਨ 'ਚ ਲਗਾਏ 20ਵੇਂ ਕੈਂਪ ਦੌਰਾਨ 68 ਵਿਅਕਤੀਆਂ ਨੇ ਕੀਤਾ ਖ਼ੂਨਦਾਨ



**ਰੂਪਨਗਰ, (ਨਵਾਂ ਜ਼ਮਾਨਾ ਸਰਵਿਸ)**-ਸਮਾਜ ਸੇਵੀ ਸੰਸਥਾ ਕਾਕਾ ਰਾਮ ਸੈਣੀ ਚੈਰੀਟੇਬਲ ਟਰੱਸਟ (ਰਜਿ.) ਵਲੋਂ ਸੈਣੀ ਭਵਨ ਵਿਖੇ ਲਗਾਏ ਗਏ 20ਵੇਂ ਵਿਸ਼ਾਲ ਖ਼ੂਨਦਾਨ ਕੈਂਪ 'ਚ ਭਾਰੀ ਬਰਸਾਤ ਦੌਰਾਨ ਵੀ 68 ਵਿਅਕਤੀਆਂ ਵਲੋਂ ਖ਼ੂਨਦਾਨ ਕੀਤਾ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਉਲੰਪੀਅਨ ਰਾਜਪਾਲ ਸਿੰਘ ਹੁੰਦਲ ਸੁਪਰਡੈਂਟ ਆਫ ਪੁਲਸ (ਐਚ) ਰੂਪਨਗਰ ਵਲੋਂ ਕੀਤਾ ਗਿਆ ਅਤੇ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਹਿਰ ਦੇ ਉੱਘੇ ਸਮਾਜ ਸੇਵਕ ਸਰਜਨ ਡਾ. ਆਰ. ਐਸ. ਪਰਮਾਰ ਨੇ ਖ਼ੂਨਦਾਨੀਆਂ ਨੂੰ ਅਸ਼ੀਰਵਾਦ ਦਿੱਤਾ। ਕੈਂਪ 'ਚ ਡਾ. ਰੌਲੀ ਅਗਰਵਾਲ ਦੀ ਅਗਵਾਈ 'ਚ ਰੋਟਰੀ ਐਂਡ ਬਲੱਡ ਬੈਂਕ ਸੋਸਾਇਟੀ ਰਿਸੋਰਸ ਸੈਂਟਰ, ਚੰਡੀਗੜ੍ਹ ਦੀ ਟੀਮ ਵਲੋਂ ਖ਼ੂਨ ਇਕੱਠਾ ਕੀਤਾ ਗਿਆ। ਜ਼ਿਲ੍ਹਾ ਪੁਲਸ ਸਾਂਝ ਕੇਂਦਰ ਰੂਪਨਗਰ, ਰਜਨੀ ਹਰਬਲ ਮਲਿਕਪੁਰ, ਗੁਰੂ ਨਾਨਕ ਕਰਿਆਨਾ ਸਟੋਰ ਪਪਰਾਲਾ, ਰੋਟਰੀ ਕਲੱਬ ਰੂਪਨਗਰ, ਇੰਨਰਵੀਲ ਕਲੱਬ ਰੂਪਨਗਰ ਵਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਕੈਂਪ ਦੌਰਾਨ ਇੰਨਰਵੀਲ ਕਲੱਬ ਦੀ ਮੈਂਬਰ ਡੋਲੀ ਵਾਸਨ ਨੂੰ 50ਵੀਂ ਵਾਰ, ਰੁਪਿੰਦਰ ਸਿੰਘ ਨੂੰ 48ਵੀਂ ਵਾਰ, ਜਗਦੇਵ ਸਿੰਘ ਨੂੰ 40ਵੀਂ ਵਾਰ, ਮਨਜੀਤ ਸਿੰਘ ਤੰਬੜ ਤੇ ਇੰਦਰਬੀਰ ਸਿੰਘ ਨੂੰ 30ਵੀਂ ਵਾਰ, ਅਮਿਤ ਸੈਣੀ ਨੂੰ 26ਵੀਂ ਵਾਰ, ਸੰਤੋਸ਼ ਕੁਮਾਰ ਅਤੇ ਨਮਿਤ ਸੈਣੀ ਨੂੰ 10ਵੀਂ ਵਾਰ ਖ਼ੂਨਦਾਨ ਕਰਨ ਲਈ ਸਨਮਾਨਿਤ ਕੀਤਾ ਗਿਆ। ਕੈਂਪ ਦੌਰਾਨ ਗੁਰਵਿੰਦਰ ਸਿੰਘ ਤੇ ਅਰਮਾਨ ਸੈਣੀ, ਸੁਖਵਿੰਦਰ ਸਿੰਘ ਪਟਵਾਰੀ ਤੇ ਪ੍ਰਿੰਸ ਬਨਵੈਤ, ਮੇਜਰ ਸਿੰਘ ਤੇ ਹਰਸ਼ਪ੍ਰੀਤ ਸਿੰਘ ਪਿਤਾ ਅਤੇ ਪੁੱਤਰਾਂ ਵੱਲੋਂ ਇਕੱਠੇ ਖ਼ੂਨਦਾਨ ਕੀਤਾ ਗਿਆ। ਇਸ ਤੋਂ ਇਲਾਵਾ ਸ਼ਰਿਸ਼ਟੀ ਸ਼ਰਮਾ ਤੇ ਅਨੁੰਜ ਸ਼ਰਮਾ, ਮਨਜੀਤ ਕੌਰ ਤੇ ਗੁਰਪਾਲ ਸਿੰਘ ਪਤਨੀ ਪਤੀ ਨੇ ਇੱਕਠੇ ਖ਼ੂਨਦਾਨ ਕੀਤਾ। ਕੈਂਪ 'ਚ ਡੋਲੀ ਵਾਸਨ, ਪ੍ਰਿਆ, ਯੋਗੀਤਾ, ਸੁਨੀਤਾ ਮਹਿਲਾਵਾਂ ਤੋਂ ਇਲਾਵਾ ਸੰਸਥਾਂ ਦੇ ਟਰੱਸਟੀਆ ਐਡਵੋਕੇਟ ਰਾਵਿੰਦਰ ਸਿੰਘ, ਰਾਜਿੰਦਰ ਸਿੰਘ ਨਨੂਆ, ਜਗਦੇਵ ਸਿੰਘ ਨੇ ਵੀ ਖ਼ੂਨਦਾਨ ਕੀਤਾ। ਕੈਂਪ ਨੂੰ ਸਫਲ ਬਣਾਉਣ ਲਈ ਲਾਈਫ ਲਾਈਨ ਬਲੱਡ ਡੋਨਰ ਸੋਸਾਇਟੀ ਰੂਪਨਗਰ ਦੇ ਪ੍ਰਧਾਨ ਕਮਲਜੀਤ ਸਿੰਘ ਬਾਬਾ, ਬਲਸੱਡ ਡੋਨਰ ਦਲਜੀਤ ਸਿੰਘ, ਜਗਦੇਵ ਸਿੰਘ, ਅਮਿਤ ਸੈਣੀ ਤੋਂ ਇਲਾਵਾ ਗੁਰਮੁੱਖ ਸਿੰਘ, ਨੈਂਸੀ ਗੁਪਤਾ, ਵਿਹਾਨ ਸੈਣੀ ਵਲੋਂ ਵਿਸ਼ੇਸ਼ ਯੋਗਦਾਨ ਪਾਇਆ ਗਿਆ। ਇਸ ਮੌਕੇ 'ਤੇ ਸੈਣੀ ਭਵਨ ਦੇ ਪ੍ਰਧਾਨ ਡਾ. ਅਜਮੇਰ ਸਿੰਘ ਤੰਬੜ, ਪੀ.ਆਰ. ਉ. ਰਾਜਿੰਦਰ ਸੈਣੀ, ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰ, ਗੁਰਮੱਖ ਸਿੰਘ ਸੈਣੀ, ਇੰਜ. ਹਰਜੀਤ ਸਿੰਘ, ਆਰ. ਐਸ. ਸੈਣੀ, ਬਹਾਦਰਜੀਤ ਸਿੰਘ, ਐਡਵੋਕੇਟ ਰਾਵਿੰਦਰ ਸਿੰਘ ਮੁੰਡਰਾ, ਰਾਜਿੰਦਰ ਸਿੰਘ ਨਨੂਆ, ਜਗਦੇਵ ਸਿੰਘ, ਦਲਜੀਤ ਸਿੰਘ, ਰਾਜਿੰਦਰ ਸਿੰਘ ਗਿਰਨ, ਹਰਦੀਪ ਸਿੰਘ ਆਦਿ ਹਾਜ਼ਰ ਸਨ।

## ਮੋਹਾਲੀ ਨੂੰ ਚੋਟੀ ਦੇ 20 ਸ਼ਹਿਰਾਂ 'ਚ ਸ਼ਾਮਲ ਕਰਨਾ ਸਾਡਾ ਨਿਸ਼ਾਨਾ : ਮੇਅਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਮੁਹਾਲੀ ਦੇ ਮੇਅਰ ਅਮਰਜੀਤ ਸਿੰਘ ਸਿੱਧੂ ਨੇ ਇਥੇ ਕਿਹਾ ਹੈ ਕਿ ਨਗਰ ਨਿਗਮ ਮੁਹਾਲੀ ਨੇ ਪਿਛਲੇ ਮਹੀਨੇ ਸ਼ੁਰੂ ਹੋਏ ਸਵੱਛ ਸਰਵੇਖਣ-2023 ਵਿੱਚ ਆਪਣੀ ਦਰਜਾਬੰਦੀ ਵਿੱਚ ਸੁਧਾਰ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਸਿੱਧੂ ਨੇ ਇਹ ਜਾਣਕਾਰੀ ਨਗਰ ਨਿਗਮ ਮੁਹਾਲੀ ਦੇ ਸੀਨੀਅਰ ਅਧਿਕਾਰੀਆਂ ਅਤੇ ਅਹੁਦੇਦਾਰਾਂ ਨਾਲ ਮੀਟਿੰਗ ਤੋਂ ਬਾਅਦ ਦਿੰਦਿਆਂ ਕਿਹਾ ਕਿ ਅਸੀਂ ਸਵੱਛ ਸਰਵੇਖਣ ਸਰਵੇਖਣ (1-10 ਲੱਖ ਵਰਗ) ਵਿੱਚ ਪਿਛਲੇ ਸਾਲ ਦੀ ਮਾੜੀ ਕਾਰਗੁਜ਼ਾਰੀ ਦੇ ਕਾਰਨਾਂ 'ਤੇ ਡੂੰਘਾਈ ਨਾਲ ਵਿਚਾਰ ਕੀਤਾ ਹੈ। ਉਹਨਾਂ ਕਿਹਾ ਕਿ ਇਸ ਸਾਲ ਅਸੀਂ ਮੋਹਾਲੀ ਰੈਂਕਿੰਗ ਵਿੱਚ ਮਹੱਤਵਪੂਰਨ ਸੁਧਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਸਵੱਛ ਸਰਵੇਖਣ ਸਰਵੇਖਣ ਤਹਿਤ ਮੋਹਾਲੀ ਨੂੰ ਚੋਟੀ ਦੇ 20 ਸਹਿਰਾਂ ਵਿੱਚ ਸਾਮਲ ਕਰਨ ਦੇ ਸੰਕਲਪ ਲਈ ਵਚਨਬੱਧ ਹਾਂ। ਉਹਨਾਂ ਦਸਿਆ ਕਿ ਸਵੱਛ ਭਾਰਤ ਮਿਸਨ ਮੁਲਾਂਕਣ ਜਨਤਕ ਥਾਵਾਂ ਅਤੇ ਪਖਾਨਿਆਂ ਦੀ ਸਫਾਈ 'ਤੇ ਆਧਾਰਿਤ ਹੋਵੇਗਾ ਜਿਸ ਵਿਚ ਸ਼ਹਿਰ ਨਿਵਾਸੀਆਂ ਤੋਂ ਫੀਡਬੈਕ ਲਈ ਜਾਵੇਗੀ ਅਤੇ ਕੂੜਾ ਇਕੱਠਾ ਕਰਨ, ਇਸ ਨੂੰ ਛਾਂਟਣ ਅਤੇ ਪ੍ਰੋਸੈਸ ਕਰਨ ਵਿੱਚ ਨਗਰ ਪਾਲਿਕਾਵਾਂ ਦੀ ਕਾਰਗੁਜ਼ਾਰੀ ਵੇਖੀ ਜਾਵੇਗੀ। ਮੇਅਰ ਨੇ ਅੱਗੇ ਕਿਹਾ ਕਿ ਮੋਹਾਲੀ ਨੇ ਪਲਾਸਟਿਕ ਦੀ ਇਕ ਵਾਰ ਵਰਤੋਂ ਲਈ ਪਹਿਲਾਂ ਹੀ ਨੋ ਜ਼ੀਰੋ ਟਾਲਰੈਂਸ ਨੀਤੀ ਅਪਨਾਈ ਹੋਈ ਹੈ ਅਤੇ ਕੂੜਾ ਇਕੱਠਾ ਕਰਨ ਦੀ ਪ੍ਰਣਾਲੀ ਨੂੰ ਵੀ ਮਜਬੂਤ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਸਾਲ ਕੀਤੇ ਗਏ ਯਤਨਾਂ ਦੇ ਨਿਸਚਿਤ ਤੌਰ 'ਤੇ ਹਾਂ-ਪੱਖੀ ਨਤੀਜੇ ਸਾਹਮਣੇ ਆਉਣਗੇ। ਮੇਅਰ ਨੇ ਇਹ ਵੀ ਕਿਹਾ ਕਿ ਮੋਹਾਲੀ ਦੇ ਸਾਬਕਾ ਵਿਧਾਇਕ ਬਲਬੀਰ ਸਿੰਘ ਸਿੱਧੂ ਵੱਲੋਂ ਮੋਹਾਲੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵਿਕਸਤ ਕਰਨ ਦੀ ਦੂਰਅੰਦੇਸ਼ੀ ਦੇ ਹਾਂ ਪੱਖੀ ਨਤੀਜੇ ਹੁਣ ਹਰ ਕਿਸੇ ਦੇ ਸਾਹਮਣੇ ਹਨ।

ਉਨ੍ਹਾਂ ਕਿਹਾ ਕਿ ਬਲਬੀਰ ਸਿੱਧੂ ਦੀ ਅਣਥੱਕ ਮਿਹਨਤ ਰੰਗ ਲਿਆ ਰਹੀ ਹੈ ਅਤੇ ਮੋਹਾਲੀ ਨੂੰ ਚੰਡੀਗੜ੍ਹ ਦਾ ਅਮੀਰ ਚਚੇਰਾ ਭਰਾ ਕਿਹਾ ਜਾਣਾ ਤੈਅ ਹੈ।

## ਲੋਕ ਨਿਰਮਾਣ ਵਿਭਾਗ ਗੜ੍ਹਸ਼ੰਕਰ ਦੀ ਲਾਪਰਵਾਹੀ ਕਾਰਨ ਮੁਸਾਫਰ ਝੱਲ ਰਹੇ ਨੇ ਮੁਸੀਬਤ



**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**-ਕਾਹਨਪੁਰ ਖੂਹੀ-ਗੜ੍ਹਸ਼ੰਕਰ ਮੁੱਖ ਮਾਰਗ 'ਤੇ ਪੈਂਦੇ 'ਹਰੋਂ ਦੇ ਪੋਹ' ਸਥਾਨ 'ਤੇ ਬਰਸਾਤ ਦੇ ਮੌਸਮ ਦੌਰਾਨ ਪਹਾੜੀਆਂ ਤੋਂ ਨਿਕਲ ਕੇ ਆ ਰਹੀ ਮਿੱਟੀ ਦੇ ਜਮ੍ਹਾਂ ਹੋਣ ਕਾਰਨ ਇਸ ਵਿੱਚ ਫਸ ਕੇ ਵਾਹਨਾਂ ਦੇ ਲੰਬੇ ਜਾਮ ਲੱਗ ਰਹੇ ਹਨ। ਸੜਕ 'ਤੇ ਕਰੀਬ ਡੇਢ ਤੋਂ 2 ਫੁੱਟ ਮਿੱਟੀ ਦੀ ਪਰਤ ਜਮ੍ਹਾਂ ਹੋਣ ਕਾਰਨ ਤਮਾਮ ਗੱਡੀਆਂ ਦੇ ਫਸ ਜਾਣ ਕਾਰਨ ਲੋਕਾਂ ਦਾ ਗਰਮੀ 'ਚ ਬੁਰਾ ਹਾਲ ਹੋ ਰਿਹਾ ਜੋ ਸਰਕਾਰ ਤੇ ਪ੍ਰਸ਼ਾਸ਼ਨ ਨੂੰ ਕੋਸ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਇਹ ਵਰਤਾਰਾ ਇਕ ਦਿਨ ਦਾ ਨਹੀਂ ਜਦਕਿ ਕਈ ਸਾਲਾਂ ਤੋਂ ਰੋਜ਼ਾਨਾ ਹੀ ਉਨ੍ਹਾਂ ਨੂੰ ਇਸ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਗਰ ਸਰਕਾਰੀ ਸਿਸਟਮ ਕੁੰਭਕਰਨੀ ਨੀਂਦ ਸੁੱਤਾ ਪਿਆ ਹੈ। ਤ੍ਰਾਸਦੀ ਇਹ ਹੈ ਕਿ ਰੋਜ਼ਾਨਾ ਮਿੱਟੀ 'ਚ ਫਸਣ ਵਾਲੇ ਵਾਹਨਾਂ ਨੂੰ ਕੱਢਣ ਲਈ ਮੌਕੇ 'ਤੇ ਕਿਸੀ ਵੀ ਪ੍ਰਕਾਰ ਦੀ ਸਰਕਾਰੀ ਮਸ਼ੀਨਰੀ ਉਪਲੱਬਧ ਨਾ ਹੋਣ ਕਾਰਨ ਲੋਕਾਂ ਨੂੰ ਆਸ-ਪਾਸ ਦੇ ਪਿੰਡਾਂ ਤੋਂ ਕਿਰਾਏ 'ਤੇ ਜਾਂ ਫਿਰ ਕਿਸੀ ਦੀ ਮਿੰਨਤ ਕਰਕੇ ਟ੍ਰੈਕਟਰਾਂ ਆਦਿ ਦੀ ਸਹਾਇਤਾ ਲੈ ਕੇ ਆਪਣੇ ਵਾਹਨ ਕੱਢਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਹ ਸਥਾਨ ਲੋਕ ਨਿਰਮਾਣ ਵਿਭਾਗ ਦੀ ਸਬ-ਡਵੀਜ਼ਨ ਗੜ੍ਹਸ਼ੰਕਰ ਅਧੀਨ ਆਉਂਦਾ ਹੈ। ਹਲਕੇ ਦੇ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ ਦੇ ਓ.ਐੱਸ.ਡੀ. ਚਰਨਜੀਤ ਸਿੰਘ ਚੰਨੀ ਲਾਗਲੇ ਪਿੰਡ ਕਾਹਨਪੁਰ ਖੂਹੀ (ਗੋਚਰ) ਦੇ ਜੰਮਪਲ ਹੋਣ ਕਾਰਨ ਇਸ ਸਮੱਸਿਆ ਤੋਂ ਬਾਖੂਬੀ ਜਾਣੂ ਹਨ।

ਗੜ੍ਹਸ਼ੰਕਰ ਸਬ-ਡਵੀਜ਼ਨ ਦੇ ਐੱਸ.ਡੀ.ਓ. ਬਦਰ ਕੁਮਾਰ ਨੇ ਦੱਸਿਆ ਕਿ ਉਕਤ ਸਮੱਸਿਆ ਉਨਾਂ ਦੇ ਧਿਆਨ 'ਚ ਹੈ। ਉਨਾਂ ਕਿਹਾ ਕਿ ਪਹਾੜਾਂ ਤੋਂ ਪਾਣੀ ਅਤੇ ਮਿੱਟੀ ਆਉਣ ਕਾਰਨ ਸੜਕ ਟੁੱਟ ਜਾਂਦੀ ਹੈ ਅਤੇ ਜਿਸ ਨੂੰ ਲੈ ਕੇ ਵਿਭਾਗ ਵੱਲੋਂ ਕੰਕਰੀਟ ਦੀ ਸੜਕ ਬਣਾਉਣ ਦੀ ਯੋਜਨਾ ਹੈ। ਇਸ ਸਬੰਧੀ ਐਸਟੀਮੇਟ ਤਿਆਰ ਕਰਕੇ ਵਿਭਾਗ ਨੂੰ ਭੇਜਿਆ ਗਿਆ ਹੈ।

## ਸਰਕਾਰ ਸਿੱਖਿਆ ਵਿਭਾਗ ਦੇ ਦਫਤਰੀ ਕਰਮਚਾਰੀਆਂ ਨਾਲ ਮਤਰੇਆ ਸਲੂਕ ਨਾ ਕਰੇ : ਟੂਰਾ

**ਫਗਵਾੜਾ (ਜਸਵਿੰਦਰ ਢੱਡਾ)** ਐਸ.ਸੀ/ਬੀ.ਸੀ ਮੁਲਾਜ਼ਮ ਵਰਗ ਦੀ ਅਵਾਜ਼ ਬੁਲੰਦ ਕਰਨ ਵਾਲੀ ਜਥੇਬੰਦੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ.ਸੀ/ਬੀ.ਸੀ ਇੰਪਲਾਈਜ਼ ਵੈੱਲਫ਼ੇਅਰ ਫ਼ੈਡਰੇਸ਼ਨ ਇਕਾਈ ਕਪੂਰਥਲਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਐਡੀਸ਼ਨਲ ਸਟੇਟ ਪ੍ਰਧਾਨ ਸਤਵੰਤ ਸਿੰਘ ਟੂਰਾ, ਮਨਜੀਤ ਗਾਟ, ਲਖਵੀਰ ਚੰਦ, ਗਿਆਨ ਚੰਦ ਵਾਹਦ, ਬਲਵਿੰਦਰ ਨਿਧੜਕ, ਸਤਨਾਮ ਸਿੰਘ, ਵਿਨੋਦ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੀ ਅਲੋਚਨਾ ਕਰਦਿਆਂ ਕਿਹਾ ਕਿ ਪਿਛਲੀ ਸਰਕਾਰ ਨੇ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਅਧਿਆਪਕ ਵਰਗ ਨੂੰ ਤਾਂ 01 .04.18 ਤੋਂ ਰੈਗੂਲਰ ਕਰ ਦਿੱਤਾ ਸੀ, ਪਰ ਉਸੇ ਭਰਤੀ ਪ੍ਰਕਿਰਿਆ ਤਹਿਤ ਭਰਤੀ ਹੋਏ ਦਫਤਰੀ ਕਰਮਚਾਰੀ ਜਿਸ ਵਿੱਚ ਲੇਖਾਕਾਰ, ਡਾਟਾ ਐਂਟਰੀ ਆਪਰੇਟਰ, ਐਮ ਆਈ ਐੱਸ ਕੁਆਰਡੀਨੇਟਰ, ਲੀਗਲ ਅਡਵਾਈਜ਼ਰ, ਆਈ ਈ ਆਰ ਟੀ ਟੀਚਰ, ਅਸਿਸਟੈਂਟ ਬਲਾਕ ਮੈਨੇਜਰ ਆਦਿ ਨੂੰ ਪੰਜਾਬ ਸਰਕਾਰ ਵੱਲੋਂ ਰੈਗੂਲਰ ਨਹੀਂ ਕੀਤਾ ਗਿਆ, ਜਿਸ ਨਾਲ ਇਸ ਮੁਲਾਜ਼ਮ ਵਰਗ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਟੂਰਾ ਤੇ ਗਾਟ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਭਾਵੇਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਵਾਰ ਵਾਰ ਐਲਾਨ ਕੀਤਾ ਗਿਆ ਹੈ ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਦੀ ਸਿਰਫ ਤਨਖਾਹ ਵਿੱਚ ਵਾਧਾ ਕੀਤਾ ਗਿਆ ਹੈ। ਪਰ ਸਿੱਖਿਆ ਵਿਭਾਗ ਦੇ ਸਾਰੇ ਦਫਤਰਾਂ, ਬਲਾਕ ਤੋਂ ਲੈ ਕੇ ਸਟੇਟ ਹੈੱਡਕੁਆਰਟਰ ਤੱਕ ਇਹ ਦਫਤਰੀ ਕਰਮਚਾਰੀ ਕੰਮ ਕਰ ਰਹੇ ਹਨ ਪਰ ਅਜੇ ਤੱਕ ਸਰਕਾਰ ਵੱਲੋਂ ਇਨ੍ਹਾਂ ਨੂੰ ਰੈਗੂਲਰ ਕਰਨ ਦਾ ਕੋਈ ਪੱਤਰ ਜਾਰੀ ਨਹੀਂ ਕੀਤਾ। ਸੋ ਫੈਡਰੇਸ਼ਨ ਇਹਨਾਂ ਦਫਤਰੀ ਕਰਮਚਾਰੀਆਂ ਦੇ ਸੰਘਰਸ਼ ਵਿੱਚ ਡਟ ਕੇ ਸਾਥ ਦੇਵੇਗੀ। ਫੈਡਰੇਸ਼ਨ ਮੁੱਖ ਮੰਤਰੀ ਭਗਵੰਤ ਮਾਨ, ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਪੁਰਜ਼ੋਰ ਅਪੀਲ ਕਰਦੀ ਹੈ ਕਿ ਦਫਤਰੀ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਆਰਡਰ ਤੁਰੰਤ ਜਾਰੀ ਕੀਤੇ ਜਾਣ ਕਿਉਂਕਿ ਹਜ਼ਾਰਾਂ ਦੀ ਤਾਦਾਦ ਵਿਚ ਦਫਤਰੀ ਕਰਮਚਾਰੀਆਂ ਦੀਆਂ ਆਸਾਮੀਆਂ ਖਾਲੀ ਪਈਆਂ ਹਨ।

ਇਹਨਾਂ ਖਾਲੀ ਪਈਆਂ ਅਸਾਮੀਆਂ 'ਤੇ ਦਫਤਰੀ ਕਰਮਚਾਰੀਆਂ ਨੂੰ ਸ਼ਿਫਟ ਕਰਕੇ ਇਹਨਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਇਹਨਾਂ ਕਰਮਚਾਰੀਆਂ ਨਾਲ ਮਤਰੇਆ ਸਲੂਕ ਬੰਦ ਕੀਤਾ ਜਾਵੇ ਤਾਂ ਜੋ ਮੁਲਾਜ਼ਮਾਂ ਵਿੱਚ ਪਾਇਆ ਜਾਣ ਵਾਲਾ ਰੋਸ ਸ਼ਾਂਤ ਹੋ ਸਕੇ। ਜਾਣਕਾਰੀ ਦੇਣ ਸਮੇਂ ਰਾਮਪਾਲ, ਵਿਜੇ ਕੁਮਾਰ, ਅਸ਼ੋਕ ਕੁਮਾਰ, ਗੁਰਸੇਵਕ ਸਿੰਘ, ਅਮਰਿੰਦਰ ਸਿੰਘ ਦੀਸ਼ ਕੁਮਾਰ, ਜਸਵੀਰ ਖਲਵਾੜਾ, ਰਮਨ ਕੁਮਾਰ, ਕੁਲਦੀਪ ਰਾਮ, ਪਰਵੀਨ ਕੁਮਾਰ, ਵਿਜੇ ਨੰਗਲ ਮੱਝਾ, ਜੋਗਿੰਦਰਪਾਲ, ਕੁਲਵਿੰਦਰ ਕੌਰ, ਸੁਖਦੇਵ ਸਿੰਘ, ਕਮਲੇਸ਼ ਕੌਰ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਲ ਸਨ।

# ਮੰਗਾਂ ਨੂੰ ਲਾਗੂ ਕਰਵਾਉਣ ਲਈ 14 ਨੂੰ ਮੋਹਾਲੀ 'ਚ ਕੀਤਾ ਜਾਵੇਗਾ ਮੁਜ਼ਾਹਰਾ : ਕੋਕਰੀ

## ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੀ ਸੂਬਾਈ ਮੀਟਿੰਗ ਪ੍ਰਧਾਨ ਗੁਰਜੀਤ ਸਿੰਘ ਘੋੜੇਵਾਹ ਦੀ ਪ੍ਰਧਾਨਗੀ ਹੇਠ ਕਾ. ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਆਗੂ ਅਵਤਾਰ ਸਿੰਘ ਤਾਰੀ, ਮੁੱਖ ਸਲਾਹਕਾਰ ਬਚਿੱਤਰ ਸਿੰਘ ਧੋਥੜ, ਬਲਰਾਜ ਸਿੰਘ ਭੰਗੂ ਸ਼ਾਮਿਲ ਹੋਏ। ਮੀਟਿੰਗ ਦੀ ਕਾਰਵਾਈ ਜਥੇਬੰਦੀ ਦੇ ਸੂਬਾਈ ਡਿਪਟੀ ਜਨਰਲ ਸਕੱਤਰ ਕਾ. ਗੁਰਜੰਟ ਕੋਕਰੀ ਨੇ ਚਲਾਈ। ਸਾਥੀ ਕੋਕਰੀ ਨੇ ਜਿੱਥੇ ਪਿਛਲੇ ਸਮੇਂ ਵਿੱਚ ਵਿੱਛੜੇ ਸਾਥੀਆਂ ਨੂੰ ਸ਼ਰਧਾ ਸਹਿਤ ਯਾਦ ਕੀਤਾ, ਓਥੇ ਹੀ ਵਿਭਾਗੀ ਮੁਸ਼ਕਲਾਂ, ਉੱਚ ਅਧਿਕਾਰੀਆਂ ਨਾਲ ਹੋਈਆਂ ਮੀਟਿੰਗਾਂ ਤੇ ਜਥੇਬੰਦੀ ਵੱਲੋਂ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਐਕਸ਼ਨਾਂ ਬਾਰੇ ਹਾਜ਼ਰ ਸਾਥੀਆਂ ਨਾਲ ਗੱਲ ਸਾਂਝੀ ਕੀਤੀ ਗਈ। ਆਗੂ ਨੇ ਦੱਸਿਆ ਕਿ ਮਹਿਕਮੇ 'ਚ ਫੌਰੀ ਤੌਰ 'ਤੇ ਕਰਨ ਵਾਲੇ ਕਈ ਅਹਿਮ ਕਾਰਜ ਹਨ, ਜੋ ਵਿਭਾਗ ਨੂੰ ਬਿਹਤਰੀ ਵਾਲੇ ਪਾਸੇ ਲਿਜਾ ਸਕਦੇ ਹਨ, ਪਰ ਪਿਛਲੇ ਸਮੇਂ ਤੋਂ ਹੀ ਸਰਕਾਰ ਵੱਲੋਂ 587 ਬੱਸਾਂ ਰੋਡਵੇਜ਼ 'ਚ ਮਰਜ਼ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ, ਪਰ ਹਾਲੇ ਤੱਕ ਉਹ ਬੱਸਾਂ ਮਰਜ਼ ਨਹੀਂ ਕੀਤੀਆਂ ਗਈਆਂ। ਵਿਭਾਗ 'ਚ ਬੱਸਾਂ ਦੀ ਭਾਰੀ ਘਾਟ ਹੈ, ਜਿਸ ਕਰਕੇ ਸੈਂਕੜੇ ਟਾਈਮ ਮਿਸ ਹੋ ਰਹੇ ਹਨ, ਜਿਸ ਦਾ ਸਿੱਧਾ ਲਾਭ ਵੱਡੇ ਨਿੱਜੀ ਟਰਾਂਸਪੋਰਟ ਨੂੰ ਦਿੱਤਾ ਜਾ ਰਿਹਾ



ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸੂਬਾਈ ਆਗੂ। (ਫੋਟੋ : ਭੂਪਿੰਦਰ ਸਿੰਘ)

ਹੈ। ਸੂਬਾ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਲਾਰੇ ਜ਼ਰੂਰ ਲਾਏ ਗਏ, ਪਰ ਇਸ ਸੰਬੰਧੀ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਵਿਭਾਗ ਵਿੱਚ ਕਰਮਚਾਰੀਆਂ ਦੀਆਂ ਪ੍ਰਮੋਸ਼ਨਾਂ ਪਿਛਲੇ ਲੰਮੇ ਸਮੇਂ ਤੋਂ ਪੈਂਡਿੰਗ ਹਨ, ਪਰ ਮੁੱਖ ਦਫ਼ਤਰ ਇਸ ਪਾਸਿਓਂ ਜਿਵੇਂ ਜਾਣ-ਬੁੱਝ ਕੇ ਅਵੇਸਲਾ ਬਣ ਗਿਆ ਹੈ। ਇਹ ਮੁਲਾਜ਼ਮਾਂ ਤੋਂ ਉਨ੍ਹਾਂ ਦਾ ਬਣਦਾ ਹੱਕ ਖੋਹਣ ਵਾਂਗ ਹੈ। ਕੋਕਰੀ ਨੇ ਕਿਹਾ ਕਿ ਇਨ੍ਹਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ 14 ਜੁਲਾਈ ਨੂੰ ਸਮੂਹ ਮੁਲਾਜ਼ਮ ਮੋਹਾਲੀ ਵਿਖੇ ਮੁਜ਼ਾਹਰਾ ਕਰਨ ਜਾ ਰਹੇ ਹਨ। ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ ਵੀ 21 ਜੁਲਾਈ ਨੂੰ ਸੰਗਰੂਰ ਵਿਖੇ ਜ਼ੋਰਦਾਰ ਐਕਸ਼ਨ ਕੀਤਾ ਜਾਣਾ ਹੈ ਤਾਂ ਜੋ ਮੁਲਾਜ਼ਮਾਂ 'ਤੇ ਪੁਰਾਣੀ ਪੈਨਸ਼ਨ ਲਾਗੂ ਕਰਵਾਈ ਜਾ ਸਕੇ। ਭਾਵੇਂ ਸਰਕਾਰ ਵੱਲੋਂ ਵਾਰ ਵਾਰ ਇਸ ਮੰਗ ਨੂੰ ਲਾਗੂ ਕਰਨ ਬਾਰੇ ਕਿਹਾ ਤਾਂ ਜਾ ਰਿਹਾ ਹੈ, ਪਰ ਅਮਲੀ ਰੂਪ 'ਚ ਕੁਝ ਵੀ ਨਹੀਂ ਕੀਤਾ ਗਿਆ।

ਜਥੇਬੰਦੀ ਦੇ ਪ੍ਰਧਾਨ ਕਾ. ਗੁਰਜੀਤ ਘੋੜੇਵਾਹ ਨੇ ਕਿਹਾ ਕਿ ਉਪਰਲੀ ਪੱਧਰ ਤੋਂ ਚੱਲ ਰਹੇ ਭ੍ਰਿਸ਼ਟਾਚਾਰ ਨੇ ਆਮ ਜਨਤਾ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਕੇਵਲ ਟਰਾਂਸਪੋਰਟ ਵਿਭਾਗ ਹੀ ਨਹੀਂ, ਬਲਕਿ ਹਰ ਤਰਫ਼ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਏਹੀ ਕਾਰਨ ਹੈ ਕਿ ਉੱਚ ਪੱਧਰ ਦੇ ਅਫ਼ਸਰ ਆਏ ਦਿਨ ਭ੍ਰਿਸ਼ਟਾਚਾਰ ਦੇ ਇਲਜ਼ਾਮ 'ਚ ਪਕੜੇ ਜਾ ਰਹੇ ਹਨ। ਕੇਂਦਰ ਤੇ ਸੂਬਾਈ ਸਰਕਾਰਾਂ ਕੇਵਲ ਦੂਜੀਆਂ ਪਾਰਟੀਆਂ ਉਤੇ ਇਲਜ਼ਾਮ ਲਗਾਉਣ ਤੱਕ ਸੀਮਤ ਹੋਈਆਂ ਜਾਪਦੀਆਂ ਹਨ। ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ, ਮਹਿੰਗੀ ਵਿੱਦਿਆ, ਇਲਾਜ, ਡੂੰਘਾ ਪਾਣੀ ਵਰਗੀਆਂ ਖਤਰਨਾਕ ਸੱਮਸਿਆਵਾਂ ਕਿਸੇ ਰਾਜਨੀਤਕ ਪਾਰਟੀ ਦੇ ਏਜੰਡੇ 'ਤੇ ਨਹੀਂ ਹਨ। ਲੱਖਾਂ ਨੌਜਵਾਨ ਹਰ ਰੋਜ਼ ਕਰੋੜਾਂ ਰੁਪਏ ਖ਼ਰਚ ਕਰਕੇ ਕਿਸੇ ਤਰ੍ਹਾਂ ਪੰਜਾਬ ਵਿੱਚੋਂ ਬਾਹਰ ਨਿਕਲ ਜਾਣ ਲਈ ਤਰਲੋਮੱਛੀ ਹੋ ਰਹੇ ਹਨ। ਇਸ ਲਈ ਕੌਣ ਜ਼ਿੰਮੇਵਾਰ ਹੈ? ਇਹ ਬੇਹੱਦ ਗੰਭੀਰ ਸਵਾਲ ਸਮਾਜ ਦੇ ਸਾਹਮਣੇ ਖੜਾ ਹੈ, ਪਰ ਹਰ ਵਾਰ ਵੋਟਾਂ ਵੇਲੇ ਲੁਭਾਉਣੇ ਵਾਅਦੇ ਕੀਤੇ ਜਾਂਦੇ ਹਨ ਤੇ ਲੋਕ ਠੱਗੇ ਜਾਂਦੇ ਹਨ।

ਇਸ ਉਪਰੰਤ ਪ੍ਰਧਾਨ ਗੁਰਜੀਤ ਸਿੰਘ ਨੇ ਕਿਹਾ ਕਿ ਪਿਛਲੇ ਸਮੇਂ ਸਰਕਾਰ ਵੱਲੋਂ ਔਰਤਾਂ ਨੂੰ ਸਰਕਾਰੀ ਬੱਸਾਂ 'ਚ ਮੁਫ਼ਤ ਸਫ਼ਰ ਦੀ ਸਹੂਲਤ ਦਿੱਤੀ ਗਈ, ਪਰ ਪਹਿਲੀਆਂ ਕੁਝ ਕਿਸ਼ਤਾਂ ਤੋਂ ਬਾਅਦ ਵਿਭਾਗ ਦਾ ਉਹ ਸਾਰਾ ਪੈਸਾ ਸਰਕਾਰ ਵੱਲ ਬਕਾਇਆ ਖੜਾ ਹੈ। ਜੇਕਰ ਬੱਸਾਂ ਹੀ ਨਾ ਰਹੀਆਂ ਤਾਂ ਇਹ ਸਹੂਲਤਾਂ ਕਿਵੇਂ ਚਲਦੀਆਂ ਰਹਿ ਸਕਣਗੀਆਂ। ਸਰਕਾਰ ਨੂੰ ਤੁਰੰਤ ਰੋਡਵੇਜ਼ ਦੇ ਬਣਦੇ ਬਕਾਏ ਜਾਰੀ ਕਰਨੇ ਚਾਹੀਦੇ ਹਨ ਤਾਂ ਜੋ ਆਮ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਜਾਰੀ ਰਹਿ ਸਕਣ। ਮੀਟਿੰਗ ਦੇ ਅੰਤ 'ਚ 18 ਡਿੱਪੂਆਂ ਵਿੱਚੋਂ ਆਏ ਆਗੂ ਸਾਥੀਆਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਕਿਰਨਦੀਪ ਢਿੱਲੋਂ, ਗੁਰਜੀਤ ਸਿੰਘ, ਗੁਰਮੀਤ ਸਿੰਘ, ਰਣਧੀਰ ਸਿੰਘ, ਬਿਕਰਮਜੀਤ ਸਿੰਘ ਅੰਮ੍ਰਿਤਸਰ, ਗੁਰਦੀਪ ਸਿੰਘ ਮੁੱਲਾਂਪੁਰ ਤੇ ਸਮੂਹ ਡਿੱਪੂਆਂ ਦੇ ਅਹੁਦੇਦਾਰ ਹਾਜ਼ਰ ਸਨ।

# ਪੱਕਾ ਮੋਰਚਾ ਜਾਰੀ, 8 ਜਥੇਬੰਦੀਆਂ ਵੱਲੋਂ 21 ਨੂੰ ਰੋਸ ਮੁਜ਼ਾਹਰੇ ਦਾ ਐਲਾਨ



**ਜਗਰਾਉਂ (ਨਛੱਤਰ ਸੰਧੂ)**-ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਤਰਲੋਚਨ ਸਿੰਘ ਝੋਰੜਾਂ ਤੇ ਜ਼ਿਲ੍ਹਾ ਸਕੱਤਰ ਸਾਧੂ ਸਿੰਘ ਅੱਚਰਵਾਲ, ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ (ਰਜਿ.) ਦੇ ਪ੍ਰਧਾਨ ਗੁਰਦਿਆਲ ਸਿੰਘ ਤਲਵੰਡੀ ਤੇ ਸਕੱਤਰ ਜਸਦੇਵ ਸਿੰਘ ਲਲਤੋਂ, ਪੰਜਾਬ ਕਿਸਾਨ ਯੂਨੀਅਨ ਦੇ ਪ੍ਰਧਾਨ ਡਾ. ਗੁਰਚਰਨ ਸਿੰਘ ਰਾਏਕੋਟ, ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ ਬੁਰਜਗਿੱਲ) ਦੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਮੋਰਕਰੀਮਾ, ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਨਿਰਮਲ ਸਿੰਘ ਧਾਲੀਵਾਲ, ਸਤਿਕਾਰ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ ਦੀ ਅਗਵਾਈ 'ਚ 467ਵੇਂ ਦਿਨ ਪੁਲਸ ਅੱਤਿਆਚਾਰ ਖਿਲਾਫ ਥਾਣਾ ਸਿਟੀ ਮੂਹਰੇ ਕਰੀਬ ਸਵਾ ਸਾਲ ਲੱਗੇ ਪੱਕੇ ਧਰਨੇ ਵਿੱਚ ਪਹੁੰਚ ਕੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਹਰੇ ਲਗਾਏ ਅਤੇ ਰੋਜ਼ਾਨਾ ਵਾਂਗ ਧਰਨਾ ਦਿੱਤਾ। ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕਰਨ ਤੋਂ ਬਾਅਦ ਪ੍ਰੈਸ ਨੂੰ ਜਾਰੀ ਬਿਆਨ 'ਚ ਤਰਲੋਚਨ ਸਿੰਘ ਝੋਰੜਾਂ, ਜਸਦੇਵ ਸਿੰਘ ਲਲਤੋਂ, ਨਿਰਮਲ ਸਿੰਘ ਧਾਲੀਵਾਲ, ਅਵਤਾਰ ਸਿੰਘ ਰਸੂਲਪੁਰ, ਗੁਰਦੇਵ ਸਿੰਘ ਮੁੱਲਾਂਪੁਰ, ਜਸਪ੍ਰੀਤ ਸਿੰਘ ਢੋਲਣ ਨੇ ਦੋਸ਼ ਲਗਾਇਆ ਕਿ ਪੁਲਸ ਮੁਕੱਦਮੇ ਦੇ ਦੋਸ਼ੀਆਂ ਨੂੰ ਬਚਾਉਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੇ ਹਨ ਪਰ ਧਰਨਾਕਾਰੀ ਜਥੇਬੰਦੀਆਂ ਦਾ ਵੀ ਦ੍ਰਿੜ੍ਹ ਸੰਕਲਪ ਹੈ ਕਿ 23 ਮਾਰਚ 2022 ਤੋਂ ਸ਼ੁਰੂ ਹੋਇਆ ਇਹ ਪੱਕਾ ਮੋਰਚਾ ਪੀੜਤ ਪਰਵਾਰਾਂ ਨੂੰ ਨਿਆਂ ਮਿਲਣ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੀ 21 ਜੁਲਾਈ ਨੂੰ ਐਸ.ਐਸ.ਪੀ. ਦਫਤਰ ਵੱਲ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਨਿਆਂ ਦੇ ਮੰਤਵ ਲਈ ਸਮੂਹ ਇਨਸਾਫ ਪਸੰਦ ਲੋਕ ਬੇਸਿਕ ਸਕੂਲ ਰੇਲਵੇ ਪੁਲ ਦੇ ਹੇਠ ਇਕੱਠੇ ਹੋਣਗੇ ਅਤੇ ਫਿਰ ਰੋਸ ਮਾਰਚ ਕਰਨਗੇ। ਮੁਦਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਦੋਸ਼ ਲਗਾਇਆ ਕਿ ਪੁਲਸ ਅਧਿਕਾਰੀ ਕੌਮੀ ਅਨੁਸੂਚਿਤ ਜਾਤੀਆਂ ਕਮਿਸ਼ਨ ਦਿੱਲੀ ਦੇ ਹੁਕਮਾਂ ਨੂੰ ਲਾਗੂ ਕਰਨ ਤੋਂ ਕੰਨੀ ਕਤਰਾ ਰਹੀ ਹੈ ਜੋ ਕਿ ਕੌਮੀ ਕਮਿਸ਼ਨ ਦੇ ਹੁਕਮਾਂ ਦੀ ਤੌਹੀਨ ਹੈ। ਕੌਮੀ ਕਮਿਸ਼ਨ ਨੇ ਪੀੜਤ ਪਰਵਾਰ ਨੂੰ ਮੁਆਵਜ਼ਾ ਦੇਣ ਅਤੇ ਪੀੜਤ ਮਾਤਾ ਨੂੰ ਪੈਨਸ਼ਨ ਦੇਣ ਦਾ ਦਿੱਤਾ ਹੁਕਮ ਅਜੇ ਤੱਕ ਲਾਗੂ ਨਹੀਂ ਕੀਤਾ ਜਾ ਰਿਹਾ। ਪ੍ਰੈਸ ਨੂੰ ਜਾਰੀ ਬਿਆਨ 'ਚ ਤਰਲੋਚਨ ਸਿੰਘ, ਗੁਰਦਿਆਲ ਸਿੰਘ, ਜਸਦੇਵ ਸਿੰਘ, ਨਿਰਮਲ ਸਿੰਘ, ਕਾਮਰੇਡ ਗੁਰਦੇਵ ਸਿੰਘ ਮੁੱਲਾਂਪੁਰ ਨੇ ਕਿਹਾ ਕਿ 21 ਜੁਲਾਈ ਨੂੰ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਮੇਂ ਸੁਖਦੇਵ ਸਿੰਘ ਚਕਰ, ਨਿਰਮਲ ਸਿੰਘ ਰਸੂਲਪੁਰ, ਕੇਕੇਯੂ ਯੂਥ ਆਗੂ ਸੁਖਜੀਤ ਝੋਰੜਾਂ, ਬਲਵਿੰਦਰ ਸਿੰਘ ਕੋਠੇ ਪੋਨਾ, ਭਰਭੂਰ ਸਿੰਘ ਛੱਜਾਵਾਲ, ਸੁਰਜੀਤ ਸਿੰਘ, ਬਲਜੀਤ ਸਿੰਘ ਸਬੱਦੀ, ਜਥੇਦਾਰ ਚੜ੍ਹਤ ਸਿੰਘ, ਗੁਰਚਰਨ ਸਿੰਘ, ਰਾਮਤੀਰਥ ਸਿੰਘ ਆਦਿ ਵੀ ਹਾਜ਼ਰ ਸਨ।

## ਕਾਤਰਾਂ

### ਭਾਵਿਪ ਵੱਲੋਂ ਤੁਲਸੀ ਵੰਡ ਸਮਾਰੋਹ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਭਾਰਤ ਵਿਕਾਸ ਪ੍ਰੀਸ਼ਦ ਫਿਰੋਜ਼ਪੁਰ ਸ਼ਹਿਰੀ ਸ਼ਾਖਾ ਵੱਲੋਂ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਮੰਦਰ ਮੈਂਬਰਾਂ ਤੇ ਸ੍ਰੀ ਰਾਮਾਇਣ ਪ੍ਰੀਸ਼ਦ ਮੈਂਬਰਾਂ ਦੇ ਸਹਿਯੋਗ ਨਾਲ ਤੁਲਸੀ ਵੰਡ ਸਮਾਗਮ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਮੰਦਰ ਵਿਖੇ ਕਰਵਾਇਆ ਗਿਆ।ਸਮਾਗਮ ਦੌਰਾਨ ਭਾਰਤ ਵਿਕਾਸ ਪ੍ਰੀਸ਼ਦ ਦੇ ਅਧਿਕਾਰੀਆਂ ਨੇ ਲੋਕਾਂ ਨੂੰ 200 ਦੇ ਕਰੀਬ ਤੁਲਸੀ ਦੇ ਪੌਦੇ ਵੰਡੇ ਤੇ ਇਸ ਦੌਰਾਨ ਭਾਵਿਪ ਆਗੂ ਵਿਨੋਦ ਗੋਇਲ, ਪ੍ਰੀਸ਼ਦ ਦੇ ਸਕੱਤਰ ਵਿਜੇ ਅਰੋੜਾ ਤੇ ਸਤੀਸ਼ ਗਰੋਵਰ ਨੇ ਤੁਲਸੀ ਦੀਆਂ ਵਿਸ਼ੇਸ਼ਤਾਵਾਂ, ਔਸ਼ਧੀ ਗੁਣਾਂ ਬਾਰੇ ਜਾਗਰੂਕ ਕੀਤਾ।ਇਸ ਮੌਕੇ ਸ੍ਰੀ ਸਨਾਤਨ ਧਰਮ ਮਹਾਂਵੀਰ ਦਲ ਮੰਦਰ ਦੇ ਮੁਖੀ ਪ੍ਰਿਥਵੀ ਰਾਜ ਪੁਗਲ, ਕੌਂਸਲ ਮੈਂਬਰ ਰਮਨ ਸ਼ਰਮਾ, ਸ਼ਵਿੰਦਰ ਮਾਚਰਾਲ, ਸੁਸ਼ੀਲ ਸੇਠੀ, ਹੁਕਮ ਚੰਦ, ਜਤਿੰਦਰ ਕੁਮਾਰ ਤੇ ਜਨਕ ਚੌਧਰੀ ਨੇ ਵਿਸ਼ੇਸ਼ ਸਹਿਯੋਗ ਦਿੱਤਾ।ਸਮਾਗਮ ਦੇ ਅੰਤ ਵਿੱਚ ਕੌਂਸਲ ਪ੍ਰਧਾਨ ਸੁਭਾਸ਼ ਚੌਧਰੀ ਨੇ ਹਾਜ਼ਰ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ।

### ਡਰੱਗ ਇੰਸਪੈਕਟਰ ਰੂਪਪ੍ਰੀਤ ਕੌਰ ਨੂੰ ਕੀਤਾ ਸਨਮਾਨਤ



**ਜਗਰਾਉਂ (ਅਮਿਤ ਖੰਨਾ)**-ਸਿਵਲ ਸਰਜਨ ਦਫਤਰ ਲੁਧਿਆਣਾ ਤੋਂ ਜਗਰਾਉਂ ਤਬਦੀਲ ਹੋ ਕੇ ਆਏ ਡਰੱਗ ਇੰਸਪੈਕਟਰ ਰੂਪਪ੍ਰੀਤ ਕੌਰ ਨੂੰ ਸਿਵਲ ਹਸਪਤਾਲ ਜਗਰਾਉਂ ਵਿਖੇ ਆਪਣੇ ਦਫਤਰ ਵਿਖੇ ਪ੍ਰਧਾਨ ਪੰਕਜ ਅਗਰਵਾਲ, ਜਨਰਲ ਸਕੱਤਰ ਕੇਵਲ ਮਾਵਾਤਰਾ, ਪਰਮਜੀਤ ਸਿੰਘ ਤਨੇਜਾ, ਸੁਨੀਲ ਸਿੰਗਲਾ, ਨਵਦੀਪ ਗੁਪਤਾ ਤੇ ਮਦਨ ਲਾਲ ਆਦਿ ਮੈਂਬਰਾਂ ਨੇ ਉਨ੍ਹਾਂ ਦਾ ਗੁਲਦਸਤੇ ਤੇ ਯਾਦਗਾਰੀ ਚਿੰਨ੍ਹ ਦੇ ਕੇ ਸਵਾਗਤ ਕੀਤਾ। ਇਸ ਮੌਕੇ ਡਰੱਗ ਇੰਸਪੈਕਟਰ ਰੂਪ ਪ੍ਰੀਤ ਕੌਰ ਨੇ ਕਿਹਾ ਕਿ ਸਾਰੇ ਕੈਮਿਸਟ ਨਾਰਕੋਟਿਕਸ ਤੇ ਸ਼ਡਿਊਲ ਐੱਚ ਡਰੱਗਜ਼ ਅਧੀਨ ਆਉਂਦੇ ਨਸ਼ਿਆਂ ਦੀ ਖਰੀਦ-ਵੇਚ ਦਾ ਪੂਰਾ ਰਿਕਾਰਡ ਰੱਖਣ ਤੇ ਨਸ਼ੇ ਲਈ ਵਰਤੇ ਜਾਂਦੇ ਪਦਾਰਥ ਨਾ ਵੇਚਣ। ਉਨ੍ਹਾ ਕਿਹਾ ਕਿ ਪੈਸਿਆਂ ਦੇ ਲਾਲਚ ਵਿੱਚ ਖੁੱਲੇਆਮ ਅਜਿਹੇ ਨਸ਼ੇ ਵੇਚਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਚੇਅਰਮੈਨ ਪੰਕਜ ਅਗਰਵਾਲ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਜਗਰਾਉਂ ਦੇ ਸਾਰੇ ਕੈਮਿਸਟ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਕੰਮ ਕਰ ਰਹੇ ਹਨ। ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹਨ।

### ਪਲੇਸਮੈਂਟ ਕੈਂਪ ਅੱਜ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ੍ਰੀ ਦਲਜੀਤ ਸਿੰਘ ਪਲੇਸਮੈਂਟ ਅਫਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ ਲਈ 10 ਜੁਲਾਈ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਡੀ. ਸੀ. ਦਫਤਰ ਸੇਵਾ ਕੇਂਦਰ ਦੇ ਉੱਪਰ, ਸ੍ਰੀ ਮੁਕਤਸਰ ਸਾਹਿਬ ਵਿਖੇ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ, ਜਿਸ 'ਚ ਹੀਰਾ ਆਟੋ ਮੋਬਾਇਲ ਕੰਪਨੀ ਵੱਲੋਂ ਵੱਖ-ਵੱਖ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ। ਇਸ ਕੈਂਪ ਵਿੱਚ ਬਾਰਵੀਂ, ਗ੍ਰੈਜੂਏਟ, ਪੋਸਟ ਗ੍ਰੈਜੂਏਟ, ਆਈ.ਟੀ.ਆਈ. ਮਕੈਨੀਕਲ, ਕੋਪਾ, ਬੀ. ਕਾਮ ਪਾਸ ਲੜਕੇ/ਲੜਕੀਆਂ ਭਾਗ ਲੈ ਸਕਦੇ ਹਨ। ਪ੍ਰਾਰਥੀਆਂ ਦੀ ਉਮਰ ਘੱਟ ਤੋਂ ਘੱਟ 21 ਸਾਲ ਤੇ ਵੱਧ ਤੋਂ ਵੱਧ 37 ਸਾਲ ਹੋਣਾ ਲਾਜ਼ਮੀ ਹੈ।

### ਪੈਸੇ ਦੇ ਕੇ ਰਜਿਸਟਰੀ ਨਾ ਕਰਨ ਵਾਲਿਆਂ ਵਿਰੁੱਧ ਮਾਮਲਾ ਦਰਜ

**ਪਾਤੜਾਂ (ਪੱਤਰ ਪ੍ਰੇਰਕ)**-ਪਾਤੜਾਂ ਪੁਲਸ ਨੇ ਪੈਸੇ ਲੈ ਕੇ ਰਜਿਸਟਰੀ ਨਾ ਕਰਵਾਉਣ ਦੀ ਸ਼ਿਕਾਇਤ 'ਤੇ ਇੱਕ ਔਰਤ ਸਮੇਤ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਕੀਤੀ ਸ਼ਿਕਾਇਤ ਅਨੁਸਾਰ ਗੁਰਦਿਆਲ ਸਿੰਘ ਵਾਸੀ ਪਿੰਡ ਬਹਿਰਜੱਛ ਨੇ ਦੱਸਿਆ ਕਿ ਇੱਕ ਔਰਤ ਤੇ ਇੱਕ ਵਿਅਕਤੀ ਵੱਲੋਂ 8 ਕਿੱਲੇ ਜ਼ਮੀਨ ਵੇਚਣ ਦਾ ਝਾਂਸਾ ਦੇ ਕੇ ਉਸ ਤੋਂ 36 ਲੱਖ ਰੁਪਏ ਲੈ ਲਏ, ਪ੍ਰੰਤੂ ਬਾਅਦ ਵਿੱਚ ਉਨ੍ਹਾਂ ਨੇ ਨਾ ਜ਼ਮੀਨ ਦੀ ਰਜਿਸਟਰੀ ਕਰਵਾਈ ਤੇ ਨਾ ਹੀ ਪੈਸੇ ਵਾਪਸ ਕੀਤੇ, ਜਿਸ ਦੀ ਸ਼ਿਕਾਇਤ 'ਤੇ ਪਾਤੜਾਂ ਪੁਲਸ ਨੇ ਇੱਕ ਔਰਤ ਸਮੇਤ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨੌਜਵਾਨ ਕਲੱਬ ਨੇ ਬੂਟਿਆਂ ਦੀ ਛਬੀਲ ਲਗਾਈ

**ਅਹਿਮਦਗੜ੍ਹ (ਪਵਨ ਗੁਪਤਾ)**

ਨੌਜਵਾਨ ਕਲੱਬ ਨੇ ਸਵਰਗੀ ਮੁਸ਼ਤਾਕ ਮੁਹੰਮਦ ਦੀ ਯਾਦ ਵਿੱਚ ਪਿੰਡ ਭੋਗੀਵਾਲ ਵਿਖੇ ਬੂਟਿਆਂ ਦੀ ਛਬੀਲ ਲਗਾਈ। ਲੁਧਿਆਣਾ ਮਲੇਰਕੋਟਲਾ ਮੁੱਖ ਮਾਰਗ 'ਤੇ ਸਥਿਤ ਪਿੰਡ ਭੋਗੀਵਾਲ ਵਿਖੇ ਨੌਜਵਾਨ ਕਲੱਬ ਵੱਲੋਂ ਚਾਰ ਹਜ਼ਾਰ ਦੇ ਕਰੀਬ ਫਲ ਤੇ ਛਾਂਦਾਰ ਬੂਟੇ ਵੰਡੇ ਗਏ। ਸਮਾਜ ਸੇਵੀ ਜਸ਼ਨ ਬੈਨੀਪਾਲ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਾਤਾਵਰਨ ਦੀ ਸ਼ੁੱਧਤਾ ਨੂੰ ਮੁੱਖ ਰੱਖਦੇ ਹੋਏ ਤੇ ਕੱਟੇ ਜਾ ਰਹੇ ਦਰੱਖਤਾਂ ਦੀ ਪੂਰਤੀ ਕਰਨ ਲਈ ਨੌਜਵਾਨ ਕਲੱਬ ਵੱਲੋਂ ਇਹ ਉਪਰਾਲਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਕੁੱਪ ਕਲਾਂ ਵਿਖੇ 1000 ਛਾਂਦਾਰ ਬੂਟੇ ਖੁਦ ਲਗਾਵੇਗੀ। ਇਸ ਮੌਕੇ ਕੁਲਵੰਤ ਸਿੰਘ ਗੱਜਣਮਾਜਰਾ, ਸਾਬਕਾ ਵਿਧਾਇਕ ਅਮਰਗੜ੍ਹ ਇਕਬਾਲ ਸਿੰਘ ਝੂੰਦਾ, ਡੀ ਐੱਸ ਪੀ ਦਵਿੰਦਰ ਸਿੰਘ, ਡੀ ਐੱਸ ਪੀ ਰਣਜੀਤ ਸਿੰਘ, ਥਾਣਾ ਮੁਖੀ ਅਹਿਮਦਗੜ੍ਹ ਅਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣ ਤੇ ਨੌਜਵਾਨ ਸ਼ਾਮਲ ਸਨ।

# ਪਿਛਲੀਆਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਹੋਇਆ ਉਦੇਕਰਨ : ਕਾਕਾ ਬਰਾੜ

## ਉਦੇਕਰਨ 'ਚ ਵਿਧਾਇਕ ਵੱਲੋਂ ਵਿਕਾਸ ਕੰਮਾਂ ਦਾ ਉਦਘਾਟਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਨਜ਼ਦੀਕੀ ਪਿੰਡ ਉਦੇਕਰਨ ਵਿਖੇ ਪਿਛਲੇ ਕਰੀਬ 40 ਸਾਲਾਂ ਤੋਂ ਨਰਕ ਭੋਗ ਰਹੇ ਲੋਕਾਂ ਨੂੰ ਸੁੱਖ ਦਾ ਤਦ ਸਾਹ ਆਇਆ, ਜਦ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਇੰਟਰਲਾਕ ਨਾਲ ਬਣੀ ਗਲੀਆਂ ਦਾ ਉਦਘਾਟਨ ਕੀਤਾ। ਇਸ ਦੌਰਾਨ ਪਿੰਡ ਵਾਸੀਆਂ ਨੇ ਵਿਧਾਇਕ ਕਾਕਾ ਬਰਾੜ ਦਾ ਧੰਨਵਾਦ ਕੀਤਾ। ਇਸ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੁਖਜਿੰਦਰ ਸਿੰਘ ਬਰਾੜ ਦੇ ਗ੍ਰਹਿ ਵਿਖੇ ਕੀਤੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਗਦੀਪ ਸਿੰਘ 'ਕਾਕਾ ਬਰਾੜ' ਨੇ ਆਖਿਆ ਕਿ ਉਨ੍ਹਾਂ ਨੂੰ ਬੜੀ ਖ਼ੁਸ਼ੀ ਹੋਈ, ਜਦੋਂ ਸਮੂਹ ਪੰਚਾਇਤ ਤੇ ਪਿੰਡ ਵਾਸੀਆਂ ਨੇ ਇਕੱਠੇ ਹੋ ਕੇ ਸਾਂਝੇ ਕੰਮਾਂ ਨੂੰ ਨੇਪਰੇ ਚਾੜ੍ਹਨ ਦਾ ਪ੍ਰਣ ਲਿਆ। ਉਨ੍ਹਾ ਕਿਹਾ ਕਿ ਜਦ ਆਪਸੀ ਤਾਲਮੇਲ ਸਹੀ ਹੋਵੇ ਤਾਂ ਪਿੰਡ ਦਾ ਕੁਝ ਵੀ ਕਰਵਾ ਸਕਦੇ ਹੋ। ਪਿੰਡ ਉਦੇਕਰਨ ਸ਼ਹਿਰ ਦੇ ਬਿਲਕੁਲ ਨਾਲ ਲੱਗਦਾ ਪਿੰਡ ਹੈ। ਇਸ ਪਿੰਡ ਦੀ ਹਾਲਤ ਪਿਛਲੇ ਲੰਬੇ ਸਮੇਂ ਤੋਂ ਤਰਸਯੋਗ ਬਣੀ ਹੋਈ ਹੈ, ਕਿਉਂਕਿ ਬੜੀਆਂ ਸਰਕਾਰਾਂ ਆਈਆਂ, ਪਰ ਪਿੰਡ ਦੀਆਂ ਗਲੀਆਂ ਜਿਓਂ ਦੀ ਤਿਓਂ ਰਹੀਆਂ, ਪ੍ਰੰਤੂ ਹੁਣ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਬੀੜਾ ਚੁੱਕਦਿਆਂ ਆਪਣੇ ਪਿੰਡ ਦੀ ਤਸਵੀਰ ਬਦਲਣ ਦਾ ਫੈਸਲਾ ਲਿਆ, ਜਿਸ ਦਾ ਨਤੀਜਾ ਬਹੁਤ ਵਧੀਆ ਨਿਕਲਿਆ ਤੇ ਪਿਛਲੇ ਕਰੀਬ 40 ਸਾਲਾਂ ਤੋਂ ਖਸਤਾ ਹਾਲਤ ਪਈ ਗਲੀ ਨੂੰ ਵਧੀਆ ਢੰਗ ਨਾਲ ਇੰਟਰਲਾਕ ਟਾਈਲਾਂ ਲਗਾ ਕੇ ਬਣਾਇਆ ਗਿਆ। ਉਨ੍ਹਾ ਕਿਹਾ ਕਿ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ।

ਉਨ੍ਹਾ ਭਰੋਸਾ ਦੁਆਇਆ ਕਿ ਹੋਰ ਪਿੰਡ ਦੇ ਰਹਿੰਦੇ ਕੰਮ ਸਹੀ ਸਮੇਂ 'ਚ ਪੂਰੇ ਕੀਤੇ ਜਾਣਗੇ। ਇਸ ਮੌਕੇ ਮਨਪ੍ਰੀਤ ਸਿੰਘ ਮਨੀ ਬਰਾੜ, ਗੁਰਚਰਨ ਸਿੰਘ, ਸੁਖਜਿੰਦਰ ਸਿੰਘ ਬਰਾੜ, ਹਰਜੋਤ ਸਿੰਘ ਆਦਿ ਨੇ ਆਖਿਆ ਕਿ ਉਨ੍ਹਾਂ ਦੇ ਪਿੰਡ ਦੀਆਂ ਗਲੀਆਂ ਕੋਈ ਵੀ ਨਹੀਂ ਬਣੀਆਂ, ਜਿਸ ਕਾਰਨ ਉਨ੍ਹਾਂ ਦੇ ਪਿੰਡ ਦੇ ਲੋਕ ਕਾਫੀ ਔਖੇ ਹਨ। ਉਨ੍ਹਾਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕਰਦਿਆਂ ਆਖਿਆ ਕਿ ਪਿੰਡ ਦੇ ਰਹਿੰਦੇ ਕੰਮ ਵੀ ਵਿਧਾਇਕ ਕਾਕਾ ਬਰਾੜ ਦੀ ਅਗਵਾਈ ਵਿੱਚ ਜਲਦ ਪੂਰੇ ਕੀਤੇ ਜਾਣਗੇ। ਇਸ ਮੌਕੇ ਸਰਪੰਚ ਮੰਗਾ ਸਿੰਘ, ਬਲਕਰਨ ਸਿੰਘ, ਸੁਖਜਿੰਦਰ ਸਿੰਘ ਸੁੱਖਾ, ਸੁਖਚਰਨ ਸਿੰਘ ਨਿੱਕਾ, ਹਰਜੀਤ ਸਿੰਘ ਦੀਪੀ, ਰਮਨਦੀਪ ਸਿੰਘ, ਬਘੇਲ ਸਿੰਘ, ਆਤਮਾ ਸਿੰਘ, ਮਾਸਟਰ ਦਲਜੀਤ ਸਿੰਘ, ਅੰਗਰੇਜ਼ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਵਰਕਰ ਹਾਜ਼ਰ ਸਨ।

# ਲੋਕ ਸੇਵਾ ਸੁਸਾਇਟੀ ਵੱਲੋਂ ਤਿੰਨ ਜ਼ਰੂਰਤਮੰਦ ਪਰਵਾਰਾਂ ਨੂੰ ਪੇਟੀਆਂ ਤੇ ਰਾਸ਼ਨ ਦੀ ਮਦਦ



**ਜਗਰਾਉਂ (ਅਮਿਤ ਖੰਨਾ)**

ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਅੱਜ ਤਿੰਨ ਜ਼ਰੂਰਤਮੰਦ ਪਰਵਾਰਾਂ ਨੂੰ ਲੋਹੇ ਦੀਆਂ ਪੇਟੀਆਂ ਅਤੇ ਰਾਸ਼ਨ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ, ਸਰਪ੍ਰਸਤ ਰਜਿੰਦਰ ਜੈਨ, ਸੈਕਟਰੀ ਕੁਲਭੂਸ਼ਨ ਗੁਪਤਾ ਅਤੇ ਖ਼ਜ਼ਾਨਚੀ ਸੁਨੀਲ ਬਜਾਜ ਦੀ ਅਗਵਾਈ ਹੇਠ ਤਕਸੀਮ ਕੀਤਾ ਗਿਆ।

ਅਰੋੜਾ ਪ੍ਰਾਪਰਟੀ ਐਡਵਾਈਜ਼ਰ ਰੇਲਵੇ ਲਿੰਕ ਰੋਡ ਜਗਰਾਉਂ ਵਿਖੇ ਕਰਵਾਏ ਸਮਾਗਮ ਸਮੇਂ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਕੰਵਲ ਕੱਕੜ ਅਤੇ ਸਰਪ੍ਰਸਤ ਰਜਿੰਦਰ ਜੈਨ ਨੇ ਕਿਹਾ ਕਿ ਲੋਕ ਸੁਸਾਇਟੀ ਪਿਛਲੇ 28 ਸਾਲਾਂ ਤੋਂ ਨਿਰਵਿਘਨ ਸਮਾਜ ਸੇਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਦੀ ਸਿਹਤ ਤੰਦਰੁਸਤੀ ਲਈ ਸੁਸਾਇਟੀ ਵੱਲੋਂ ਜਿੱਥੇ ਸਮੇਂ ਸਮੇਂ ਮੈਡੀਕਲ ਕੈਂਪ ਲਗਾਏ ਜਾਂਦੇ ਹਨ ਉੱਥੇ ਜ਼ਰੂਰਤਮੰਦ ਲੋਕਾਂ ਦੀ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਮਦਦ ਵੀ ਕੀਤੀ ਜਾਂਦੀ ਹੈ। ਇਸ ਮੌਕੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਪ੍ਰੋਜੈਕਟ ਚੇਅਰਮੈਨ ਚਰਨਜੀਤ ਸਿੰਘ ਭੰਡਾਰੀ, ਸੀਨੀਅਰ ਮੀਤ ਪ੍ਰਧਾਨ ਮਨੋਹਰ ਸਿੰਘ ਟੱਕਰ, ਰਾਜਿੰਦਰ ਜੈਨ (ਕਾਕਾ), ਪ੍ਰਵੀਨ ਮਿੱਤਲ, ਵਿਨੋਦ ਬਾਂਸਲ, ਲਾਕੇਸ਼ ਟੰਡਨ, ਅਨਿਲ ਮਲਹੋਤਰਾ, ਪ੍ਰਸ਼ੋਤਮ ਅਗਰਵਾਲ, ਮੁਕੇਸ਼ ਗੁਪਤਾ, ਪੀ ਆਰ ਓ ਸੁਖਦੇਵ ਗਰਗ, ਜਸਵੰਤ ਸਿੰਘ, ਆਰ ਕੇ ਗੋਇਲ, ਕਪਿਲ ਸ਼ਰਮਾ ਆਦਿ ਹਾਜ਼ਰ ਸਨ।

# ਵਾਰਡ ਨੰਬਰ 1 'ਚ ਸਬਮਰਸੀਬਰਲ ਪੰਪ ਦਾ ਟੱਕ ਲਾ ਕੇ ਕੀਤਾ ਉਦਘਾਟਨ

**ਤਪਾ ਮੰਡੀ (ਅਰੁਣ ਗੋਇਲ)**

ਹਲਕਾ ਭਦੌੜ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਲਾਭ ਸਿੰਘ ਉਗੋਕੇ ਦੇ ਦਿਸ਼ਾ-ਨਿਰਦੇਸ਼ਾਂ ਤੇ ਆਪ ਵਾਲੰਟੀਅਰ ਪੰਕਜ ਚੌਹਾਨ ਦੀ ਮਿਹਨਤ ਸਦਕਾ ਵਾਰਡ ਨੰਬਰ 1 ਵਿੱਚ ਡੇਰਾ ਬਾਬਾ ਗੁੱਦੜ ਸ਼ਾਹ ਦੇ ਧਾਰਮਕ ਅਸਥਾਨ 'ਤੇ ਲਗਭਗ 55 ਹਜ਼ਾਰ ਰੁਪਏ ਦੀ ਲਾਗਤ ਨਾਲ ਲੱਗਣ ਵਾਲੇ ਸਬਮਰਸੀਬਲ ਪੰਪ ਦਾ ਉਦਘਾਟਨ ਡੇਰਾ ਪ੍ਰਧਾਨ ਰਜਨੀ ਮਹੰਤ ਅਤੇ ਬਾਬਾ ਪ੍ਰਤਾਪ ਦਾਸ ਨੇ ਕਹੀ ਦਾ ਟੱਕ ਲਾ ਕੇ ਕੀਤਾ। ਇਸ ਮੌਕੇ ਗੁੱਦੜ ਸ਼ਾਹ ਦੇ ਪ੍ਰਧਾਨ ਮਹੰਤ ਰਜਨੀ ਅਤੇ ਬਾਬਾ ਪ੍ਰਤਾਪ ਦਾਸ ਨੇ ਕਿਹਾ ਕਿ ਬਸਤੀ 'ਚ ਪੀਣ ਦੀ ਪਾਣੀ ਦੀ ਬਹੁਤ ਕਿੱਲਤ ਪਾਈ ਜਾ ਰਹੀ ਸੀ ਜਿਸ ਨੂੰ ਦੇਖਦੇ ਹੋਏ ਹਲਕਾ ਭਦੌੜ ਦੇ ਵਿਧਾਇਕ ਲਾਭ ਸਿੰਘ ਉਗੋਕੇ ਨੂੰ ਸਮੱਸਿਆ ਦਾ ਹੱਲ ਕਰਨ ਲਈ ਕਿਹਾ ਸੀ, ਜਿਨ੍ਹਾਂ ਸਾਡੀ ਮੰਗ ਨੂੰ ਪ੍ਰਵਾਨ ਕਰਦਿਆਂ ਅੱਜ ਇਹ ਮੰਗ ਆਪ ਆ ਕੇ



ਸਬਮਰਸੀਬਲ ਪੰਪ ਦਾ ਟੱਕ ਲਾ ਕੇ ਸ਼ੁਰੂਆਤ ਕਰਦੇ ਵਾਲੰਟੀਅਰ ਅਤੇ ਪ੍ਰਬੰਧਕ।

ਸਬਮਰਸੀਬਲ ਪੰਪ ਦੀ ਸ਼ੁਰੂਆਤ ਕਰਵਾਈ। ਡੇਰੇ ਦੇ ਪ੍ਰਬੰਧਕਾਂ ਨੇ ਹਲਕਾ ਵਿਧਾਇਕ ਅਤੇ ਆਪ ਵਾਲੰਟੀਅਰਾਂ ਦਾ ਬਹੁਤ ਧੰਨਵਾਦ ਕੀਤਾ। ਇਸ ਮੌਕੇ ਪੀ.ਏ ਸੁਰਿੰਦਰ ਸਿੰਘ, ਟਰੱਕ ਯੂਨੀਅਨ ਤਪਾ ਦੇ ਪ੍ਰਧਾਨ ਨਰਾਇਣ ਸਿੰਘ ਪੰਧੇਰ, ਸ਼ਹਿਰੀ ਪ੍ਰਧਾਨ ਜਸਵਿੰਦਰ ਸਿੰਘ ਚੱਠਾ, ਹੈਰੀ ਧਾਲੀਵਾਲ, ਅਮਨ ਸਿਧੂ ਦਰਾਜ, ਡਾ.ਬਾਲ ਚੰਦ ਬਾਂਸਲ, ਰਿੰਕਾ ਅਰੋੜਾ, ਬਲਜੀਤ ਸਿੰਘ ਬਾਸੀ, ਸਿੰਦਰ ਸਿੰਘ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ ਚੱਠਾ ਅਤੇ ਤੋਤਾ ਸਿੰਘ ਆਦਿ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਕਾਸ ਕੰਮਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾ ਰਹੀ ਹੈ, ਕਿਸੇ ਨੂੰ ਵੀ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਸਿੱਖਿਆ ਵਿਭਾਗ ਦੇ ਕੱਚੇ ਦਫਤਰੀ ਮੁਲਾਜ਼ਮਾਂ ਦੀ ਹੜਤਾਲ ਨੂੰ ਡੀ ਟੀ ਐੱਫ ਵੱਲੋਂ ਡਟਵੀਂ ਹਮਾਇਤ

## ਪੇਅ ਸਕੇਲ, ਸੀ.ਐੱਸ.ਆਰ. ਤੇ ਪੈਨਸ਼ਨਰੀ ਲਾਭ ਦੇ ਕੇ ਸੇਵਾਵਾਂ ਰੈਗੂਲਰ ਕੀਤੀਆਂ ਜਾਣ : ਦਿਗਵਿਜੇ ਪਾਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਆਮ ਆਦਮੀ ਪਾਰਟੀ ਦੀ ਸਰਕਾਰ ਦੀ ਵਾਅਦਾ ਖਿਲਾਫੀ ਕਰਕੇ ਅੱਜ ਤੋਂ ਸਿੱਖਿਆ ਵਿਭਾਗ ਦੇ ਕੱਚੇ ਦਫਤਰੀ ਮੁਲਾਜ਼ਮ ਤੇ ਆਈ ਈ ਆਰ ਟੀ ਅਧਿਆਪਕਾਂ ਨੇ ਕਲਮ ਛੋੜ ਹੜਤਾਲ ਸ਼ੁਰੂ ਕਰ ਦਿੱਤੀ ਹੈ। ਪਿਛਲੇ 10 ਮਹੀਨੇ ਤੋਂ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਦਾ ਸਰਕਾਰ ਪ੍ਰਚਾਰ ਕਰ ਰਹੀ ਹੈ, ਪਰ ਜੋ ਸੱਚਾਈ ਸਾਹਮਣੇ ਆਈ ਹੈ, ਉਹ ਸ਼ਰੇਆਮ ਕੱਚੇ ਮੁਲਾਜ਼ਮਾਂ ਨਾਲ ਸਰਕਾਰ ਵੱਲੋਂ ਕੀਤਾ ਜਾ ਰਿਹਾ ਧੋਖਾ ਹੈ। ਪੰਜਾਬ ਸਰਕਾਰ ਬਿਨਾਂ ਪੇ ਸਕੇਲ, ਸੀ ਐੱਸ ਆਰ ਤੇ ਪੈਨਸ਼ਨਰੀ ਲਾਭ ਦਿੱਤੇ ਰੈਗੂਲਰ ਦੇ ਨਾਮ 'ਤੇ ਪ੍ਰਚਾਰ ਰੈਗੂਲਰ ਕਰਨ ਦਾ ਕਰ ਰਹੀ ਹੈ, ਜੋ ਕਿ ਕੋਰਾ ਝੂਠ ਹੈ। ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ ਨੇ ਕਿਹਾ ਕਿ ਅਕਾਲੀ ਦਲ ਤੇ ਕਾਂਗਰਸ ਦੀ ਸਰਕਾਰ ਨੇ ਕੱਚੇ ਮੁਲਾਜ਼ਮਾਂ ਦੀ ਜਵਾਨੀ ਰੋਲ ਕੇ ਰੱਖ ਦਿੱਤੀ ਤੇ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਕੱਚੇ ਮੁਲਾਜ਼ਮਾਂ ਦੇ ਭਵਿੱਖ ਨੂੰ ਰੋਲਣ ਦੀ ਤਿਆਰੀ ਕਰੀ ਬੈਠੀ ਹੈ। ਆਗੂਆਂ ਨੇ ਦੱਸਿਆ ਕਿ ਜਦੋਂ 7 ਅਕਤੂਬਰ 2022 ਨੂੰ ਪਾਲਿਸੀ ਜਾਰੀ ਹੋਈ ਸੀ ਤਾਂ ਮੁਲਾਜ਼ਮਾਂ ਨੂੰ ਕੁਝ ਖਦਸ਼ੇ ਸੀ, ਜਿਸ ਸਬੰਧੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਭਵਨ ਵਿਖੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਸਪੱਸ਼ਟ ਕਿਹਾ ਸੀ ਕਿ ਰੈਗੂਲਰ ਮੁਲਾਜ਼ਮਾਂ ਵਾਂਗ ਇਨ੍ਹਾਂ ਕੱਚੇ ਮੁਲਾਜ਼ਮਾਂ ਨੂੰ ਵੀ ਰੈਗੂਲਰ ਹੋਣ ਤੇ ਪੇਅ ਸਕੇਲ, ਭੱਤੇ ਸੀ.ਐੱਸ.ਆਰ. ਰੂਲਜ਼ ਤੇ ਪੈਨਸ਼ਨਰੀ ਲਾਭ ਮਿਲਣਗੇ, ਪਰ 9 ਮਹੀਨਿਆਂ ਬਾਅਦ ਜੋ ਸੱਚਾਈ ਸਾਹਮਣੇ ਆਈ ਹੈ। ਉਹ ਹਰ ਇਕ ਕੱਚੇ ਮੁਲਾਜ਼ਮ ਦੇ ਹੋਸ਼ ਉਡਾਉਣ ਵਾਲੀ ਹੈ। ਆਗੂਆਂ ਨੇ ਕਿਹਾ ਕਿ ਬਿਨਾਂ ਪੇਅ ਸਕੇਲ ਤੇ ਹੋਰ ਲਾਭ ਦਿੱਤੇ ਬਿਨਾਂ ਮੁਲਾਜ਼ਮ ਕਿਵੇਂ ਰੈਗੂਲਰ ਹੋਣਗੇ। ਆਗੂਆਂ ਨੇ ਕਿਹਾ ਕਿ ਸਰਕਾਰ ਨੇ ਕੱਚੇ ਮੁਲਾਜ਼ਮਾਂ ਨਾਲ ਪੱਕਾ ਕਰਨ ਦਾ ਵਾਅਦਾ ਕੀਤਾ ਸੀ, ਜਿਸ ਤੋਂ ਸਰਕਾਰ ਹੁਣ ਭੱਜ ਰਹੀ ਹੈ। ਡੀਟੀਐੱਫ ਮੁਕਤਸਰ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਤੇ ਸਕੱਤਰ ਜੀਵਨ ਬਧਾਈ ਨੇ ਮੰਗ ਕੀਤੀ ਕਿ ਜਲਦੀ ਤੋਂ ਜਲਦੀ ਕੱਚੇ ਦਫਤਰੀ ਮੁਲਾਜ਼ਮਾਂ ਨੂੰ ਸਹੀ ਅਰਥਾਂ 'ਚ ਸਾਰੇ ਲਾਭ ਦੇ ਕੇ ਪੱਕਾ ਕੀਤਾ ਜਾਵੇ, ਨਹੀਂ ਤਾਂ ਡੀਟੀਐੱਫ ਵੀ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਸਰਕਾਰ ਖਿਲਾਫ ਵਿੱਢੇ ਸੰਘਰਸ਼ 'ਚ ਹਿੱਸਾ ਪਾ ਕੇ ਇਸ ਨੂੰ ਹੋਰ ਤਿੱਖਾ ਕਰੇਗੀ। ਜਥੇਬੰਦੀ ਨੇ ਕੱਚੇ ਮੁਲਾਜ਼ਮਾਂ ਦੇ ਚੱਲ ਰਹੇ ਸੰਘਰਸ਼ ਨੂੰ ਭਰਵੀਂ ਹਮਾਇਤ ਦੇਣ ਦਾ ਵੀ ਐਲਾਨ ਕੀਤਾ ਹੈ।

# ਥੈਲੇਸੀਮੀਆ ਪੀੜਤ ਬੱਚਿਆਂ ਦੀ ਮਦਦ ਲਈ ਖ਼ੂਨਦਾਨ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਸਮਾਜ ਸੇਵੀ ਸੰਸਥਾ ਵਿਸ਼ਵਕਰਮਾ ਬਲੱਡ ਡੋਨਰਜ਼ ਕਲੱਬ ਪਾਤੜਾਂ ਵੱਲੋਂ ਥੈਲੇਸੀਮੀਆਂ ਤੋਂ ਪੀੜਤ ਬੱਚਿਆਂ ਲਈ ਐਮਰਜੈਂਸੀ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਦੌਰਾਨ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਦੀ ਟੀਮ ਨੇ ਖ਼ੂਨਦਾਨੀਆਂ ਵੱਲੋਂ ਦਾਨ ਕੀਤਾ ਗਿਆ 75 ਯੂਨਿਟ ਖ਼ੂਨ ਇਕੱਤਰ ਕੀਤਾ। ਜਾਣਕਾਰੀ ਦਿੰਦਿਆਂ ਵਿਸ਼ਵਕਰਮਾ ਬਲੱਡ ਡੋਨਰਜ਼ ਕਲੱਬ ਦੇ ਪ੍ਰਧਾਨ ਹਰਜਿੰਦਰ ਸਿੰਘ ਬਿੱਟਾ ਨੇ ਦੱਸਿਆ ਕਿ ਥੈਲੇਸੀਮੀਆ ਇੱਕ ਅਜਿਹੀ ਨਾਮੁਰਾਦ ਬਿਮਾਰੀ ਹੈ, ਜਿਸ ਤੋਂ ਪੀੜਤ ਬੱਚਿਆਂ ਨੂੰ ਹਰ ਮਹੀਨੇ ਖ਼ੂਨ ਦੀ ਜ਼ਰੂਰਤ ਹੁੰਦੀ ਹੈ, ਜਿਸ ਕਰਕੇ ਅਜਿਹੇ ਬੱਚਿਆਂ ਨੂੰ ਲੋੜੀਂਦੀ ਮਾਤਰਾ ਵਿੱਚ ਖ਼ੂਨ ਉਪਲਬਧ ਨਾ ਹੋਣ ਕਰਕੇ ਪੀੜਤ ਬੱਚਿਆਂ ਦੇ ਮਾਪਿਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾ ਕਿਹਾ ਕਿ ਇੱਕ ਤੰਦਰੁਸਤ ਵਿਅਕਤੀ ਹਰ ਤਿੰਨ ਮਹੀਨੇ ਬਾਅਦ ਖ਼ੂਨ ਦਾਨ ਕਰ ਸਕਦਾ ਹੈ, ਇਸ ਲਈ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਮਹਾਨ ਕਾਰਜ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰੋਟਰੀ ਕਲੱਬ ਪਾਤੜਾਂ ਰਾਇਲ ਦੇ ਪ੍ਰਧਾਨ ਅਮਨਦੀਪ ਸਿੰਘ, ਸਮਾਜ ਸੇਵੀ ਆਗੂ ਅਸ਼ੋਕ ਕੁਮਾਰ, ਡਾਕਟਰ ਅਮਨ ਸ਼ਰਮਾ ਆਦਿ ਹਾਜ਼ਰ ਸਨ।

# ਝਾੜ ਸਾਹਿਬ ਕਾਲਜ ਦੇ ਨਤੀਜੇ ਸ਼ਾਨਦਾਰ



**ਮਾਛੀਵਾੜਾ ਸਾਹਿਬ/ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ/ਸੁਰਜੀਤ ਸਿੰਘ)**

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਦਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨਿਆ ਬੀ. ਕਾਮ ਤੇ ਬੀ.ਸੀ.ਏ. ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਬੀ. ਕਾਮ ਦੀ ਵਿਦਿਆਰਥਣ ਹਮਨਿੰਦਰ ਕੌਰ ਨੇ 85.5 ਪ੍ਰਤੀਸ਼ਤ ਅੰਕ ਲੈ ਕੇ ਕਾਲਜ 'ਚੋਂ ਪਹਿਲਾ, ਹਰਸ਼ਪ੍ਰੀਤ ਕੌਰ ਨੇ 85 ਪ੍ਰਤੀਸ਼ਤ ਤੇ ਗਗਨਦੀਪ ਕੌਰ ਨੇ 82 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਬੀ.ਸੀ.ਏ. ਦੀ ਵਿਦਿਆਰਥਣ ਥਮਨਪ੍ਰੀਤ ਕੌਰ ਨੇ 85.53 ਪ੍ਰਤੀਸ਼ਤ ਅੰਕ ਲੈ ਕੇ ਕਾਲਜ 'ਚੋਂ ਪਹਿਲਾ ਤੇ ਨੂਰਦੀਪ ਕੌਰ ਨੇ 79.20 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਕਾਲਜ ਦਾ ਸਮੁੱਚਾ ਨਤੀਜਾ 100 ਪ੍ਰਤੀਸ਼ਤ ਰਿਹਾ। ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਵਿਦਿਆਰਥਣਾਂ ਦੀ ਵਧੀਆ ਕਾਰਗੁਜ਼ਾਰੀ ਲਈ ਸਮੁੱਚੇ ਕਾਮਰਸ ਵਿਭਾਗ, ਕੰਪਿਊਟਰ ਵਿਭਾਗ, ਵਿਦਿਆਰਥਣਾਂ ਤੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਕਾਲਜ ਦਾ ਮੁੱਖ ਉਦੇਸ਼ ਵਿਦਿਆਰਥਣਾਂ ਨੂੰ ਅਕਾਦਮਿਕ ਪੱਧਰ 'ਤੇ ਅਜਿਹੀ ਮਿਆਰੀ ਸਿੱਖਿਆ ਦੇਣਾ ਹੈ, ਜਿਸ ਨਾਲ ਮੁਕਾਬਲੇ ਦੇ ਅਜੋਕੇ ਦੌਰ ਵਿੱਚ ਉਹ ਆਪਣੀ ਵਿਲੱਖਣ ਹੋਂਦ ਸਥਾਪਤ ਕਰ ਸਕਣ।

# ਬੱਚਿਆਂ ਦੀ ਸੋਚ ਨੂੰ ਵਿਸ਼ਾਲ ਤੇ ਇਰਾਦਿਆਂ ਨੂੰ ਦ੍ਰਿੜ੍ਹ ਕਰਨਗੇ ਸਮਰ ਕੈਂਪ : ਮੇਵਾ ਸਿੰਘ

**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸਰਕਾਰੀ ਸਕੂਲ ਦੇ ਬੱਚਿਆਂ ਵਿੱਚ ਛਿਪੀ ਕਲਾ ਨੂੰ ਨਿਖਾਰ ਕੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਕੁਝ ਨਵਾਂ ਸੋਚਣ ਤੇ ਸਿਰਜਣ ਦੇ ਮਨੋਰਥ ਨਾਲ ਲਗਾਏ ਗਏ 13 ਰੋਜ਼ਾ 'ਸਮਰ ਕੈਂਪ' ਬੱਚਿਆਂ ਦੀ ਜ਼ਿੰਦਗੀ ਦੀ ਨੀਂਹ ਪੱਕੀ ਕਰ ਰਹੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਸਿੱਖਿਆ ਅਫਸਰ ਮੇਵਾ ਸਿੰਘ ਸਿੱਧੂ ਨੇ ਦੱਸਿਆ ਕਿ 3 ਜੁਲਾਈ ਤੋਂ ਸ਼ੁਰੂ ਹੋਏ ਇਹ ਕੈਂਪ 156 ਸਕੂਲਾਂ ਵਿੱਚ ਪ੍ਰੀ-ਪ੍ਰਾਇਮਰੀ ਤੋਂ 14 ਸਾਲਾਂ ਤੱਕ ਦੇ ਬੱਚਿਆਂ ਨੂੰ ਸਰੀਰਕ ਐ ਮਾਨਸਿਕ ਪੱਖੋਂ ਮਜ਼ਬੂਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ 7 ਤਰ੍ਹਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਤਿੰਨ ਭਾਸ਼ਾਵਾਂ (ਅੰਗਰੇਜ਼ੀ, ਹਿੰਦੀ, ਪੰਜਾਬੀ) ਦਾ ਗਿਆਨ ਕਹਾਣੀਆਂ ਸੁਣਾ ਕੇ ਦਿੱਤਾ ਜਾ ਰਿਹਾ ਹੈ, ਤਾਂ ਜੋ ਬੱਚਿਆਂ ਦੀ ਖੁਦ ਦੀ ਸੋਚਣ ਸ਼ਕਤੀ ਵਿੱਚ ਵੀ ਇਜ਼ਾਫਾ ਹੋਵੇ। ਉਨ੍ਹਾਂ ਨੂੰ ਖੁਦ ਵੀ ਕਹਾਣੀ ਲਿਖਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। 'ਆਰਟ ਐਂਡ ਕਰਾਫਟ' ਵਿੱਚ ਬੱਚੇ ਵਿਅਰਥ ਪਈਆਂ ਚੀਜ਼ਾਂ 'ਚ ਜਾਨ ਫੂਕ ਕੇ ਕੁਝ ਨਿਵੇਕਲਾ ਬਣਾਉਂਦੇ ਹਨ ਤੇ ਚਿਤਰਕਾਰੀ ਵੀ ਸਿੱਖਦੇ ਹਨ। ਇਸ ਤੋਂ ਇਲਾਵਾ ਪੋਸਟਰ-ਮੇਕਿੰਗ, ਲਿੰਗ ਸਮਾਨਤਾ ਬਾਰੇ ਤੇ ਅਬੈਕਸ ਵਿਧੀ ਰਾਹੀਂ ਗਣਿਤ ਹੱਲ ਕਰਨ ਦੇ ਉਪਾਵਾਂ ਬਾਰੇ ਜਾਣਕਾਰੀ ਲੈਂਦੇ ਹਨ। ਜ਼ਿਲ੍ਹਾ ਸਿੱਖਿਆ ਅਫਸਰ ਨੇ ਦੱਸਿਆ ਕਿ ਕੈਂਪਾਂ ਵਿੱਚ ਕਿਸੇ ਕਿਸਮ ਦੀ ਸਮੱਸਿਆ ਜਾਂ ਊਣਤਾਈਆਂ ਦੀ ਨਜ਼ਰਸਾਨੀ ਲਈ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਹਰ ਸਮੇਂ ਅਚੇਨਚੇਤ ਦੌਰੇ ਕੀਤੇ ਜਾ ਰਹੇ ਹਨ।



# ਯੂ ਪੀ ਐੱਸ ਸੀ ਦਾ ਸੁਪਨਾ ਪਾਲਣ ਵਾਲੀ ਪ੍ਰਿਅੰਕਾ ਟਰਾਲੀਆਂ ਬਣਾਉਣ ਲਈ ਮਜਬੂਰ



**ਜਲਾਲਾਬਾਦ (ਪਰਮਜੀਤ ਢਾਬਾਂ)**-ਫਾਜ਼ਿਲਕਾ ਦੇ ਪਿੰਡ ਧਰਾਂਗ ਵਾਲੇ ਪਿਤਾ ਦਲਜੀਤ ਸਿੰਘ ਅਤੇ ਮਾਤਾ ਪਰਮਜੀਤ ਕੌਰ ਦੇ ਘਰ ਜਨਮ ਲੈਣ ਵਾਲੀ ਬੀ.ਐਸ.ਈ. (ਆਈ ਟੀ) ਪਾਸ ਪ੍ਰਿਅੰਕਾ ਯੂ ਪੀ ਐਸ ਸੀ ਦੀ ਪ੍ਰੀਖਿਆ ਪਾਸ ਕਰਨਾ ਚਾਹੁੰਦੀ ਹੈ, ਪ੍ਰੰਤੂ ਉਸ ਦੇ ਘਰ ਦੇ ਆਰਥਕ ਹਾਲਾਤ ਨੇ ਉਸ ਨੂੰ ਆਪਣੇ ਘਰ ਵਿੱਚ ਹੀ ਕੰਮ ਕਰਨ ਲਈ ਮਜਬੂਰ ਕਰ ਦਿੱਤਾ ਹੈ। ਉੱਚ ਵਿੱਦਿਆ ਪ੍ਰਾਪਤ ਕਰਨ ਵਲੀ ਪ੍ਰਿਅੰਕਾ ਕਹਿੰਦੀ ਹੈ ਕਿ ਉਸ ਦੇ ਪਿਤਾ ਕੰਮ ਨਾ ਕਰ ਸਕਣ ਕਾਰਨ ਉਸ ਨੂੰ ਇਹ ਕੰਮ ਕਰਨ ਲਈ ਮਜਬੂਰ ਹੋਣਾ ਪਿਆ ਅਤੇ ਉਹ ਹੁਣ ਦਿਨ-ਰਾਤ ਮਿਹਨਤ ਕਰਕੇ ਸੋਲਰ ਟਰਾਲੀਆਂ ਤਿਆਰ ਕਰਦੀ ਹੈ। ਪ੍ਰਿਅੰਕਾ ਦਾ ਕਹਿਣਾ ਹੈ ਕਿ ਉਹ ਵੱਡੇ ਪੱਧਰ 'ਤੇ ਕੰਮ ਕਰ ਸਕਦੀ ਹੈ, ਪ੍ਰੰਤੂ ਆਰਥਕ ਤੌਰ 'ਤੇ ਪਰਵਾਰ ਪਛੜਿਆ ਹੋਣ ਕਰਕੇ ਉਹ ਵੱਡੇ ਪੱਧਰ 'ਤੇ ਕੰਮ ਨਹੀਂ ਕਰ ਸਕਦੇ। ਕਿਰਤ ਦੀ ਹੋ ਰਹੀ ਲੁੱਟ ਦਾ ਜ਼ਿਕਰ ਕਰਦਿਆਂ ਪ੍ਰਿਅਕਾ ਕਹਿੰਦੀ ਹੈ ਕਿ ਜਿਹੜੀਆਂ ਸੋਲਰ ਟਰਾਲੀਆਂ ਉਹ ਬਣਾਉਂਦੇ ਹਨ, ਬਾਹਰੋਂ ਆਉਣ ਵਾਲੀਆਂ ਵੱਡੀਆਂ ਕੰਪਨੀਆਂ ਵੱਡੇ ਮੁਨਾਫ਼ੇ ਨਾਲ ਵੇਚਦੀਆਂ ਹਨ, ਪ੍ਰੰਤੂ ਉਨ੍ਹਾਂ ਨੂੰ ਪੂਰਾ ਮੁੱਲ ਨਹੀਂ ਦਿੱਤਾ ਜਾਂਦਾ। ਇੱਥੋਂ ਤੱਕ ਕਿ ਉਨ੍ਹਾਂ ਵੱਲੋਂ ਤਿਆਰ ਕੀਤੀਆਂ ਟਰਾਲੀਆਂ ਤੇ ਉਨ੍ਹਾਂ ਦੀ ਵਰਕਸ਼ਾਪ ਦਾ ਲਿਖਿਆ ਨਾਂਅ ਅਤੇ ਸੰਪਰਕ ਨੰਬਰ ਵੀ ਅੱਗੇ ਜਾ ਕੇ ਖਤਮ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਆਪਣੇ ਘਰ ਵਿੱਚ ਕੰਮ ਕਰਦਿਆਂ ਵੀ ਕਿਸੇ ਬਿਗਾਨੇ ਕੋਲ ਮਜ਼ਦੂਰੀ ਕਰ ਰਹੇ ਹਨ ਤੇ ਉਨ੍ਹਾਂ ਨੂੰ ਉਨ੍ਹਾਂ ਦੀ ਪੂਰੀ ਮਜ਼ਦੂਰੀ ਤੱਕ ਨਹੀਂ ਦਿੱਤੀ ਜਾ ਰਹੀ। ਅੱਧ ਵਿਚਕਾਰ ਰਹਿ ਗਈ ਪੜ੍ਹਾਈ ਬਾਰੇ ਪੁੱਛੇ ਜਾਣ 'ਤੇ ਪ੍ਰਿਅੰਕਾ ਦਾ ਕਹਿਣਾ ਹੈ ਉਹ ਘਰ ਦੇ ਹਾਲਾਤ ਠੀਕ ਕਰਕੇ ਯੂ ਪੀ ਐਸ ਸੀ ਪ੍ਰੀਖਿਆ ਪਾਸ ਕਰਕੇ ਆਪਣੀ ਮੰਜ਼ਿਲ ਸਰ ਕਰੇਗੀ, ਕਿਉਂਕਿ ਉਸ ਦਾ ਇਹੀ ਸੁਪਨਾ ਹੈ। ਪ੍ਰਿਅੰਕਾ ਦਾ ਕਹਿਣਾ ਹੈ ਕਿ ਸਰਕਾਰਾਂ ਵੱਲੋਂ ਪੜ੍ਹੇ ਲਿਖੇ ਡਿਗਰੀ ਡਿਪਲੋਮੇ ਪ੍ਰਾਪਤ ਨੌਜਵਾਨਾਂ ਦੀ ਸਰਕਾਰਾਂ ਵੱਲੋਂ ਸਾਰ ਨਹੀਂ ਲਈ ਜਾਂਦੀ। ਉਸ ਦਾ ਕਹਿਣਾ ਹੈ ਕਿ ਉਹ ਕਿਸੇ ਜ਼ਿਲ੍ਹੇ ਦੇ ਪ੍ਰਸ਼ਾਸਨਕ ਅਧਿਕਾਰੀ ਤੋਂ ਆਪ ਖੁਦ ਮੰਗ ਨਹੀਂ ਕਰਨਾ ਚਾਹੁੰਦੀ, ਉਹ ਦੇਖਣ ਕਿ ਜੇਕਰ ਉਸ ਨੂੰ ਲੋੜ ਹੈ ਉਹ ਉਸ ਦੀ ਮਦਦ ਕਰਨ। ਪ੍ਰਿਅੰਕਾ ਦੇ ਪਿਤਾ ਦਲਜੀਤ ਸਿੰਘ ਦਾ ਕਹਿਣਾ ਹੈ ਕਿ ਉਸ ਦੀ ਬੇਟੀ ਵੱਲੋਂ ਕੰਮ ਕਰਨ 'ਤੇ ਘਰ ਦੇ ਹਾਲਾਤ ਸੁਧਰੇ ਹਨ ਅਤੇ ਉਨ੍ਹਾਂ ਨੂੰ ਮਾਣ ਹੈ ਕਿ ਉਨ੍ਹਾਂ ਦੀ ਬੇਟੀ ਪੁੱਤਾਂ ਨਾਲੋਂ ਵੱਧ ਕੰਮ ਕਰ ਰਹੀ ਹੈ। ਪਿਤਾ ਨੇ ਕਿਹਾ ਕਿ ਆਰਥਕ ਹਲਾਤਾਂ ਨੂੰ ਸੁਧਾਰਨ 'ਚ ਕੰਮ ਲਿਆਉਣ 'ਚ ਉਨ੍ਹਾਂ ਦੇ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਵਧ ਚੜ੍ਹ ਕੇ ਸਾਥ ਦਿੱਤਾ ਹੈ। ਮਾਂ ਪਰਮਜੀਤ ਕੌਰ ਮਾਣ ਮਹਿਸੂਸ ਕਰਦੇ ਹੋਏ ਕਹਿੰਦੀ ਹੈ ਕਿ ਉਨ੍ਹਾਂ ਦੀ ਧੀ ਛੇ ਜੀਆਂ ਦੇ ਸਮੁੱਚੇ ਪਰਵਾਰ ਨੂੰ ਪਾਲ ਰਹੀ ਹੈ। ਮਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਬੇਟੀ ਘਰ ਵਿਚ ਕੰਮ ਦੀ ਤਰਤੀਬ ਸਹੀ ਕਰਕੇ ਦੁਬਾਰਾ ਆਪਣੀ ਪੜ੍ਹਾਈ ਸ਼ੁਰੂ ਕਰ ਦੇਵੇਗੀ ਅਤੇ ਇਕ ਦਿਨ ਵੱਡਾ ਅਫਸਰ ਬਣੇਗੀ।

# ਵਿਸ਼ਵ ਵਾਤਾਵਰਣ ਲੇਖ ਮੁਕਬਲੇ 'ਚ ਅਰਸ਼ਦੀਪ ਕੌਰ ਅੱਵਲ

**ਸਿਰਸਾ (ਸੁਰਿੰਦਰਪਾਲ ਸਿੰਘ)**

ਵਿਸ਼ਵ ਵਾਤਾਵਰਣ ਦਿਵਸ ਮੌਕੇ ਹਰਿਆਣਾ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਪਲਾਸਟਿਕ ਦੇ ਵਧਦੇ ਪ੍ਰਭਾਵ ਨੂੰ ਰੋਕਣ ਹਿੱਤ ਸਰਕਾਰੀ ਸਕੂਲ ਖੈਰਪੁਰ ਵਿਖੇ ਲੇਖ ਮੁਕਾਬਾਲੇ ਕਰਵਾਏ ਗਏ। ਇਸ ਲੇਖ ਮੁਕਾਬਲੇ ਵਿੱਚ ਇਸੇ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਅਰਸ਼ਦੀਪ ਕੌਰ ਨੇ ਆਪਣੀ ਪ੍ਰਤਿਭਾ ਦਾ ਸਬੂਤ ਦਿੰਦੇ ਹੋਏ ਦੂਜਾ ਸਥਾਨ ਹਾਸਲ ਕਰਕੇ ਸਕੂਲ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ।

ਵਾਤਾਵਰਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਅਰਸ਼ਦੀਪ ਕੌਰ ਨੂੰ ਦੂਜਾ ਸਥਾਨ ਹਾਸਲ ਕਰਨ 'ਤੇ 7500 ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਅਰਸ਼ਦੀਪ ਕੌਰ ਦਾ ਸਕੂਲ ਪਹੁੰਚਣ 'ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਸਕੂਲ ਦੇ ਡਾਇਰੈਕਟਰ ਰਣਜੀਤ ਸਿੰਘ ਸਿੱਧੂ, ਚੇਅਰਮੈਨ ਰਾਜਿੰਦਰ ਸਿੰਘ ਸਿੱਧੂ, ਸਕੱਤਰ ਛਬੀਲ ਦਾਸ ਸੁਥਾਰ, ਪ੍ਰਸ਼ਾਸਕ ਅਸ਼ੋਕ ਕੁਮਾਰ, ਪ੍ਰਿੰਸੀਪਲ ਸੱਤਿਆਨਾਰਾਇਣ ਪਾਰੀਕ, ਪ੍ਰਬੰਧਕ ਕਮੇਟੀ ਮੈਂਬਰ ਪਰਮਿੰਦਰ ਸਿੰਘ ਸਿੱਧੂ ਤੇ ਕਪਿਲ ਸੁਥਾਰ, ਗੁਰਸੇਵਕ ਸਿੰਘ ਹਾਜ਼ਰ ਸਨ।

# ਸਕੂਲਾਂ, ਕਾਲਜਾਂ ਦੇ ਖੇਡ ਮੈਦਾਨਾਂ ਨੂੰ ਦਿੱਤੀ ਜਾਵੇਗੀ ਨਵੀਂ ਦਿੱਖ : ਢਿੱਲਵਾਂ



**ਕੋਟਕਪੂਰਾ (ਰਛਪਾਲ ਭੁੱਲਰ)**-ਅੱਜ ਡਾ. ਹਰੀ ਸਿੰਘ ਸੇਵਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸਕੂਲ ਫਾਰ ਐਮੀਨੈਂਸ) ਕੋਟਕਪੂਰਾ ਵਿਖੇ ਫੁੱਟਬਾਲ ਅਤੇ ਬਾਸਕਿਟਬਾਲ ਦੇ ਗਰਾਊਂਡਾਂ ਦੀ ਸਫਾਈ ਅਤੇ ਮੁਰੰਮਤ ਸਮੇਤ ਸਕੂਲ ਦੀਆਂ ਹੋਰ ਸਮੱਸਿਆਵਾਂ ਬਾਰੇ ਜਾਇਜ਼ਾ ਲੈਣ ਪੁੱਜੇ ਇੰਜੀ. ਸੁਖਜੀਤ ਸਿੰਘ ਢਿੱਲਵਾਂ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਫਰੀਦਕੋਟ ਨੇ ਉੱਥੇ ਹਾਜ਼ਰ ਅਧਿਆਪਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਸਰਕਾਰ ਵੱਲੋਂ ਜਲਦ ਹੀ ਇਸ ਸਕੂਲ ਦੀਆਂ ਸਮੱਸਿਆਵਾਂ ਦਾ ਹੱਲ ਕਰਕੇ ਇਸ ਨੂੰ ਨਿਵੇਕਲਾ ਰੂਪ ਦਿੱਤਾ ਜਾਵੇਗਾ। ਇੰਜੀ. ਢਿੱਲਵਾਂ ਨੇ ਦੱਸਿਆ ਕਿ ਕਿਸੇ ਸਮੇਂ ਇਸ ਸਕੂਲ ਦੇ ਉਕਤ ਗਰਾਊਂਡ ਵਿੱਚ ਅੰਤਰਰਾਸ਼ਟਰੀ ਬਾਸਕਿਟਬਾਲ ਟੂਰਨਾਮੈਂਟ ਹੁੰਦੇ ਸਨ ਪਰ ਉਸ ਤੋਂ ਬਾਅਦ ਉਕਤ ਗਰਾਊਂਡ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਵੀਰਾਨੀ ਛਾਈ ਹੋਈ ਹੈ। ਇਸੇ ਤਰਾਂ ਫੁੱਟਬਾਲ ਅਤੇ ਹਾਕੀ ਦੇ ਮੈਚ ਵੀ ਇਸ ਸਕੂਲ ਦੀਆਂ ਗਰਾਊਂਡ ਵਿੱਚ ਸੂਬਾਈ ਜਾਂ ਦੇਸ਼ ਪੱਧਰੀ ਮੁਕਾਬਲੇ ਹੁੰਦੇ ਰਹੇ ਪਰ ਤਤਕਾਲੀਨ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਇਸ ਪਾਸੇ ਧਿਆਨ ਨਾ ਦੇਣ ਕਰਕੇ ਨਾ ਤਾਂ ਵਿਦਿਆਰਥੀ-ਵਿਦਿਆਰਥਣਾਂ ਨੂੰ ਖੇਡਾਂ ਨਾਲ ਜੋੜਨ ਦੇ ਕੋਈ ਉਪਰਾਲੇ ਕੀਤੇ ਗਏ ਅਤੇ ਨਾ ਹੀ ਹਾਕੀ, ਫੁੱਟਬਾਲ, ਬਾਸਕਿਟਬਾਲ ਜਾਂ ਅਜਿਹੀਆਂ ਹੋਰ ਖੇਡਾਂ ਵਾਲੀਆਂ ਪੰਜਾਬ ਭਰ ਦੀਆਂ ਗਰਾਊਂਡਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਸਮਝੀ ਗਈ। ਉਨ੍ਹਾਂ ਦਾਅਵਾ ਕੀਤਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਖੇਡ ਮੇਲਿਆਂ ਦੌਰਾਨ ਵੱਖ ਵੱਖ ਕਿਸਮਾਂ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਬੱਚਿਆਂ ਅਤੇ ਨੌਜਵਾਨਾਂ ਦੀ ਭਰਪੂਰ ਦਿਲਚਸਪੀ ਦੇਖਣ ਨੂੰ ਮਿਲੀ। ਇੰਜੀ. ਢਿੱਲਵਾਂ ਨੇ ਦੱਸਿਆ ਕਿ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀਆਂ ਹਦਾਇਤਾਂ ਮੁਤਾਬਕ ਜ਼ਿਲ੍ਹਾ ਫਰੀਦਕੋਟ ਦੇ ਸਾਰੇ ਸਕੂਲਾਂ ਅਤੇ ਕਾਲਜਾਂ ਦੀਆਂ ਖੇਡ ਗਰਾਊਂਡਾਂ ਦੀ ਦਸ਼ਾ ਸੁਧਾਰ ਕੇ ਉਨ੍ਹਾਂ ਨੂੰ ਵਧੀਆ ਦਿੱਖ ਦਿੱਤੀ ਜਾਵੇਗੀ। ਇਸ ਬਾਰੇ ਮੇਵਾ ਸਿੰਘ ਸਿੱਧੂ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਅਤੇ ਜ਼ਿਲ੍ਹਾ ਖੇਡ ਅਫਸਰ ਫਰੀਦਕੋਟ ਨਾਲ ਵੀ ਬਕਾਇਦਾ ਸੰਪਰਕ ਕਰਕੇ ਅਗਲੇਰੀ ਰਣਨੀਤੀ ਤਿਆਰ ਕੀਤੀ ਜਾਵੇਗੀ। ਇੰਜੀ. ਢਿੱਲਵਾਂ ਨੇ ਦਾਅਵਾ ਕੀਤਾ ਕਿ 'ਆਪ' ਸਰਕਾਰ ਵੱਲੋਂ ਜਿੱਥੇ ਸਿੱਖਿਆ ਅਤੇ ਸਿਹਤ ਪ੍ਰਬੰਧਾਂ ਦੇ ਸੁਧਾਰ ਅਤੇ ਵਧੀਆ ਤੇ ਮੁਫਤ ਮੁਹੱਈਆ ਕਰਵਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੀ ਵਿਉਂਤਬੰਦੀ ਵੀ ਉਲੀਕੀ ਜਾ ਰਹੀ ਹੈ।

10July-PAGE-11-Majha-23.qxd 7/9/2023 8:46 PM Page 1



# ਪਿਰਥੀਪਾਲ ਸਿੰਘ ਮਾੜੀਮੇਘਾ ਵੱਲੋਂ ਤਰਨਤਾਰਨ ਤੇ ਖਡੂਰ ਸਾਹਿਬ ਇਲਾਕੇ ਦਾ ਦੌਰਾ



ਖਡੂਰ ਸਾਹਿਬ (ਨਜ਼ਸ)-ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਤਰਨਤਾਰਨ ਤੇ ਖਡੂਰ ਸਾਹਿਬ ਇਲਾਕੇ ਦਾ ਮੀਂਹ ਪੈਣ ਤੋਂ ਬਾਅਦ ਦੌਰਾ ਕਰਕੇ ਜਾਣਕਾਰੀ ਲਈ ਤੇ ਹਾਲਾਤ ਅੱਖੀਂ ਵੇਖੇ। ਉਨ੍ਹਾਂ ਦੇ ਨਾਲ ਸੀਪੀਆਈ ਦੇ ਤਰਨਤਾਰਨ ਜ਼ਿਲ੍ਹੇ ਦੇ ਕਾਰਜਕਾਰੀ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਸਨ। ਬਾਅਦ ਵਿੱਚ ਉਨ੍ਹਾਂ ਨੇ ਪ੍ਰੈੱਸ ਬਿਆਨ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਖੇਤਾਂ 'ਚੋਂ ਬਰਸਾਤ ਦਾ ਪਾਣੀ ਨਿਕਲਣ ਲਈ ਨਿਕਾਸ ਹੀ ਨਹੀਂ ਹੈ। ਬਰਸਾਤੀ ਨਾਲੇ ਸਰਕਾਰ ਖਾਲਦੀ ਨਹੀਂ ਹੈ ਤੇ ਕਈ ਥਾਵਾਂ ਤੋਂ ਕਿਸਾਨ ਜ਼ਮੀਨ ਨਾਲ ਮਿਲਾ ਲੈਂਦੇ ਹਨ। ਹੁਣ ਹਾਲਾਤ ਇਹ ਹਨ ਕਿ ਤਰਨਤਾਰਨ ਤੋਂ ਲੈ ਕੇ ਗੋਇੰਦਵਾਲ ਤੱਕ 50 ਫੀਸਦੀ ਤੋਂ ਵਧੇਰੇ ਜ਼ਮੀਨ ਨੇ ਤਲਾਬ ਦਾ ਰੂਪ ਧਾਰਿਆ ਹੋਇਆ ਤੇ ਝੋਨਾ ਡੁੱਬਿਆ ਪਿਆ ਹੈ। ਜੇ ਇਹ ਝੋਨਾ ਇੱਕ ਦੋ ਦਿਨਾਂ ਵਿੱਚ ਨੰਗਾ ਨਾ ਹੋਇਆ ਤਾਂ ਇਹ ਗਲ ਕੇ ਖਤਮ ਹੋ ਜਾਣਾ ਹੈ। ਝੋਨਾ ਲਾਉਣ ਤੱਕ ਦਾ ਕਿਸਾਨ ਦਾ 10000 ਰੁਪਏ ਦੇ ਲੱਗਭਗ ਖਰਚ ਆ ਜਾਂਦਾ ਹੈ। ਇਸ ਮੀਂਹ ਦੀ ਮਾਰ ਪੈਣ ਨਾਲ ਕਿਸਾਨ ਹੋਰ ਕਰਜ਼ੇ ਥੱਲੇ ਆ ਗਿਆ ਹੈ। ਸਰਕਾਰ ਨੂੰ ਚਾਹੀਦਾ ਹੈ ਤਿ ਸੜਕਾਂ ਦੇ ਦੋਹੀਂ ਪਾਸੀਂ ਪਾਣੀ ਦੇ ਨਿਕਾਸ ਵਾਲੇ ਨਾਲੇ ਬਣਾਏ ਜਾਣ ਤਾਂ ਜੋ ਬਰਸਾਤ ਦਾ ਪਾਣੀ ਨਿਕਲ ਕੇ ਵੱਡੀਆਂ ਡਰੇਨਾਂ ਤੇ ਅੱਗੇ ਦਰਿਆਵਾਂ ਰਾਹੀਂ ਸਮੁੰਦਰ ਵਿੱਚ ਪਹੁੰਚ ਸਕੇ। ਇਸ ਤਰ੍ਹਾਂ ਦਾ ਕਾਰਜ ਹੋਣ ਨਾਲ ਬਰਸਾਤ ਨੁਕਸਾਨ ਦੀ ਥਾਂ ਫਾਇਦਾ ਕਰੇਗੀ। ਇਹ ਨਾਲੇ ਇਸ ਕਰਕੇ ਵੀ ਬਣਾਉਣੇ ਜ਼ਰੂਰੀ ਹਨ ਕਿ ਕਿਸਾਨਾਂ ਨੇ ਕਰਜ਼ੇ ਉਤਾਰਨ ਵਾਸਤੇ ਜ਼ਮੀਨ ਦੀ ਜ਼ਿਆਦਾ ਮਿੱਟੀ ਭੱਠੇ ਵਾਲਿਆਂ ਨੂੰ ਚੁੱਕਾ ਦਿੱਤੀ ਹੈ ਤੇ ਬਹੁਤੀ ਜ਼ਮੀਨ ਨੀਵੀਂ ਹੋ ਚੁੱਕੀ ਹੈ। ਆਗੂਆਂ ਨੇ ਕਿਹਾ ਕਿ ਬਿਆਸ ਦਰਿਆ ਦਾ ਪਾਣੀ ਵੀ ਚੜ੍ਹ ਆਇਆ ਹੈ ਤੇ ਹਥਾੜ ਦੀਆਂ ਜ਼ਮੀਨਾਂ ਦੀਆਂ ਫਸਲਾਂ ਡੁੱਬ ਗਈਆਂ ਹਨ। ਆਲ ਇੰਡੀਆ ਕਿਸਾਨ ਸਭਾ ਦੇ ਤਰਨਤਾਰਨ ਜ਼ਿਲ੍ਹੇ ਦੇ ਪ੍ਰਧਾਨ ਬਲਦੇਵ ਸਿੰਘ ਧੂੰਦਾ ਦਾ ਵੀ 35 ਕਿੱਲੇ ਦੇ ਕਰੀਬ ਝੋਨਾ ਡੁੱਬ ਚੁੱਕਾ ਹੈ। ਪਿੰਡਾਂ ਦੇ ਗਰੀਬਾਂ ਦੀਆਂ ਬਸਤੀਆਂ ਵਿੱਚ ਵੀ ਪਾਣੀ ਧੱਸ ਚੁੱਕਾ ਹੈ। ਇਸ ਲਈ ਸਰਕਾਰ ਫੌਰੀ ਤੌਰ 'ਤੇ ਫਸਲਾਂ ਦੇ ਖਰਾਬੇ ਵੱਲ ਗਰੀਬਾਂ ਦੇ ਘਰਾਂ ਦੇ ਹੋਏ ਨੁਕਸਾਨ ਵੱਲ ਧਿਆਨ ਦੇਵੇ। ਅੱਜ ਦੇ ਦੌਰੇ ਵਿੱਚ ਜਗੀਰ ਸਿੰਘ ਭਰੋਵਾਲ, ਜਸਵੰਤ ਸਿੰਘ ਖਡੂਰ ਸਾਹਿਬ ਤੇ ਘੁੱਕ ਸਿੰਘ ਵੇਈਂਪੂਈਂ ਵੀ ਨਾਲ ਸਨ।

# ਫੌਜੀ ਜਵਾਨ ਦਾ ਡਿਊਟੀ ਦੌਰਾਨ ਅਚਾਨਕ ਦਿਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਝਬਾਲ ਨੇੜੇ ਪਿੰਡ ਸਵਰਗਾਪੁਰੀ ਦੇ ਵਸਨੀਕ ਭਾਰਤੀ ਫੌਜ ਵਿੱਚ ਸੂਬੇਦਾਰ ਦੇ ਅਹੁਦੇ 'ਤੇ ਤਾਇਨਾਤ ਕੁਲਦੀਪ ਸਿੰਘ ਪੁੱਤਰ ਸਾਧੂ ਸਿੰਘ ਦੀ ਅਚਾਨਕ ਡਿਊਟੀ ਦੌਰਾਨ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਹੀਦ ਹੋਏ ਜਵਾਨ ਦੇ ਪਿਤਾ ਸਾਧੂ ਸਿੰਘ ਨੇ ਦੱਸਿਆ ਕਿ ਉਸ ਦਾ ਲੜਕਾ ਕੁਲਦੀਪ ਸਿੰਘ ਜੋ ਭਾਰਤੀ ਫੌਜ ਵਿਚ 16 ਆਰ. ਆਰ. ਬਟਾਲੀਅਨ ਵਿੱਚ ਜੰਮੂ-ਕਸ਼ਮੀਰ ਦੇ ਪੁੰਛ ਇਲਾਕੇ ਵਿਚ ਡਿਊਟੀ ਕਰਦਾ ਸੀ ਅਤੇ ਅਜੇ ਪਿਛਲੇ ਕੁਝ ਦਿਨ ਪਹਿਲਾਂ ਹੀ ਪਿੰਡੋਂ ਛੁੱਟੀ ਕੱਟ ਕੇ ਵਾਪਸ ਡਿਊਟੀ 'ਤੇ ਗਿਆ ਸੀ। ਕੱਲ੍ਹ ਸ਼ਾਮੀਂ ਉਨ੍ਹਾਂ ਨੂੰ ਫੌਜੀ ਅਧਿਕਾਰੀਆਂ ਦਾ ਫੋਨ ਆਇਆ ਅਤੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਸੂਬੇਦਾਰ ਕੁਲਦੀਪ ਸਿੰਘ ਡਿਊਟੀ ਦੌਰਾਨ ਸ਼ਹੀਦ ਹੋ ਗਿਆ ਹੈ ਜਿਸ ਦੀ ਮ੍ਰਿਤਕ ਦੇਹ ਕੱਲ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਫੌਜੀ ਅਧਿਕਾਰੀ ਲੈ ਕੇ ਪਹੁੰਚ ਰਹੇ ਹਨ। ਵਰਨਣਯੋਗ ਹੈ ਕਿ ਸੂਬੇਦਾਰ ਕੁਲਦੀਪ ਸਿੰਘ ਆਪਣੇ ਪਿੱਛੇ ਪਤਨੀ ਸਵਿੰਦਰ ਕੌਰ, ਦੋ ਬੱਚੇ ਹਰਦੀਪ ਸਿੰਘ (16) ਅਤੇ ਬੇਟੀ ਅਰਮਾਨਦੀਪ ਕੌਰ (14) ਛੱਡ ਗਏ ਹਨ।

# ਪੁਲਸ ਤੇ ਕਾਊਂਟਰ ਇੰਟੈਲੀਜੈਂਸ ਨੇ 24 ਘੰਟਿਆਂ ਅੰਦਰ ਬੱਚੇ ਨੂੰ ਲੱਭ ਕੇ ਕੀਤਾ ਮਾਪਿਆਂ ਹਵਾਲੇ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਪਿੰਡ ਕੈਰੋਂ ਤੋਂ ਅਗਵਾ ਬੱਚੇ ਨੂੰ ਬਰਾਮਦ ਕਰਨ ਤੋਂ ਬਾਅਦ ਅਗਵਾ ਕਰਨ ਵਾਲੇ ਤਿੰਨ ਵਿਅਕਤੀਆਂ ਨੂੰ ਪੁਲਸ ਵੱਲੋਂ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਗਈ। ਜ਼ਿਲ੍ਹਾ ਪੁਲਸ ਮੁਖੀ ਗੁਰਮੀਤ ਸਿੰਘ ਚੌਹਾਨ ਵੱਲੋਂ ਮਾੜੇ ਅਨਸਰਾਂ ਨੂੰ ਨੱਥ ਪਾਉਣ ਲਈ ਲਗਾਤਾਰ ਠੋਸ ਉਪਰਾਲੇ ਕੀਤੇ ਜਾ ਰਹੇ ਹਨ। ਹਰ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ। ਵਿਸ਼ਾਲਜੀਤ ਸਿੰਘ ਪੀਪੀਐਸ ਐਸਪੀ ਇਨਵੈਸਟੀਗੇਸ਼ਨ ਤਰਨ ਤਾਰਨ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਕੁਲਵੰਤ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਕੈਰੋਂ ਆਪਣੀ ਘਰਵਾਲੀ ਹਰਮੀਤ ਕੌਰ ਜੋ ਕਿ ਆਪਣੇ 8 ਮਹੀਨਿਆਂ ਦੇ ਪੋਤਰੇ ਕਰਨਪਾਲ ਸਿੰਘ ਨੂੰ ਲੈ ਕੇ 7 ਜੁਲਾਈ ਨੂੰ ਆਪਣੇ ਮੋਟਰਸਾਈਕਲ 'ਤੇ ਰਿਸ਼ਤੇਦਾਰੀ ਤੋਂ ਆ ਰਹੇ ਸੀ। ਪਿੰਡ ਕੈਰੋਂ ਤੋਂ 1-2 ਕਿਲੋਮੀਟਰ ਪਿੱਛੇ ਪੁੱਜੇ ਤਾਂ ਪਿੱਛੋਂ ਦੋ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ। ਕੁਲਵੰਤ ਸਿੰਘ ਦੀ ਘਰਵਾਲੀ ਪਾਸੋਂ ਉਸਦੇ ਪੋਤਰੇ ਕਰਨਪਾਲ ਸਿੰਘ ਨੂੰ ਖੋਹ ਕੇ ਲੈ ਗਏ ਜਿਸਨੂੰ ਬਚਾਉਂਦੇ ਹੋਏ ਉਹ ਮੋਟਰਸਾਈਕਲ ਤੋਂ ਥੱਲੇ ਡਿੱਗ ਗਈ ਅਤੇ ਉਸਦੇ ਕਾਫੀ ਸੱਟਾਂ ਲੱਗੀਆਂ। ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੁਕੱਦਮਾ ਨੰਬਰ 113 ਮਿਤੀ 07.07.2023 ਜੁਰਮ 364,34 ਭ.ਦ.ਸ. ਥਾਣਾ ਸਿਟੀ ਪੱਟੀ ਦਰਜ ਰਜਿਸਟਰ ਕਰਕੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਗਿਆ ਅਤੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਿਸ 'ਤੇ ਸੀਸੀਟੀਵੀ ਕੈਮਰਿਆਂ ਅਤੇ ਟੈਕਨੀਕਲ ਤੱਥਾਂ ਦੀ ਮਦਦ ਨਾਲ ਦੋਸ਼ੀਆਨ ਜਗਦੀਸ਼ ਸਿੰਘ ਉਰਫ ਜੱਗਾ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਕਾਹਲਵਾਂ, ਕੁਲਦੀਪ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਫਤਿਆਬਾਦ ਥਾਣਾ ਗੋਇੰਦਵਾਲ ਸਾਹਿਬ ਹਾਲ ਵਾਸੀ ਮਾਡਲ ਟਾਊਨ ਕਚਹਿਰੀ ਰੋਡ ਬਟਾਲਾ ਅਤੇ ਜੋਬਨਜੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਪਿੰਡ ਯੋਧਾ ਨਗਰ ਥਾਣਾ ਤਰਸਿੱਕਾ ਹਾਲ ਵਾਸੀ ਨਿੱਕਾ ਰਈਆ ਥਾਣਾ ਬਿਆਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਦੌਰਾਨੇ ਪੁੱਛ-ਗਿੱਛ ਇਹ ਗੱਲ ਸਾਹਮਣੇ ਆਈ ਕਿ ਦੋਸ਼ੀ ਜਗਦੀਸ਼ ਸਿੰਘ ਉਰਫ ਜੱਗਾ ਦੀ ਪਿੰਡ ਖਾਲੜਾ ਵਿਖੇ ਰਿਸ਼ਤੇਦਾਰੀ ਸੀ। ਜਗਦੀਸ਼ ਸਿੰਘ ਉਰਫ ਜੱਗਾ ਦੇ ਨਾਲ ਕੁਲਦੀਪ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਫਤਿਆਬਾਦ ਥਾਣਾ ਗੋਇੰਦਵਾਲ ਸਾਹਿਬ ਹਾਲ ਵਾਸੀ ਮਾਡਲ ਟਾਊਨ ਕਚਹਿਰੀ ਰੋਡ ਬਟਾਲਾ ਜੋ ਕਿ ਜਗਦੀਸ਼ ਸਿੰਘ ਉਰਫ ਜੱਗਾ ਦੇ ਭਰਾ ਦਾ ਸਾਂਢੂ ਹੈ ਅਤੇ ਉਸਦੀ ਪਤਨੀ ਗੁਰਮੀਤ ਕੌਰ ਨੇ ਪਹਿਲਾਂ ਹੀ ਗੱਲ ਕੀਤੀ ਹੋਈ ਸੀ ਕਿ ਜੇ ਤੁਸੀਂ ਕਿਸੇ ਛੋਟੇ ਬੱਚੇ ਦਾ ਪ੍ਰਬੰਧ ਕਰ ਦਿੰਦੇ ਹੋ ਤਾਂ ਉਹ 3 ਲੱਖ ਰੁਪਏ ਦੇਣ ਨੂੰ ਤਿਆਰ ਹਨ। ਦੋਸ਼ੀਆਨ ਜਗਦੀਸ਼ ਸਿੰਘ ਅਤੇ ਕਰਨ ਸਿੰਘ ਮੁਦੱਈ ਕੁਲਵੰਤ ਸਿੰਘ ਅਤੇ ਉਸਦੀ ਪਤਨੀ ਹਰਮੀਤ ਕੌਰ ਪਾਸੋਂ ਮੋਟਰਸਾਈਕਲ 'ਤੇ ਜਾਂਦੇ ਸਮੇਂ ਉਨ੍ਹਾਂ ਦਾ 8 ਮਹੀਨਿਆਂ ਦਾ ਪੋਤਰਾ ਖੋਹ ਕੇ ਮੌਕੇ ਤੋਂ ਫਰਾਰ ਹੋ ਗਏ ਅਤੇ ਪਿੰਡ ਰਈਏ ਆਪਣੇ ਦੋਸਤ ਜੋਬਨਜੀਤ ਸਿੰਘ ਪੁੱਤਰ ਸਰਬਜੀਤ ਸਿੰਘ ਵਾਸੀ ਯੋਧਾ ਨਗਰ ਥਾਣਾ ਤਰਸਿੱਕਾ ਹਾਲ ਵਾਸੀ ਨਿੱਕਾ ਰਈਆ ਥਾਣਾ ਬਿਆਸ ਕੋਲ ਪਹੁੰਚ ਗਏ। ਪੁਲਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਇਨ੍ਹਾਂ ਦੋਸ਼ੀਆਨ ਨੂੰ ਕਾਬੂ ਕਰਕੇ ਬੱਚੇ ਨੂੰ ਸਹੀ-ਸਲਾਮਤ ਮਾਪਿਆਂ ਹਵਾਲੇ ਕਰ ਦਿੱਤਾ ਗਿਆ ਹੈ।

ਇਥੇ ਜ਼ਿਕਰਯੋਗ ਇਹ ਹੈ ਕਿ ਦੋਸ਼ੀ ਕੁਲਦੀਪ ਸਿੰਘ (ਜੋ ਕਿ ਹੈਰੋਇਨ ਦਾ ਧੰਦਾ ਕਰਦਾ ਹੈ ਅਤੇ ਭਗੌੜਾ ਚੱਲ ਰਿਹਾ ਸੀ) ਅਤੇ ਜਗਦੀਸ਼ ਸਿੰਘ 'ਤੇ ਪਹਿਲਾਂ ਵੀ ਮੁਕੱਦਮੇ ਦਰਜ ਹਨ। ਗ੍ਰਿਫਤਾਰ ਦੋਸ਼ੀਆਨ ਨੂੰ ਪੇਸ਼ ਅਦਾਲਤ ਕਰਕੇ ਰਿਮਾਂਡ ਹਾਸਲ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

# ਐੱਨਪੀਐੱਸ ਕਟੌਤੀ ਬੰਦ ਕਰਨ ਤੇ ਜੀਪੀਐੱਫ ਖਾਤੇ ਖੋਲ੍ਹਣ ਬਾਬਤ ਕਟਾਰੂਚੱਕ ਨੂੰ ਸੌਂਪਿਆ ਮੰਗ ਪੱਤਰ



ਦੀਨਾਨਗਰ (ਬਲਵਿੰਦਰ ਸਿੰਘ)-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ ਕਮੇਟੀ ਗੁਰਦਾਸਪੁਰ ਵੱਲੋਂ ਸੁਭਾਸ਼ ਚੰਦਰ, ਬਲਜੀਤ ਸਿੰਘ, ਸੁਖਵਿੰਦਰ ਸਿੰਘ ਚਨਕੋਤਰਾ ਅਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਰੰਗੀਲਪੁਰ ਦੀ ਅਗਵਾਈ ਵਿੱਚ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਨਵੀਂ ਪੈਨਸ਼ਨ ਸਕੀਮ ਨਾਲ ਪੀੜਤ ਮੁਲਾਜ਼ਮਾਂ ਦੀ ਤੁਰੰਤ ਐੱਨਪੀਐੱਸ ਕੱਟਣਾ ਬੰਦ ਕਰਕੇ ਉਨ੍ਹਾਂ ਦੇ ਜੀਪੀਐੱਫ ਖਾਤੇ ਖੋਲ੍ਹਣੇ ਸ਼ੁਰੂ ਕਰਕੇ ਉਨ੍ਹਾਂ ਮੁਲਾਜ਼ਮਾਂ ਨੂੰ ਰਾਹਤ ਦੇਣ ਲਈ ਮੰਗ ਪੱਤਰ ਦਿੱਤਾ। ਆਗੂਆਂ ਨੂੰ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਭਰੋਸਾ ਦਿਵਾਇਆ ਕਿ ਜਲਦ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ। ਆਗੂਆਂ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਕਮੇਟੀਆਂ ਬਣਾ ਕੇ ਚਾਰ ਸਟੇਟਾਂ ਦੀ ਵਿਜ਼ਿਟ ਕਰਕੇ ਰਿਪੋਰਟ ਤਿਆਰ ਕਰਕੇ 10 ਜੂਨ ਤੱਕ ਪੰਜਾਬ ਦੇ ਮੁੱਖ ਮੰਤਰੀ ਨੂੰ ਸੌਂਪਣੀ ਸੀ ਉਸ ਦਾ ਕੀ ਬਣਿਆ? ਇਹ ਸਵਾਲ ਸਾਰੇ ਨਵੀਂ ਪੈਨਸ਼ਨ ਸਕੀਮ ਵਾਲੇ ਮੁਲਾਜ਼ਮਾਂ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਪੂਰਾ ਭਰੋਸਾ ਹੈ ਕਿ ਪੰਜਾਬ ਸਰਕਾਰ ਜਲਦ ਹੀ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਕੇ ਮੁਲਾਜ਼ਮਾਂ ਨੂੰ ਬੁਢਾਪੇ ਦੀ ਡੰਗੋਰੀ ਪ੍ਰਦਾਨ ਕਰੇਗੀ। ਆਗੂਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਜਲਦ ਮੁਲਾਜ਼ਮਾਂ ਦੇ ਹੱਕ ਵਿੱਚ ਫੈਸਲਾ ਲਵੇ ਨਹੀਂ ਤਾਂ ਮਜਬੂਰਨ ਮੁਲਾਜ਼ਮਾਂ ਨੂੰ ਸੰਘਰਸ਼ ਦਾ ਰਾਹ ਫੜਨਾ ਪੈਂਦਾ ਹੈ। ਇਸ ਮੌਕੇ ਰਮੇਸ਼ ਕੁਮਾਰ ਤਾਲੋਤਰਾ, ਰਜਿੰਦਰ ਕੁਮਾਰ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਗੁਰਦਾਸਪੁਰ ਦੇ ਪ੍ਰਧਾਨ ਅਨਿਲ ਕੁਮਾਰ, ਗੌਰਮਿੰਟ ਟੀਚਰਜ਼ ਯੂਨੀਅਨ ਗੁਰਦਾਸਪੁਰ ਦੇ ਪ੍ਰਧਾਨ ਕੁਲਦੀਪ ਪੁਰੋਵਾਲ, ਜਨਰਲ ਸਕੱਤਰ ਦਿਲਦਾਰ ਸਿੰਘ ਭੰਡਾਲ, ਬਲਜੀਤ ਸਿੰਘ, ਰਾਜ ਕੁਮਾਰ, ਰਾਜੇਸ਼ ਮਹਾਜਨ, ਸੰਚਿਤ ਕੁਮਾਰ, ਜੁਗਲ ਕਿਸ਼ੋਰ, ਅੰਮ੍ਰਿਤਪਾਲ ਸਿੰਘ, ਮਨੋਹਰ ਲਾਲ, ਪੰਕਜ ਗਿੱਲ, ਰਾਜਿੰਦਰ ਕੁਮਾਰ, ਰਾਮਦਾਸ, ਰਵਿਦੱਤ ਸ਼ਰਮਾ ਆਦਿ ਹਾਜ਼ਰ ਸਨ।

# ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਹੰਗਾਮੀ ਮੀਟਿੰਗ ਆਯੋਜਿਤ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ ਜ਼ੋਨ ਭਿੱਖੀਵਿੰਡ ਦੀ ਕੋਰ ਕਮੇਟੀ ਦੀ ਮੀਟਿੰਗ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਦੇ ਗ੍ਰਹਿ ਵਿਖੇ ਹੋਈ। ਜ਼ਿਕਰਯੋਗ ਹੈ ਕਿ ਮੀਟਿੰਗ ਦੀ ਅਗਵਾਈ ਜਥੇਬੰਦੀ ਦੇ ਸੂਬਾਈ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਤੇ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ ਵੱਲੋਂ ਕੀਤੀ ਗਈ। ਉਪਰੋਕਤ ਆਗੂਆਂ ਵੱਲੋਂ ਮੀਟਿੰਗ 'ਚ ਜ਼ੋਨ ਕੋਰ ਕਮੇਟੀ ਮੈਂਬਰਾਂ ਤੋਂ ਜ਼ੋਨ 'ਚ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਲੈਣ ਤੋਂ ਇਲਾਵਾ ਜਥੇਬੰਦਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਲਈ ਵਿਚਾਰ-ਚਰਚਾ ਕੀਤੀ ਗਈ। ਇਸ ਮੌਕੇ ਆਗੂਆਂ ਨੇ ਦੱਸਿਆ ਕਿ ਸਰਕਾਰ ਵੱਲੋਂ ਨਿਕਾਸੀ ਨਾਲਿਆਂ ਦੀ ਸਮੇਂ ਸਿਰ ਖਲਾਈ ਨਾ ਕਰਵਾਉਣ ਕਾਰਨ ਇਲਾਕੇ 'ਚ ਹੜ੍ਹਾਂ ਵਰਗੇ ਹਾਲਾਤ ਪੈਦਾ ਹੋ ਗਏ ਹਨ। ਇਸ ਮੌਕੇ ਉਨ੍ਹਾਂ ਸਰਕਾਰ ਕੋਲੋਂ ਨਾਲਿਆਂ ਦੀ ਸਫਾਈ ਜਲਦ ਤੋਂ ਜਲਦ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ, ਰਣਜੀਤ ਸਿੰਘ ਚੀਮਾ ਅਤੇ ਰਣਯੋਧ ਸਿੰਘ ਗੱਗੋਬੂਹਾ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਮਿਤੀ 24 ਜੁਲਾਈ ਨੂੰ ਪੰਜਾਬ ਭਰ 'ਚ ਡੀਸੀ ਦਫਤਰਾਂ ਅੱਗੇ ਲੱਗਣ ਜਾ ਰਹੇ ਧਰਨਿਆਂ ਵਿੱਚ ਭਿੱਖੀਵਿੰਡ ਜ਼ੋਨ ਤੋਂ ਕਿਸਾਨਾਂ ਦੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਵਾਉਣ ਲਈ ਆਉਣ ਵਾਲੇ ਦਿਨਾਂ ਵਿੱਚ ਪਿੰਡਾਂ ਵਿੱਚ ਮੀਟਿੰਗਾਂ ਦਾ ਆਯੋਜਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਡੀਸੀ ਦਫਤਰ ਅੱਗੇ ਲੱਗਣ ਵਾਲੇ ਧਰਨਿਆਂ ਵਿੱਚ ਅਬਾਦਕਾਰਾਂ ਦੇ ਮਾਲਕੀ ਹੱਕ ਬਹਾਲ ਰੱਖਣ ਲਈ ਤੇ ਬਿਜਲੀ ਵਿਭਾਗ ਵੱਲੋਂ ਲਗਾਏ ਜਾ ਰਹੇ ਪ੍ਰੀਪੇਡ ਮੀਟਰਾਂ ਦਾ ਵੀ ਵਿਰੋਧ ਕੀਤਾ ਜਾਵੇਗਾ। ਇਸੇ ਤਰ੍ਹਾਂ ਭਾਰਤ ਮਾਲਾ ਪ੍ਰੋਜੈਕਟ ਰਾਹੀ ਐਕਸਪ੍ਰੈਸ ਹਾਈਵੇਜ ਦੇ ਨਿਰਮਾਣ ਲਈ ਅਕਵਾਇਰ ਕੀਤੀਆਂ ਗਈਆਂ ਜ਼ਮੀਨਾਂ ਦੇ ਮਾਲਕਾਂ ਨੂੰ ਇਕਸਾਰ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਇਨ੍ਹਾਂ ਸਾਰੇ ਮਸਲਿਆਂ ਦਾ ਕੋਈ ਸਾਰਥਕ ਹੱਲ ਨਹੀਂ ਕੱਢਦੀ ਤਾਂ ਜਥੇਬੰਦੀ ਵੱਲੋਂ ਮਿਤੀ 25 ਜੁਲਾਈ ਨੂੰ ਪੂਰੇ ਪੰਜਾਬ ਵਿੱਚ ਰੇਲਾਂ ਰੋਕੀਆਂ ਜਾਣਗੀਆਂ। ਇਸ ਮੌਕੇ ਬਲਵਿੰਦਰ ਸਿੰਘ ਚੋਹਲਾ ਸਾਹਿਬ, ਸੁੱਚਾ ਸਿੰਘ ਵੀਰਮ, ਨਿਸ਼ਾਨ ਸਿੰਘ ਮਾੜੀਮੇਘਾ, ਪੂਰਨ ਸਿੰਘ ਮੱਦਰ, ਬਲਿਹਾਰ ਸਿੰਘ ਮਨਿਹਾਲਾ, ਮਾਨ ਸਿੰਘ ਮਾੜੀਮੇਘਾ, ਨਿਰਵੈਲ ਸਿੰਘ ਚੇਲਾ, ਸੁਖਪਾਲ ਸਿੰਘ ਦੋਦੇ, ਸੁਬੇਗ ਸਿੰਘ ਮੱਖੀ ਕਲ੍ਹਾ, ਹੀਰਾ ਸਿੰਘ ਮੱਦਰ, ਸਵਰਨ ਸਿੰਘ ਡਲੀਰੀ, ਸੁਖਚੈਨ ਸਿੰਘ ਡਲੀਰੀ, ਗੁਰਜੰਟ ਸਿੰਘ ਡਲੀਰੀ ਆਦਿ ਕਿਸਾਨ ਆਗੂ ਹਾਜ਼ਰ ਸਨ।

# ਆਵਾਜ਼ ਰੰਗਮੰਚ ਟੋਲੀ ਵੱਲੋਂ ਨਾਟਕ 'ਮੁਰਗੀਖਾਨਾ' ਦਾ ਸਫਲ ਮੰਚਨ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਆਵਾਜ਼ ਰੰਗਮੰਚ ਟੋਲੀ ਵੱਲੋਂ ਵਿਰਸਾ ਵਿਹਾਰ ਦੇ ਸਹਿਯੋਗ ਨਾਲ ਪ੍ਰਸਿੱਧ ਲੇਖਕ ਆਤਮਜੀਤ ਸਿੰਘ ਦੇ ਲਿਖੇ ਨਾਟਕ ਮੁਰਗੀਖਾਨਾ ਦੀ ਸਫਲ ਪੇਸ਼ਕਾਰੀ ਕੀਤੀ ਗਈ। ਜ਼ਿਕਰਯੋਗ ਹੈ ਕਿ ਆਵਾਜ਼ ਰੰਗਮੰਚ ਟੋਲੀ ਵੱਲੋਂ ਲਗਾਈ ਗਈ ਇਕ ਮਹੀਨੇ ਦੀ ਰੰਗਮੰਚ ਵਰਕਸ਼ਾਪ ਵਿੱਚ ਰੰਗਮੰਚ ਦੀ ਸਿਖਲਾਈ ਲੈ ਰਹੇ ਸਿਖਿਆਰਥੀ ਕਲਾਕਾਰਾਂ ਵੱਲੋਂ ਤਿਆਰ ਕੀਤੇ ਇਸ ਨਾਟਕ ਨੂੰ ਕੰਵਲ ਰੰਧੇਅ ਅਤੇ ਕਰਮਜੀਤ ਸੰਧੂ ਵੱਲੋਂ ਡਾਇਰੈਕਟ ਕੀਤਾ ਗਿਆ। ਨਾਟਕ ਮੁਰਗੀਖਾਨਾ ਵਿੱਚ ਦੇਸ਼ ਦੇ ਰਾਜਨੀਤਕ ਹਾਲਾਤ 'ਤੇ ਤਿੱਖਾ ਵਿਅੰਗ ਕੀਤਾ ਗਿਆ। ਚਿੰਨ੍ਹਾਤਮਕ ਸ਼ੈਲੀ ਦੇ ਇਸ ਨਾਟਕ ਵਿੱਚ ਸਾਰੇ ਸੰਵਾਦ ਕਾਵਿ ਰੂਪ ਵਿੱਚ ਹਨ। ਨਾਟਕ ਵਿੱਚ ਦਿਖਾਇਆ ਗਿਆ ਕਿ ਕਿਵੇਂ ਸਾਡਾ ਦੇਸ਼ ਇਕ ਮੁਰਗੀਖਾਨੇ ਵਾਂਗ ਹੈ ਜਿਸ ਵਿੱਚ ਲੋਕ ਰਾਜਨੀਤਕ ਲੀਡਰਾਂ ਮਗਰ ਲੱਗ ਕੇ ਕੁੱਕੜਾਂ ਵਾਂਗ ਲੜਦੇ ਹਨ ਅਤੇ ਕਿਵੇਂ ਲੀਡਰ ਲੋਕਾਂ ਨੂੰ ਆਪਸ ਵਿੱਚ ਲੜਵਾ ਕੇ ਆਪ ਇਕ ਦੂਜੇ ਨਾਲ ਇੱਕ-ਮਿੱਕ ਹੁੰਦੇ ਹਨ। ਨਾਟਕ ਦੇ ਸੰਵਾਦ ਡੂੰਘੇ ਅਰਥਾਂ ਵਾਲੇ ਹਨ ਜੋ ਲੋਕਾਂ ਨੂੰ ਇਕ ਚੰਗਾ ਸੁਨੇਹਾ ਦੇਣ ਵਿੱਚ ਕਾਮਯਾਬ ਰਹੇ। ਇਸ ਮੌਕੇ ਬ੍ਰਾਈਟ ਵੇਅ ਹੋਲੀ ਇਨੋਸੈਂਟ ਸਕੂਲ ਦੇ ਡਾਇਰੈਕਟਰ ਪ੍ਰਿੰਸੀਪਲ ਨਿਰਮਲ ਸਿੰਘ ਬੇਦੀ ਅਤੇ ਉੱਘੇ ਸਮਾਜ ਸੇਵੀ ਬਾਲ ਕ੍ਰਿਸ਼ਨ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਨਾਟਕ ਵਿੱਚ ਭਾਗ ਲੈਣ ਵਾਲੇ ਕਲਾਕਾਰਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਰੰਗਮੰਚ ਵਰਕਸ਼ਾਪ ਦੀ ਡਾਇਰੈਕਟਰ ਨਵਨੀਤ ਰੰਧੇਅ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਨਾਟਕ ਵਿੱਚ ਰੁਬਲ, ਨਿਖਿਲ, ਨਵਦੀਪ ਸਿੰਘ, ਸੁਰਖਾਬ ਸਿੰਘ, ਮਨਪ੍ਰੀਤ ਕੌਰ, ਵੈਸ਼ਨਵੀ, ਤਨਵੀ ਪ੍ਰੀਆ, ਅੰਸ, ਰਾਹੁਲ, ਕੋਮਲਪ੍ਰੀਤ ਕੌਰ, ਗੈਵੀ ਸ਼ੇਰਗਿੱਲ, ਦੀਪ ਮਨਨ, ਸਾਹਿਲ ਪ੍ਰੀਤਨਗਰ ਵੱਲੋਂ ਆਪਣੀ ਦਮਦਾਰ ਅਦਾਕਾਰੀ ਦਿਖਾਈ। ਇਸ ਮੌਕੇ ਵੱਡੀ ਗਿਣਤੀ ਵਿੱਚ ਨਾਟ ਪ੍ਰੇਮੀ ਹਾਜ਼ਰ ਸਨ।

# ਹੱਕੀ ਮੰਗਾਂ ਨੂੰ ਲੈ ਕੇ ਆਸ਼ਾ ਵਰਕਰਾਂ ਵੱਲੋਂ ਇਕੱਤਰਤਾ

## 14 ਨੂੰ ਮੋਹਾਲੀ ਵਿਖੇ ਰੋਸ ਧਰਨਾ ਦੇਣ ਦਾ ਐਲਾਨ



ਪੱਟੀ (ਬਲਦੇਵ ਸਿੰਘ ਸੰਧੂ/ਸਮਸੇਰ ਸਿੰਘ ਯੋਧਾ)-ਆਸ਼ਾ ਵਰਕਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਇੱਕ ਮੀਟਿੰਗ ਪੱਟੀ ਮੋੜ ਚੂਸਲੇਵੜ ਦੇ ਗੁਰਦੁਆਰਾ ਸਾਹਿਬ ਬਾਬਾ ਚਰਨ ਦਾਸ ਵਿਖੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਦੀ ਅਗਵਾਈ ਵਿਚ ਹੋਈ। ਮਨਜਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਸੂਬੇ ਭਰ ਵਿਚ ਕੰਮ ਕਰਦੀਆਂ ਆਸ਼ਾ ਵਰਕਰਾਂ ਦਾ ਬਕਾਇਆ ਰੁਕਿਆ ਹੋਇਆ। ਸੂਬੇ ਭਰ ਦੀਆਂ ਆਸ਼ਾ ਵਰਕਰਾਂ ਵੱਲੋਂ ਸੂਬਾ ਪ੍ਰਧਾਨ ਅਮਰਜੀਤ ਕੌਰ ਦੀ ਅਗਵਾਈ ਹੇਠ ਮੋਹਾਲੀ ਵਿਖੇ 14 ਜੁਲਾਈ ਨੂੰ ਵਿਸ਼ਾਲ ਰੋਸ ਧਰਨਾ ਦੇਣ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਮਨਜਿੰਦਰ ਕੌਰ ਨੇ ਦੱਸਿਆ ਕਿ ਸਰਕਾਰ ਤੇ ਮਹਿਕਮੇ ਵੱਲੋਂ ਉਨ੍ਹਾਂ ਪਾਸੋਂ ਪੂਰਾ ਕੰਮ ਲਿਆ ਜਾਂਦਾ ਪਰ ਬਜਟ ਨਾ ਆਉਣ ਦੇ ਬਹਾਨੇ ਲਗਾ ਕੇ ਉਨ੍ਹਾਂ ਨੂੰ ਦੋ ਦੋ ਮਹੀਨੇ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ, ਖੱਜਲ-ਖੁਆਰ ਕੀਤਾ ਜਾਂਦਾ। ਤਨਖਾਹ ਤੋਂ ਇਲਾਵਾ ਜਿਹੜੇ ਵੱਖਰੇ ਕੰਮ ਦਾ ਮਿਹਨਤਾਨਾ ਮਿਲਣਾ ਚਾਹੀਦਾ ਉਹ ਵੀ ਨਹੀਂ ਮਿਲ ਰਿਹਾ। ਆਸ਼ਾ ਵਰਕਰਾਂ ਨੇ ਭਰੇ ਮਨ ਨਾਲ ਦੱਸਿਆ ਕਿ ਸੂਬਾ ਸਰਕਾਰ ਤੇ ਸਿਵਲ ਸਰਜਨਾਂ ਵੱਲੋਂ ਉਨ੍ਹਾਂ ਦਾ ਗਲਾ ਘੁੱਟਿਆ ਜਾ ਰਿਹਾ, ਵਾਧੂ ਮਿਹਨਤਾਨਾ ਦੇਣ ਦੀ ਬਜਾਏ ਉਨ੍ਹਾਂ ਦੀ ਮਜ਼ਦੂਰੀ ਵੀ ਪੱਲੇ ਨਹੀਂ ਪਾਈ ਜਾ ਰਹੀ। ਇਸ ਤੋਂ ਇਲਾਵਾ ਸੀਨੀਅਰ ਸਟਾਫ ਵੱਲੋਂ ਉਨਾਂ ਨਾਲ ਕੋਈ ਬਹੁਤਾ ਵਧੀਆ ਵਿਹਾਰ ਨਹੀਂ ਕੀਤਾ ਜਾਂਦਾ। ਪ੍ਰਧਾਨ ਹਰੀਕੇ ਨੇ ਦੱਸਿਆ ਕਿ 19 ਜੂਨ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸਿਵਲ ਸਰਜਨ ਤਰਨਤਾਰਨ ਨੂੰ ਮੰਗ ਪੱਤਰ ਸੌਂਪਣ ਲਈ ਗਈਆਂ ਤਾਂ ਸਿਵਲ ਸਰਜਨ ਉਨ੍ਹਾਂ ਦਾ ਮੰਗ ਪੱਤਰ ਵੀ ਲੈਣ ਲਈ ਤਿਆਰ ਨਹੀਂ ਸੀ। ਜਦੋਂ ਲੰਮਾ-ਸਮਾਂ ਮੰਗ ਪੱਤਰ ਲੈਣ ਕੋਈ ਜ਼ੁੰਮੇਵਾਰ ਅਧਿਕਾਰੀ ਨਾ ਆਇਆ ਤਾਂ ਉਨ੍ਹਾਂ ਵੱਲੋਂ ਮਹਿਕਮੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕਰਨ 'ਤੇ ਮੰਗ ਪੱਤਰ ਸੌਂਪਿਆ ਗਿਆ ਪਰ ਅੱਜ ਤੱਕ ਲਾਰਿਆਂ ਤੋਂ ਸਵਾਏ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਉਨ੍ਹਾਂ ਚਿਤਾਵਨੀ ਭਰ ਲਹਿਜੇ ਵਿਚ ਕਿਹਾ ਕਿ ਜੇਕਰ 14 ਜੁਲਾਈ ਵਾਲੇ ਰੋਸ ਧਰਨੇ ਤੋਂ ਬਾਅਦ ਵੀ ਉਨ੍ਹਾਂ ਦੀਆਂ ਮੰਗਾਂ ਵੱਲ ਸਰਕਾਰ ਤੇ ਮਹਿਕਮੇ ਵੱਲੋਂ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਦੌਰਾਨ ਵੱਡੇ ਸੰਘਰਸ਼ ਆਰੰਭਣ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ ਜਿਸਦੀ ਜ਼ਿੰਮੇਵਾਰੀ ਸੂਬਾ ਸਰਕਾਰ ਤੇ ਜ਼ਿਲਾ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਸੀਮਾ ਸੋਹਲ ਝਬਾਲ ਜਨਰਲ ਸੈਕਟਰੀ, ਸਰਬਜੀਤ ਕੌਰ ਘਰਿਆਲਾ, ਮੀਤ ਪ੍ਰਧਾਨ, ਰਾਜਵਿੰਦਰ ਕੌਰ ਖਜਾਨਚੀ, ਹਰਜੀਤ ਕੌਰ ਚੂਸਲੇਵੜਾ ਬਲਾਕ ਪ੍ਰਧਾਨ, ਗੁਰਵੰਤ ਕੌਰ ਮੀਆਂਵਿੰਡ, ਪਰਮਿੰਦਰ ਕੌਰ ਅਤੇ ਹਰੀਕੇ ਵੀਰਪਾਲ ਕੌਰ ਆਦਿ ਹਾਜ਼ਰ ਸਨ।

# ਨੋਡਲ ਅਫਸਰ ਕਾਦੀਆਂ ਨੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਕੂਲਾਂ ਵਿੱਚ ਸਮਰ ਕੈਂਪ ਦੀ ਵਿਵਸਥਾ ਕੀਤੀ ਗਈ ਹੈ। ਇਸ ਬਾਰੇ ਬਲਾਕ ਨੋਡਲ ਅਫਸਰ ਕਾਦੀਆਂ-1ਵਿਜੈ ਕੁਮਾਰ ਅਤੇ ਸਹਾਇਕ ਨੋਡਲ ਅਫਸਰ ਰਜਵੰਤ ਕੌਰ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਨ੍ਹਾਂ ਵਲੋਂ ਬਲਾਕ ਕਾਦੀਆਂ -1 ਦੇ ਸਰਕਾਰੀ ਮਿਡਲ ਸਕੂਲ ਪੁਰਾਣਾ ਪਿੰਡ ਨੂੰ ਵਿਜ਼ਿਟ ਕੀਤਾ ਗਿਆ। ਸਮਰ ਕੈਂਪ ਵਿੱਚ ਵਿਦਿਆਰਥੀਆਂ ਵਿੱਚ ਉਤਸੁਕਤਾ ਵਧਾਉਣ ਲਈ ਸਕੂਲ ਇੰਚਾਰਜ ਸਤਿੰਦਰਪਾਲ ਸਿੰਘ ਵਲੋਂ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਕੰਪੀਟੀਸ਼ਨ ਕਰਵਾਏ ਜਾ ਰਹੇ ਹਨ। ਬਲਾਕ ਨੋਡਲ ਅਫਸਰ ਅਤੇ ਸਹਾਇਕ ਨੋਡਲ ਅਫਸਰ ਵੱਲੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਤਨਵੀਰ ਕੌਰ, ਪਲਕਦੀਪ ਕੌਰ, ਹਰਮਨਦੀਪ ਮਸੀਹ, ਗੁਰਸੇਵਕ ਸਿੰਘ, ਹਰਮਨਜੋਤ ਸਿੰਘ, ਗੁਰਲੀਨ ਕੌਰ ਅਤੇ ਮਨਪ੍ਰੀਤ ਕੌਰ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਇੰਚਾਰਜ ਵਲੋਂ ਬਲਾਕ ਨੋਡਲ ਅਫਸਰ ਵਿਜੈ ਕੁਮਾਰ ਅਤੇ ਸਹਾਇਕ ਨੋਡਲ ਅਫਸਰ ਰਜਵੰਤ ਕੌਰ ਨੂੰ ਸਕੂਲ ਸਮਰਿਤੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਬਲਾਕ ਨੋਡਲ ਅਫਸਰ ਵੱਲੋਂ ਇੰਚਾਰਜ ਵਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਨੋਡਲ ਅਫ਼ਸਰ ਵੱਲੋਂ ਸੁਝਾਅ ਦਿੱਤਾ ਗਿਆ ਕਿ ਸਕੂਲ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਦਾ ਬਲਾਕ ਪੱਧਰੀ ਕੰਪੀਟੀਸ਼ਨ ਹੋਵੇ ਅਤੇ ਸਨਮਾਨਿਤ ਕੀਤਾ ਜਾਵੇ ਤਾਂ ਜੋ ਵਿਦਿਆਰਥੀਆਂ ਵਿੱਚ ਉਤਸੁਕਤਾ ਪੈਦਾ ਹੋਏ। ਸਕੂਲ ਕਮੇਟੀਆਂ ਅਤੇ ਮਾਪਿਆਂ ਨੇ ਸਮਰ ਕੈਂਪ ਲੱਗਣ 'ਤੇ ਖੁਸ਼ੀ ਜ਼ਾਹਿਰ ਕੀਤੀ।

# ਪਿੰਗਲਵਾੜਾ ਪਰਿਵਾਰ ਦੀ ਇਕ ਹੋਰ ਧੀ ਦਾ ਆਨੰਦ ਕਾਰਜ ਸੰਪੰਨ



ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ ਦੇ ਮੁੱਖ ਦਫਤਰ ਦੇ ਵਿਹੜੇ ਵਿਚ ਪਿੰਗਲਵਾੜਾ ਪਰਿਵਾਰ ਦੀ ਲੜਕੀ ਕੁਲਦੀਪ ਕੌਰ ਦਾ ਅਨੰਦ ਕਾਰਜ ਸ. ਬਰਜਿੰਦਰ ਸਿੰਘ, ਸਪੁੱਤਰ ਹਰਦੀਪ ਸਿੰਘ ਵਾਸੀ ਜਵੰਦਪੁਰ, ਮਿਆਂਵਿੰਡ, ਤਰਨਤਾਰਨ ਨਾਲ ਮਿਤੀ 09 ਜੁਲਾਈ, 2023 ਨੂੰ ਗੁਰਦੁਆਰਾ ਸਾਹਿਬ ਮੁੱਖ ਦਫਤਰ ਪਿੰਗਲਵਾੜਾ ਵਿਖੇ ਹੋਇਆ ਹੈ। ਇਹ ਪਿੰਗਲਵਾੜਾ ਪਰਿਵਾਰ ਦੀ 66ਵੀਂ ਲੜਕੀ ਦਾ ਅਨੰਦ ਕਾਰਜ ਹੈ। ਇਸ ਸ਼ੁਭ ਮੌਕੇ ਪਿੰਗਲਵਾੜਾ ਦੇ ਮੁੱਖ ਦਫ਼ਤਰ ਦਾ ਵਿਹੜਾ ਖ਼ੁਸ਼ੀਆਂ ਅਤੇ ਖੇੜਿਆਂ ਨਾਲ ਭਰਿਆ ਪਿਆ ਸੀ। ਇਸ ਖ਼ੁਸ਼ੀ ਦੇ ਮੌਕੇ ਸਮੂਹ ਵਾਰਡਾਂ ਦੇ ਇੰਚਾਰਜ, ਸਕੂਲਾਂ ਦੇ ਪ੍ਰਿੰਸੀਪਲ, ਹੋਸਟਲ ਦੇ ਲੜਕੇ, ਲੜਕੀਆਂ ਅਤੇ ਭਾਰੀ ਗਿਣਤੀ ਵਿੱਚ ਮਰੀਜ਼ ਵੀ ਇਸ ਖ਼ੁਸ਼ੀ ਵਿੱਚ ਸ਼ਾਮਲ ਹੋਏ। ਜੋੜੀ ਨੂੰ ਪਿੰਗਲਵਾੜਾ ਸੰਸਥਾ ਦੇ ਮੁਖੀ ਡਾ. ਇੰਦਰਜੀਤ ਕੌਰ, ਆਨਰੇਰੀ ਸੱਕਤਰ ਮੁਖਤਾਰ ਸਿੰਘ ਗੋਰਾਇਆ, ਰਾਜਬੀਰ ਸਿੰਘ ਮੈਂਬਰ, ਡਾ.ਕਰਨਜੀਤ ਸਿੰਘ ਸਾਬਕਾ ਡਾਇਰੈਕਟਰ, ਸਿਹਤ ਸੇਵਾਵਾਂ, ਪੰਜਾਬ, ਬੀਬੀ ਜਗੀਰ ਕੌਰ ਸਮਾਜ ਸੇਵਿਕਾ, ਕਰਨਲ ਦਰਸ਼ਨ ਸਿੰਘ ਬਾਵਾ ਪ੍ਰਸ਼ਾਸਕ, ਪਰਮਿੰਦਰਜੀਤ ਸਿੰਘ ਭੱਟੀ ਸਹਿ ਪ੍ਰਸ਼ਾਸਕ, ਸਰਦਾਰਨੀ ਸੁਰਿੰਦਰ ਕੌਰ ਭੱਟੀ, ਬਖ਼ਸ਼ੀਸ਼ ਸਿੰਘ ਪ੍ਰਸ਼ਾਸ਼ਕ ਮਾਨਾਂਵਾਲਾ, ਸਰਦਾਰਨੀ ਹਰਮਿੰਦਰ ਕੌਰ, ਜੈ ਸਿੰਘ ਸਹਿ ਪ੍ਰਸ਼ਾਸਕ ਮਾਨਾਂਵਾਲਾ, ਤਿਲਕ ਰਾਜ ਜਨਰਲ ਮੈਨੇਜਰ, ਗੁਲਸ਼ੰਨ ਰੰਜਨ ਮੈਡੀਕਲ ਸੋਸ਼ਲ ਵਰਕਰ, ਹਰਪਾਲ ਸਿੰਘ ਸੰਧੂ ਕੇਅਰ ਟੇਕਰ, ਨਰਿੰਦਰਪਾਲ ਸਿੰਘ ਸੋਹਲ, ਹਰਪਾਲ ਸਿੰਘ ਮੈਡੀਕਲ ਸੋਸ਼ਲ ਵਰਕਰ ਪਲਸੋਰਾ ਬਰਾਂਚ, ਚੰਡੀਗੜ੍ਹ, ਹਰੀਸ਼ ਚੰਦਰ ਗੁਲਾਟੀ ਆਨਰੇਰੀ ਸੇਵਾਦਾਰ, ਪਲਸੋਰਾ ਬਰਾਂਚ, ਚੰਡੀਗੜ ਅਤੇ ਹੋਰ ਸਖ਼ਸ਼ੀਅਤਾਂ ਨੇ ਆਸ਼ੀਰਵਾਦ ਦਿੱਤਾ।

# ਦਰਿਆਵਾਂ/ਨਾਲਿਆਂ 'ਚ ਪਾਣੀ ਦਾ ਪੱਧਰ ਵਧਿਆ, ਬਹਿਲ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ



ਗੁਰਦਾਸਪੁਰ (ਜਨਕ ਮਹਾਜਨ)-ਬੀਤੇ 2 ਦਿਨਾਂ ਤੋਂ ਮੈਦਾਨੀ ਅਤੇ ਪਹਾੜੀ ਖੇਤਰਾਂ ਵਿੱਚ ਪੈ ਰਹੀ ਭਾਰੀ ਬਾਰਸ਼ ਕਾਰਨ ਜ਼ਿਲ੍ਹਾ ਗੁਰਦਾਸਪੁਰ ਵਿਚੋਂ ਲੰਘਦੇ ਦਰਿਆਵਾਂ ਅਤੇ ਨਾਲਿਆਂ ਦੇ ਪਾਣੀ ਦਾ ਪੱਧਰ ਵੱਧ ਗਿਆ ਹੈ। ਇਸੇ ਦੌਰਾਨ ਕਿਰਨ ਨਾਲੇ ਵਿੱਚ ਵੀ ਪਾਣੀ ਦਾ ਪੱਧਰ ਵੱਧਿਆ ਹੋਇਆ ਹੈ। ਹਾਲਾਂਕਿ ਜ਼ਿਲ੍ਹਾ ਗੁਰਦਾਸਪੁਰ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਪ੍ਰਸ਼ਾਸਨ ਵੱਲੋਂ ਪੂਰੀ ਚੌਕਸੀ ਵਰਤੀ ਜਾ ਰਹੀ ਹੈ। ਇਸੇ ਦੌਰਾਨ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਘੁੰਮਣ ਅਤੇ ਡਰੇਨਜ਼ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਕਿਰਨ ਨਾਲੇ ਦੇ ਕੰਢੇ ਸਥਿਤ ਪਿੰਡਾਂ ਆਲੀਨੰਗਲ, ਮੁਕੰਦਪੁਰ, ਚੱਕੂਵਾਲ ਅਤੇ ਸਿੰਘੋਵਾਲ ਦਾ ਦੌਰਾ ਕੀਤਾ ਗਿਆ। ਇਸ ਮੌਕੇ ਚੇਅਰਮੈਨ ਰਮਨ ਬਹਿਲ ਨੇ ਮੀਂਹ ਕਾਰਨ ਖੇਤਾਂ ਵਿੱਚ ਜਮ੍ਹਾ ਹੋਏ ਪਾਣੀ ਦਾ ਜਾਇਜ਼ਾ ਲਿਆ ਅਤੇ ਹਾਜ਼ਰ ਪਿੰਡਾਂ ਦੇ ਵਸਨੀਕਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਕਿਸੇ ਵੀ ਹੰਗਾਮੀ ਹਾਲਤ ਦਾ ਸਾਹਮਣਾ ਕਰਨ ਲਈ ਪੂਰੀ ਤਰਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਅੱਜ ਉੱਜ ਅਤੇ ਰਾਵੀ ਦਰਿਆ ਵਿੱਚ ਪਾਣੀ ਦਾ ਪੱਧਰ ਜ਼ਰੂਰ ਵਧਿਆ ਸੀ ਪਰ ਸਥਿਤੀ ਪੂਰੀ ਤਰਾਂ ਕਾਬੂ ਹੇਠ ਹੈ।

ਉਨ੍ਹਾਂ ਸਥਾਨਕ ਲੋਕਾਂ ਨੂੰ ਕਿਹਾ ਕਿ ਉਹ ਚੌਕਸੀ ਰੱਖਣ ਅਤੇ ਜਦੋਂ ਵੀ ਕਿਤੇ ਉਨ੍ਹਾਂ ਨੂੰ ਪਾਣੀ ਦਾ ਪੱਧਰ ਵੱਧਦਾ ਦਿਖਾਈ ਦੇਵੇ ਤਾਂ ਉਹ ਤੁਰੰਤ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ 1800-180-1852 ਅਤੇ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 'ਤੇ ਸੂਚਨਾ ਦੇਣ।

# ਅਮਨਦੀਪ ਸਿੰਘ ਕੱਕੜ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਬੁਲਾਰਾ ਨਿਯੁਕਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਮਨਦੀਪ ਸਿੰਘ ਕੱਕੜ ਨੂੰ ਕਾਂਗਰਸ ਪਾਰਟੀ ਲਈ ਕੀਤੀ ਮਿਹਨਤ ਨੂੰ ਵੇਖਦਿਆਂ ਉਨ੍ਹਾਂ ਨੂੰ ਪਾਰਟੀ ਵਿੱਚ ਅਹਿਮ ਜ਼ਿੰਮੇਵਾਰੀ ਦਿੰਦਿਆਂ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦਾ ਬੁਲਾਰਾ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਕੱਕੜ ਨੇ ਕਿਹਾ ਕਿ ਉਹ ਕਾਂਗਰਸੀ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ, ਚੇਅਰਮੈਨ ਦਿਲਰਾਜ ਸਿੰਘ ਸਰਕਾਰੀਆ, ਜ਼ਿਲ੍ਹਾ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਸਾਬਕਾ ਜ਼ਿਲ੍ਹਾ ਪ੍ਰਧਾਨ ਭਗਵੰਤਪਾਲ ਸਿੰਘ ਸੱਚਰ ਅਤੇ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਇਹ ਅਹਿਮ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਪਾਰਟੀ ਨੂੰ ਯਕੀਨ ਦਿਵਾਉਂਦਿਆਂ ਕਿਹਾ ਕਿ ਉਹ ਆਪਣੀ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ ਅਤੇ 2024 ਵਿੱਚ ਕਾਂਗਰਸੀ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਦਿਨ ਰਾਤ ਮਿਹਨਤ ਕਰਨਗੇ। ਕੱਕੜ ਦੇ ਕਾਂਗਰਸ ਪਾਰਟੀ ਦਾ ਬੁਲਾਰਾ ਨਿਯੁਕਤ ਹੋਣ ਤੇ ਰਵੀ ਕੁਮਾਰ ਪੀਏ ਸਰਕਾਰੀਆ, ਬੂਆ ਸਿੰਘ ਸੰਧੂ ਓਐਸਡੀ ਸਰਕਾਰੀਆ, ਕੰਵਰਪ੍ਰਤਾਪ ਸਿੰਘ ਅਜਨਾਲਾ ਮੀਤ ਪ੍ਰਧਾਨ ਜ਼ਿਲ੍ਹਾ ਦਿਹਾਤੀ, ਐਡਵੋਕੇਟ ਮਨਦੀਪ ਸਿੰਘ ਮੁਹਾਰ, ਗੁਰਭੇਜ ਸਿੰਘ ਵਣੀਏਕੇ ਬਲਾਕ ਪ੍ਰਧਾਨ ਚੋਗਾਵਾਂ, ਸਰਪੰਚ ਲਖਵਿੰਦਰ ਸਿੰਘ ਝੰਜੋਟੀ ਬਲਾਕ ਪ੍ਰਧਾਨ ਹਰਸਾ ਛੀਨਾ, ਜਸਕਰਨ ਸਿੰਘ ਕੋਹਰੀ, ਪ੍ਰਧਾਨ ਯੂਥ ਕਾਂਗਰਸ ਰਾਜਾਸਾਂਸੀ, ਗੁਰਦੇਵ ਸਿੰਘ ਸੂਹਰਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ ਦਿਹਾਤੀ, ਡਾ. ਪ੍ਰਗਟ ਸਿੰਘ ਭੁੱਲਰ, ਸਰਪੰਚ ਗੁਰਮੀਤ ਸਿੰਘ ਡਾਲਾ, ਸਰਪੰਚ ਨਿਰਵੈਲ ਸਿੰਘ ਚੋਗਾਵਾਂ ਮੀਤ ਪ੍ਰਧਾਨ ਜ਼ਿਲ੍ਹਾ ਦਿਹਾਤੀ, ਸ਼ਮਸ਼ੇਰ ਸਿੰਘ ਚੋਗਾਵਾਂ ਜਨਰਲ ਸਕੱਤਰ ਦਿਹਾਤੀ, ਰਕੇਸ਼ ਕੁਮਾਰ ਮੈਂਬਰ ਬਲਾਕ ਸੰਮਤੀ, ਇੰਦਰਪਾਲ ਸਿੰਘ ਲਾਲੀ ਰਾਜਾਸਾਂਸੀ ਮੀਤ ਪ੍ਰਧਾਨ ਜ਼ਿਲ੍ਹਾ ਦਿਹਾਤੀ, ਗੁਰਮੀਤ ਸਿੰਘ ਭੀਲੋਵਾਲ ਮੀਤ ਪ੍ਰਧਾਨ ਦਿਹਾਤੀ, ਅਮਰਜੀਤ ਸਿੰਘ ਨੇਪਾਲ ਜਨਰਲ ਸਕੱਤਰ ਦਿਹਾਤੀ, ਦਿਲਬਾਗ ਸਿੰਘ ਮਿਆਦੀਆਂ ਜਨਰਲ ਸਕੱਤਰ ਦਿਹਾਤੀ, ਅਜੇਬੀਰ ਸਿੰਘ ਲੋਪੋਕੇ ਮੀਤ ਪ੍ਰਧਾਨ ਦਿਹਾਤੀ, ਦਲਜੀਤ ਸਿੰਘ ਪਾਖਰਪੁਰਾ ਜਨਰਲ ਸਕੱਤਰ ਦਿਹਾਤੀ ਸਰਪੰਚ ਮੇਜਰ ਸਿੰਘ ਕੱਕੜ ਮੀਤ ਪ੍ਰਧਾਨ ਦਿਹਾਤੀ, ਦਿਲਬਾਗ ਸਿੰਘ ਖਿਆਲਾ ਜਨਰਲ ਸਕੱਤਰ ਦਿਹਾਤੀ, ਭੁਪਿੰਦਰ ਸਿੰਘ ਬਿੱਟੂ ਕੱਕੜ ਵਾਈਸ ਚੇਅਰਮੈਨ ਵੇਰਕਾ ਮਿਲਕ ਪਲਾਂਟ, ਹਰਨੇਕ ਸਿੰਘ ਕੱਕੜ, ਮੇਜਰ ਸਿੰਘ ਰੈਂ, ਕੁਲਦੀਪ ਸਿੰਘ ਔਲਖ ਕੱਕੜ, ਸਰਪੰਚ ਨਿਸ਼ਾਨ ਸਿੰਘ ਮੰਝ, ਬਲਦੇਵ ਸਿੰਘ ਮੰਝ ਮੈਂਬਰ ਬਲਾਕ ਸੰਮਤੀ, ਸਰਪੰਚ ਸ਼ਮਸ਼ੇਰ ਸਿੰਘ ਸਾਰੰਗੜਾ, ਸਰਪੰਚ ਗੈਵੀ ਪ੍ਰੀਤ ਨਗਰ, ਸਰਪੰਚ ਮਿੰਟੂ ਪੰਡੋਰੀ, ਸਰਪੰਚ ਸੁਰਜੀਤ ਸਿੰਘ ਰਾਣੀਆਂ, ਗੁਰਪ੍ਰੀਤ ਸਿੰਘ ਪੰਜੂਰਾਏ, ਸੁਖਦੇਵ ਸਿੰਘ ਨੱਥੂਪੁਰਾ, ਸਰਪੰਚ ਬੱਬੂ ਕਾਵੇਂ, ਸਰਪੰਚ ਲਖਵਿੰਦਰ ਸਿੰਘ ਭਿੱਟੇਵੱਢ, ਸਰਪੰਚ ਲਖਬੀਰ ਸਿੰਘ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ ਆਦਿ ਨੇ ਅਮਨਦੀਪ ਸਿੰਘ ਕੱਕੜ ਨੂੰ ਬੁਲਾਰਾ ਨਿਯੁਕਤ ਹੋਣ ਤੇ ਵਧਾਈਆਂ ਦਿੱਤੀਆਂ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ, ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ ਅਤੇ ਹਾਈਕਮਾਂਡ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਰੁੱਖ ਲਗਾਉਣ ਦੇ ਨਾਲ-ਨਾਲ ਇਨ੍ਹਾਂ ਦੀ ਪਾਲਣਾ ਵੀ ਜ਼ਰੂਰੀ: ਮਨਪ੍ਰੀਤ ਸਿੰਘ ਰੰਧਾਵਾ



ਬਟਾਲਾ (ਡਾ. ਮਲਵਿੰਦਰ ਸਿੰਘ)-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਸਥਾਨਕ ਬਟਾਲੀਅਨ ਹੈੱਡ ਕੁਆਰਟਰ ਨੰ. 2, ਬਾਰਡਰ ਵਿੰਗ, ਪੰਜਾਬ ਹੋਮ ਗਾਰਡਜ਼ ਵਿਖੇ ਸਟਾਫ ਅਫ਼ਸਰ ਮਨਪ੍ਰੀਤ ਸਿੰਘ ਰੰਧਾਵਾ ਪ੍ਰੈਜ਼ੀਡੈਂਟ ਐਵਾਰਡੀ (2-ਵਾਰੀ) ਦੀ ਯੋਗ ਅਗਵਾਈ ਵਿਚ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਕੰਵਲਜੀਤ ਸਿੰਘ ਸਟੋਰ ਸੁਪਰਡੈਂਟ, ਮਨਜੀਤ ਸਿੰਘ ਪੀ/ਸੀ, ਹਰਬਖ਼ਸ਼ ਸਿੰਘ ਪੋਸਟ ਵਾਰਡਨ ਸਮੇਤ ਸਟਾਫ ਅਤੇ ਜਵਾਨ ਹਾਜ਼ਰ ਸਨ। ਇਸ ਮੌਕੇ ਮਨਪ੍ਰੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਇਹ ਮੁਹਿੰਮ ਹਰ ਸਾਲ ਚਲਾਈ ਜਾਂਦੀ ਹੈ। ਬੂਟੇ ਲਾ ਕੇ ਇਨ੍ਹਾਂ ਦੀ ਚੰਗੀ ਤਰ੍ਹਾਂ ਦੇਖਭਾਲ ਵੀ ਕੀਤੀ ਜਾਂਦੀ ਹੈ। ਰੁੱਖਾਂ ਦੀ ਘਾਟ ਕਰਕੇ ਹੀ ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਜਿਸ ਕਾਰਨ ਵਾਤਾਵਰਨ ਵਿਚ ਵਿਗਾੜ ਪੈਦਾ ਹੋ ਰਿਹਾ ਹੈ। ਕਈ ਤਰ੍ਹਾਂ ਦੀਆਂ ਨਵੀਆਂ ਬਿਮਾਰੀਆਂ ਪਨਪ ਰਹੀਆਂ ਹਨ, ਇਸ ਦਾ ਹੱਲ ਸਿਰਫ਼ ਰੁੱਖ ਹੀ ਹਨ। ਰੁੱਖ ਲਗਾਉਣ ਨਾਲ ਇਨ੍ਹਾਂ ਨੂੰ ਪਾਲਣ ਦੀ ਜ਼ਿੰਮੇਵਾਰੀ ਵੀ ਹੋਣੀ ਚਾਹੀਦੀ ਹੈ ਜੋ ਕਿ ਅਤਿ ਜ਼ਰੂਰੀ ਹੈ। ਉਨ੍ਹਾਂ ਅੱਗੇ ਦਸਿਆ ਕਿ ਪੰਛੀਆਂ ਦਾ ਖ਼ਿਆਲ ਰੱਖਦੇ ਹੋਏ ਫਲਦਾਰ ਬੂਟੇ ਜ਼ਿਆਦਾ ਤੋਂ ਜ਼ਿਆਦਾ ਲਗਾਏ ਜਾਣ। ਹਰੇਕ ਨਾਗਰਿਕ ਇਕ ਰੁੱਖ ਜ਼ਰੂਰ ਲਗਾ ਕੇ ਪਾਲੇ। ਇਸ ਮੌਕੇ ਹਰਬਖਸ਼ ਸਿੰਘ ਨੇ ਦੱਸਿਆ ਕਿ ਜੰਗਲਾਂ ਦੀ ਘਾਟ ਕਾਰਣ ਵਾਤਾਵਰਨ ਬਦਲਾਵ ਹੋਣ ਕਰਕੇ ਗਰਮੀਆਂ ਅਤੇ ਸਰਦੀਆਂ ਦੇ ਮਹੀਨਿਆਂ ਵਿੱਚ ਅੱਤ ਦੀ ਗਰਮੀ ਅਤੇ ਠੰਡ, ਤੂਫਾਨਾਂ ਤੇ ਫਲੈਸ਼ ਫਲੱਡ ਆ ਰਹੇ ਹਨ। ਇਨ੍ਹਾਂ ਤੋਂ ਬਚਾਅ ਲਈ ਵੱਧ ਤੋਂ ਵੱਧ ਰੁੱਖ ਲਗਾਉ ਤੇ ਪਾਲੋ ਜੋ ਅਜੋਕੇ ਸਮੇਂ ਦੀ ਲੋੜ ਹੈ।

# ਕੈਬਨਿਟ ਮੰਤਰੀ ਤੇ ਡੀਸੀ ਨੇ ਭਾਰੀ ਮੀਂਹ ਕਾਰਨ ਪੈਦਾ ਹੋਈ ਸਥਿਤੀ ਦਾ ਲਿਆ ਜਾਇਜ਼ਾ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਅੱਜ ਭਾਰੀ ਮੀਂਹ ਕਾਰਨ ਪੈਦਾ ਹੋਈ ਸਥਿਤੀ ਦਾ ਜਾਇਜ਼ਾ ਲੈਣ ਲਈ ਆਪਣੇ ਬਾਕੀ ਦੇ ਸਾਰੇ ਰੁਝੇਵੇਂ ਰੱਦ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਟੀਮ ਨੂੰ ਨਾਲ ਲੈ ਕੇ ਜੰਡਿਆਲਾ ਗੁਰੂ ਹਲਕੇ ਦਾ ਨਿਰੀਖਣ ਕੀਤਾ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਾਰੀ ਹੁਕਮਾਂ ਦੇ ਮੱਦੇਨਜ਼ਰ ਹਰਭਜਨ ਸਿੰਘ ਨੇ ਹਲਕੇ ਦੇ ਪਿੰਡਾਂ ਜਿੱਥੇ ਕਿ ਅਕਸਰ ਮੀਂਹ ਕਾਰਨ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਜਾਂਦਾ ਹੈ, ਦਾ ਵੀ ਜਾਇਜ਼ਾ ਲਿਆ।

ਉਨ੍ਹਾਂ ਦੇ ਨਾਲ ਐੱਸਡੀਐੱਮ ਸਿਮਰਦੀਪ ਸਿੰਘ ਤੇ ਸਿਵਲ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ। ਪਿੰਡ ਮੱਲੋਵਾਲ ਵਿਖੇ ਡੀਸੀ ਤਲਵਾੜ ਵੱਲੋਂ ਮੌਕੇ 'ਤੇ ਦਿੱਤੀਆਂ ਗਈਆਂ ਹਦਾਇਤਾਂ ਮੁਤਾਬਕ ਪ੍ਰਸ਼ਾਸਨ ਦੀਆਂ ਟੀਮਾਂ ਨੇ ਜੇਸੀਬੀ ਮਸ਼ੀਨਾਂ ਨਾਲ ਪਾਣੀ ਦੇ ਵਹਾਅ ਵਿੱਚ ਪੈਦਾ ਹੋਈਆਂ ਰੁਕਾਵਟਾਂ ਦੂਰ ਕਰਵਾਈਆਂ ਅਤੇ ਪੰਪਿੰਗ ਮਸ਼ੀਨਾਂ ਲਗਾ ਕੇ ਨੀਵੇਂ ਥਾਵਾਂ ਵਿੱਚੋਂ ਪਾਣੀ ਦੀ ਨਿਕਾਸੀ ਕਰਵਾਈ, ਜਿਸ 'ਤੇ ਲੋਕਾਂ ਨੇ ਕਾਫੀ ਰਾਹਤ ਮਹਿਸੂਸ ਕੀਤੀ।

ਸਥਾਨਕ ਵਸਨੀਕਾਂ ਨੂੰ ਕੈਬਨਿਟ ਮੰਤਰੀ ਨੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਅਤੇ ਉਹ ਖੁਦ ਹਰ ਵੇਲੇ ਚੌਕਸ ਅਤੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ, ਜਿਸ ਕਰਕੇ ਆਮ ਲੋਕਾਂ ਦੀ ਜਾਨ-ਮਾਨ ਦੀ ਰਾਖੀ ਕੀਤੀ ਜਾਵੇਗੀ ਅਤੇ ਕਿਸੇ ਦਾ ਕੋਈ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

# 14 ਦੀ ਮੁਹਾਲੀ ਰੋਸ ਰੈਲੀ 'ਚ ਵਹੀਰਾਂ ਘੱਤ ਕੇ ਪਹੁੰਚਣਗੇ ਬਿਜਲੀ ਕਾਮੇ : ਗੰਡੀਵਿੰਡ



ਤਰਨ ਤਾਰਨ (ਨਜ਼ਸ)-ਬਿਜਲੀ ਕਾਮਿਆਂ ਦੀ ਸੰਘਰਸ਼ਸ਼ੀਲ ਜਥੇਬੰਦੀ ਪੀਐਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੀ ਵਰਕਿੰਗ ਕਮੇਟੀ ਮੀਟਿੰਗ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਕਮੇਟੀ ਅਹੁਦੇਦਾਰਾਂ ਤੋਂ ਇਲਾਵਾ ਸਮੁੱਚੇ ਪੰਜਾਬ ਤੋਂ ਸਰਕਲਾਂ ਦੇ ਪ੍ਰਧਾਨ/ਸਕੱਤਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸ ਮੀਟਿੰਗ ਦੇ ਸ਼ੁਰੂ ਵਿੱਚ ਸ਼ੋਕ ਮਤਾ ਪੇਸ਼ ਕਰਕੇ ਬੀਤੇ ਦਿਨਾਂ ਦੌਰਾਨ ਵੱਖ-ਵੱਖ ਹਾਦਸਿਆਂ ਵਿੱਚ ਬੇਵਕਤੀ ਮੌਤ ਮਾਰੇ ਗਏ ਆਮ ਲੋਕਾਂ ਸਮੇਤ ਬਿਜਲੀ ਕਾਮਿਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਦੇ ਏਜੰਡਿਆਂ ਨੂੰ ਸੂਬਾ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਾਹੌਰੀਆ ਨੇ ਵਰਕਿੰਗ ਕਮੇਟੀ ਸਾਹਮਣੇ ਪੇਸ਼ ਕੀਤਾ। ਮੀਟਿੰਗ ਵਿੱਚ ਮਤਾ ਪਾਸ ਕਰਕੇ ਮਜ਼ਦੂਰ ਆਗੂ ਕਾਮਰੇਡ ਕਸ਼ਮੀਰ ਸਿੰਘ ਗਦਾਈਆ 'ਤੇ ਹਮਲਾ ਕਰਕੇ ਜਾਤੀ ਸੂਚਕ ਸ਼ਬਦ ਕਹਿਣ ਵਾਲੇ ਮਹਿਲਾ ਸਰਪੰਚ ਦੇ ਪਤੀ ਖਿਲਾਫ ਤੁਰੰਤ ਕਾਨੂੰਨੀ ਕਾਰਵਾਈ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਪੇਸ਼ ਏਜੰਡਿਆਂ 'ਤੇ ਚਰਚਾ ਕਰਦੇ ਹੋਏ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਹਾਜ਼ਰੀਨ ਆਗੂਆਂ ਨੂੰ ਏਟਕ ਸਮੇਤ ਚਾਰ ਟਰੇਡ ਯੂਨੀਅਨਾਂ ਦੇ ਸੱਦੇ ਤੇ ਪੰਜਾਬ ਸਰਕਾਰ ਦੇ ਮਜ਼ਦੂਰ ਮੁਲਾਜ਼ਮ ਵਿਰੋਧੀ ਹੈਂਕੜ ਭਰੇ ਰਵੱਈਏ ਖਿਲਾਫ 14 ਜੁਲਾਈ ਦੀ ਲੇਬਰ ਕਮਿਸ਼ਨਰ ਦਫਤਰ ਮੁਹਾਲੀ ਦੇ ਸਾਹਮਣੇ ਕੀਤੀ ਜਾ ਰਹੀ ਲਾਮਿਸਾਲ ਰੋਸ ਰੈਲੀ ਵਿੱਚ ਵਹੀਰਾਂ ਘੱਤ ਕੇ ਲੱਗੇ ਕੋਟਿਆਂ ਤੋਂ ਵੱਧ ਗਿਣਤੀ ਵਿੱਚ ਵਰਕਰਾਂ ਨੂੰ ਝੰਡੇ ਅਤੇ ਡੰਡਿਆਂ ਸਮੇਤ ਪਹੁੰਚਣ ਦਾ ਸੱਦਾ ਦਿੱਤਾ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਡਿਪਟੀ ਜਨਰਲ ਸਕੱਤਰ ਨਰਿੰਦਰ ਸੈਣੀ ਨੇ 22 ਨਵੰਬਰ 2022 ਨੂੰ ਪਾਵਰ ਮੈਨੇਜਮੈਂਟ ਨਾਲ ਹੋਈ ਮੀਟਿੰਗ ਸਮੇਂ ਮੁਲਾਜ਼ਮ ਮਸਲਿਆਂ ਤੇ ਹੋਇਆ ਸਹਿਮਤੀਆਂ ਨੂੰ ਲਾਗੂ ਨਾਂ ਕਰਨ ਦੀ ਤਿੱਖੇ ਸ਼ਬਦਾਂ ਵਿੱਚ ਨਿੰਦਾ ਕੀਤੀ। ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਮੀਤ ਪ੍ਰਧਾਨ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਦੇ ਸੂਬਾ ਕਨਵੀਨਰ ਹਰਭਜਨ ਸਿੰਘ ਪਿਲਖਣੀ ਨੇ 24 ਜੂਨ ਨੂੰ ਮੰਗਾਂ ਦੀ ਪ੍ਰਾਪਤੀ ਲਈ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੀ ਅੰਮ੍ਰਿਤਸਰ ਰਿਹਾਇਸ਼ ਦੇ ਸਾਹਮਣੇ ਲਗਾਏ ਗਏ ਕਾਮਯਾਬ ਰੋਸ ਧਰਨੇ ਲਈ ਜਥੇਬੰਦੀ ਦੇ ਸਮੁੱਚੇ ਆਗੂਆਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਪਿਲਖਣੀ ਨੇ ਕਿਹਾ ਕੇ ਧਰਨੇ ਮੌਕੇ ਘਰ ਵਿੱਚ ਮੌਜੂਦ ਬਿਜਲੀ ਮੰਤਰੀ ਨੇ ਆਗੂਆਂ ਨੂੰ ਘਰ ਬੁਲਾ ਕੇ ਟੇਬਲ ਤੇ ਬੈਠ ਕੇ ਮਸਲੇ ਹੱਲ ਕਰਨ ਲਈ 7 ਜੁਲਾਈ ਨੂੰ ਚੰਡੀਗੜ੍ਹ ਮੀਟਿੰਗ ਦਾ ਸਮਾਂ ਤਹਿ ਕੀਤਾ ਸੀ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਾਵਰ ਮੈਨੇਜਮੈਂਟ ਨੇ 7 ਜੁਲਾਈ ਦੀ ਮੀਟਿੰਗ ਕੈਂਸਲ ਕਰਕੇ 17 ਜੁਲਾਈ ਦੀ ਮੀਟਿੰਗ ਤਹਿ ਕਰਕੇ ਪਹਿਲਾਂ ਦੀ ਤਰ੍ਹਾਂ ਟਾਲਮਟੋਲ ਦੀ ਨੀਤੀ ਜਾਰੀ ਰੱਖਦੇ ਹੋਏ ਮਿਹਨਤਕਸ਼ ਜਮਾਤ ਦੇ ਵਾਜਿਬ ਮਸਲਿਆਂ ਨੂੰ ਜਾਣਬੁੱਝ ਕੇ ਵੱਟੇ ਖਾਤੇ ਪਾਇਆ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਮੈਨੇਜਮੈਂਟ ਦੇ ਸੰਘਰਸ਼ ਨੂੰ ਤਾਰਪੀਡੋ ਕਰਨ ਦੇ ਮਨਸੂਬਿਆ ਨੂੰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ 17 ਜੁਲਾਈ ਦੀ ਮੀਟਿੰਗ ਵਿੱਚ ਹੋਰ ਭੱਖਦੇ ਮਸਲਿਆਂ ਸਮੇਤ ਸੀਆਰਏ 295/19 ਰਾਹੀਂ ਭਰਤੀ ਕੀਤੇ ਸਹਾਇਕ ਲਾਈਨਮੈਨਾਂ ਨੂੰ ਤਿੰਨ ਸਾਲ ਦਾ ਸਮਾਂ ਪੂਰਾ ਹੋਣ ਦੇ ਬਾਵਜੂਦ ਸੇਵਾਵਾਂ ਰੈਗੂਲਰ ਕਰਕੇ ਪੂਰੀ ਤਨਖਾਹ ਰਿਲੀਜ਼ ਨਾ ਕੀਤੀ ਗਈ ਤਾਂ ਜਥੇਬੰਦੀ ਅਗਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕਰੇਗੀ। ਇਸ ਮੀਟਿੰਗ ਵਿੱਚ ਸੂਬਾ ਆਗੂਆਂ ਬਲਜੀਤ ਕੁਮਾਰ, ਰਛਪਾਲ ਸਿੰਘ ਪਾਲੀ, ਪ੍ਰਦੁਮਣ ਗੌਤਮ, ਦਵਿੰਦਰ ਸਿੰਘ ਰੋਪੜ, ਦਰਸ਼ਨ ਲਾਲ ਮੋਗਾ, ਗੁਰਧਿਆਨ ਸਿੰਘ, ਕਰਤਾਰ ਸਿੰਘ ਲਲਤੋਂ, ਬਲਜਿੰਦਰ ਕੌਰ ਡਿਆਲ ਸਮੇਤ ਜ਼ੋਨ ਆਗੂ ਚਰਨਜੀਤ ਸਿੰਘ ਆਦਿ ਨੇ ਪੰਜਾਬ ਸਰਕਾਰ ਵਿਰੁੱਧ ਪੰਜਾਬ ਐਂਡ ਯੂਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਚੱਲ ਰਹੇ ਸੰਘਰਸ਼ ਪ੍ਰੋਗਰਾਮ ਸਮੇਤ 14 ਜੁਲਾਈ ਦੀ ਮੁਹਾਲੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਅਹਿਦ ਲਿਆ।

# ਅੱਗ 'ਚ ਨੁਕਸਾਨੀ ਦੁਕਾਨ ਦੇ ਮਾਲਕ ਦੀ ਕੀਤੀ ਜਾਵੇਗੀ ਹਰ ਸੰਭਵ ਮਦਦ: ਈ ਟੀ ਓ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸਥਾਨਕ ਸ਼ਹਿਰ ਵਿੱਚ ਬੀਤੇ ਦਿਨ ਅੱਗ ਲੱਗਣ ਨਾਲ ਬੁਰੀ ਤਰ੍ਹਾਂ ਨੁਕਸਾਨੀ ਗਈ ਠਠਿਆਰ ਦੀ ਦੁਕਾਨ ਦਾ ਮੌਕਾ ਵੇਖਣ ਅਤੇ ਪੀੜਤ ਦੁਕਾਨਦਾਰ ਨਾਲ ਹਮਦਰਦੀ ਜਤਾਉਣ ਲਈ ਮੌਕੇ ਉਤੇ ਪੁੱਜੇ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਭਰੋਸਾ ਦਿੱਤਾ ਕਿ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ।

ਉਨ੍ਹਾਂ ਕਿਹਾ ਕਿ ਇਹ ਕੁਦਰਤ ਦੀ ਮਾਰ ਹੈ ਅਤੇ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਅਜਿਹੀ ਕਿਸੇ ਵੀ ਸੰਕਟ ਵਿੱਚ ਆਪਣੇ ਭਾਈਚਾਰੇ ਦੀ ਮਦਦ ਕਰੀਏ। ਉਨ੍ਹਾਂ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੂੰ ਹਦਾਇਤ ਕੀਤੀ ਕਿ ਉਹ ਉਕਤ ਦੁਕਾਨਦਾਰ ਨੂੰ ਸਹਾਇਤਾ ਦੇਣ ਲਈ ਇਹ ਕੇਸ ਮੁੱਖ ਮੰਤਰੀ ਦਫਤਰ ਨੂੰ ਤੁਰੰਤ ਭੇਜਣ।

ਇਸ ਮੌਕੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਕੈਬਨਿਟ ਮੰਤਰੀ ਹਰਭਜਨ ਸਿੰਘ ਦੇ ਨਿਰਦੇਸ਼ਾਂ ਉਤੇ ਅਮਲ ਕਰਦੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 25 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਅਤੇ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਸਹਾਇਤਾ ਕੋਸ਼ ਵਿਚੋਂ ਸਹਾਇਤਾ ਦੇਣ ਲਈ ਇਹ ਕੇਸ ਮੁੱਖ ਮੰਤਰੀ ਦਫਤਰ ਭੇਜਿਆ ਜਾਵੇਗਾ।

# ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਅੱਜ ਮਨਾਇਆ ਜਾਵੇਗਾ ਕਾਲਾ ਦਿਵਸ



**ਫਿਲੌਰ/ਨੂਰਮਹਿਲ (ਨਿਰਮਲ, ਬਾਲ ਕ੍ਰਿਸ਼ਨ ਬਾਲੀ)** ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਦੇਸ਼ ਭਰ ਵਿੱਚ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਲਈ 10 ਜੁਲਾਈ ਮੰਗ ਦਿਵਸ ਨੂੰ ਕਾਲਾ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਐਲਾਨ ਕੀਤਾ। ਆਲ ਇੰਡੀਆ ਫੈਡਰੇਸ਼ਨ ਆਫ ਆਂਗਣਵਾੜੀ ਵਰਕਰਜ਼ ਐਂਡ ਹੈਲਪਰਜ਼ ਜਥੇਬੰਦੀ ਦੇ ਦੇਸ਼ ਵਿਆਪੀ ਸੱਦੇ 'ਤੇ ਆਈ. ਸੀ. ਡੀ. ਐਸ. ਸਕੀਮ ਨੂੰ ਖਤਮ ਕਰਨ ਦੀਆਂ ਮੋਦੀ ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਵਿੱਚ 10 ਜੁਲਾਈ ਨੂੰ ਪੰਜਾਬ ਭਰ ਵਿੱਚ ਕਾਲਾ ਦਿਵਸ ਮਨਾਇਆ ਜਾਵੇਗਾ ਅਤੇ ਇਸ ਐਕਸ਼ਨ ਤਹਿਤ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਹ ਪ੍ਰਗਟਾਵਾ ਅੱਜ ਇੱਥੇ ਆਂਗਣਵਾੜੀ ਮੁਲਾਜ਼ਮ ਯੂਨੀਅਨ (ਸੀਟੂ) ਦੀ ਜਲੰਧਰ ਦੇ ਜਨਰਲ ਸਕੱਤਰ ਕ੍ਰਿਸ਼ਨਾ ਕੁਮਾਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਆਂਗਣਵਾੜੀ ਮੁਲਾਜ਼ਮ ਆਗੂ ਨੇ ਦੱਸਿਆ ਕਿ ਇਸ ਮੌਕੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਜਾਵੇਗੀ ਕਿ 45ਵੀਂ ਅਤੇ 16ਵੀਂ ਭਾਰਤੀ ਕਾਨਫਰੰਸ ਦੀਆਂ ਸਿਫਾਰਸ਼ਾਂ ਅਨੁਸਾਰ ਸਾਰੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਘੱਟੋ-ਘੱਟ ਉਜਰਤਾਂ, ਸਮਾਜਕ ਸੁਰੱਖਿਆ, ਈ.ਐਸ.ਆਈ, ਪੀ.ਐਫ, ਐਕਸਗ੍ਰੇਸ਼ੀਆ ਅਤੇ ਪੈਨਸ਼ਨ ਦਿੱਤੀ ਜਾਵੇ, ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਡਿਊਟੀ ਬਾਰੇ ਸੁਪਰੀਮ ਕੋਰਟ ਦੇ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਵੇ, ਸਾਰੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਇਕਸਾਰ ਅਤੇ ਢੁਕਵੀਂ ਤਨਖਾਹ ਲਈ ਕਮੇਟੀ ਦਾ ਗਠਨ ਕੀਤਾ ਜਾਵੇ, ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਐਸੋਸੀਏਸ਼ਨ ਅਤੇ ਟਰੇਡ ਯੂਨੀਅਨ ਦੇ ਅਧਿਕਾਰਾਂ ਦੀ ਅਜ਼ਾਦੀ ਨੂੰ ਯਕੀਨੀ ਬਣਾਈ ਜਾਵੇ, ਜਦੋਂ ਤੱਕ ਚੰਗੀ ਕੁਆਲਿਟੀ ਦਾ ਮੋਬਾਈਲ ਫੋਨ, ਨੈੱਟਵਰਕ ਦੀ ਉਪਲੱਬਧਤਾ, ਡਾਟਾ ਪੈਕ ਅਤੇ ਖੇਤਰੀ ਭਾਸ਼ਾਵਾਂ ਵਿੱਚ ਪ੍ਰੋਗਰਾਮ ਯਕੀਨੀ ਨਹੀਂ ਹੋ ਜਾਂਦੇ, ਉਦੋਂ ਤੱਕ ਪੋਸ਼ਨ ਟਰੈਕਰ ਲਾਗੂ ਨਾ ਕੀਤਾ ਜਾਵੇ, ਲਾਭਪਾਤਰੀਆਂ ਦੇ ਆਧਾਰ ਨੰਬਰ ਜਾਂ ਫੋਨ ਨੰਬਰ ਨੂੰ ਲਿੰਕ ਕਰਨਾ ਲਾਜ਼ਮੀ ਨਾ ਕੀਤਾ ਜਾਵੇ, ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਕੋਈ ਗੈਰ ਆਈ.ਸੀ.ਡੀ.ਐਸ. ਕੰਮ ਨਾ ਦਿੱਤਾ ਜਾਵੇ, ਕਰਮਚਾਰੀਆਂ ਅਤੇ ਹੈਲਪਰਾਂ ਨੂੰ ਗੁਣਵੱਤਾ ਈ ਸੀ ਸੀ ਈ ਅਤੇ ਉਜਰਤਾਂ ਅਤੇ ਸਮਾਜਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਆਈ. ਸੀ. ਡੀ. ਐੱਸ. ਲਈ ਉਚਿਤ ਬਜਟ ਅਲਾਟਮੈਂਟ ਨੂੰ ਯਕੀਨੀ ਬਣਾਇਆ ਜਾਵੇ। ਆਂਗਣਵਾੜੀ ਆਗੂ ਨੇ ਦੱਸਿਆ ਕਿ ਉਪਰੋਕਤ ਹੱਕੀ ਅਤੇ ਜਾਇਜ਼ ਮੰਗਾਂ ਲਈ ਜਥੇਬੰਦੀ ਲੰਬੇ ਸਮੇਂ ਤੋਂ ਲੜਾਈ ਲੜ ਰਹੀ ਹੈ ਪਰ ਸਰਕਾਰ ਮੰਗਾਂ ਪ੍ਰਤੀ ਗੰਭੀਰ ਨਹੀਂ। ਜਿਸ ਕਾਰਨ ਦੇਸ਼ ਭਰ ਦੀਆਂ ਲੱਖਾਂ ਆਂਗਣਵਾੜੀ ਮੁਲਾਜ਼ਮ 10 ਜੁਲਾਈ ਨੂੰ ਸੜਕਾਂ 'ਤੇ ਉਤਰਨਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਵੀਰ ਕੌਰ, ਪਰਮਜੀਤ ਕੌਰ, ਸੋਮਾ, ਅਮਰਜੀਤ, ਨਿਰਮਲ, ਊਸ਼ਾ, ਬਲਵਿੰਦਰ, ਨਰੇਸ਼, ਰਾਜਨਦੀਪ ਹੋਰ ਸਾਥੀ ਸ਼ਾਮਲ ਹੋਏ।

# ਮੋਦੀ ਸਰਕਾਰ ਵਿਰੁੱਧ ਜਨ-ਸੰਘਰਸ਼ ਵਿੱਢਣ ਤੇ ਸੱਤਾ ਤੋਂ ਲਾਂਭੇ ਕਰਨ ਦਾ ਸੱਦਾ



**ਜਲੰਧਰ (ਰਾਜੇਸ਼ ਥਾਪਾ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਦੀ ਪੰਜਾਬ ਰਾਜ ਕਮੇਟੀ ਦੀ ਸਾਥੀ ਹਰਕੰਵਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਅਤੇ ਮੋਦੀ-ਸ਼ਾਹ ਸਰਕਾਰ ਵਿਰੁੱਧ ਦੇਸ਼ ਪੱਧਰ 'ਤੇ ਪ੍ਰਚੰਡ ਜਨ ਸੰਘਰਸ਼ ਵਿੱਢਣ ਅਤੇ 2024 ਦੀਆਂ ਲੋਕ ਸਭਾ ਚੋਣਾਂ 'ਚ ਇਸ ਲੋਕ ਮਾਰੂ ਦੇਸ਼ ਵਿਰੋਧੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸੱਦਾ ਦਿੱਤਾ ਹੈ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪ੍ਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਉਪਰੋਕਤ ਸੇਧ ਵਿੱਚ ਵਿਸ਼ਾਲ ਲੋਕ ਲਾਮਬੰਦੀ ਦੇ ਉਦੇਸ਼ ਤਹਿਤ 28 ਜੁਲਾਈ ਨੂੰ ਬਰਨਾਲਾ ਅਤੇ 6 ਅਗਸਤ ਨੂੰ ਜਲੰਧਰ ਵਿਖੇ ਭਰਵੀਆਂ ਕਨਵੈਨਸ਼ਨਾਂ ਸੱਦੀਆਂ ਜਾਣਗੀਆਂ। ਸਾਥੀ ਜਾਮਾਰਾਏ ਨੇ ਅੱਗੇ ਦੱਸਿਆ ਕਿ ਲੋਕਾਈ ਨੂੰ ਕਾਰਪੋਰੇਟ ਪੱਖੀ ਫਿਰਕੂ-ਫਾਸ਼ੀ ਸੱਤਾ ਦੇ ਤਬਾਹਕੁੰਨ ਮਨਸੂਬਿਆਂ ਤੋਂ ਜਾਣੂੰ ਕਰਵਾਉਣ ਲਈ ਪਾਰਟੀ ਦੇ ਦੋ ਜਥੇ ਸਤੰਬਰ ਮਹੀਨੇ ਦੇ ਪਹਿਲੇ ਪੰਦਰਵਾੜੇ ਦੌਰਾਨ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਵਿਸ਼ਾਲ ਜਨ ਸਭਾਵਾਂ ਨੂੰ ਸੰਬੋਧਨ ਕਰਨਗੇ। ਉਕਤ ਚੇਤਨਾ ਮਾਰਚਾਂ ਰਾਹੀਂ ਲੋਕਾਈ ਨੂੰ ਮੋਦੀ ਸਰਕਾਰ ਦੀਆਂ ਦੇਸ਼ ਦੇ ਆਮ ਲੋਕਾਂ, ਖਾਸ ਕਰ ਕੇ ਸ਼ਹਿਰੀ ਤੇ ਪੇਂਡੂ ਮਜ਼ਦੂਰਾਂ, ਖੇਤੀ ਕਾਮਿਆਂ ਅਤੇ ਗਰੀਬ ਕਿਸਾਨਾਂ, ਜਿਨ੍ਹਾਂ ਵਿੱਚ ਸੈਂਕੜੇ ਕਰੋੜ ਹਿੰਦੂ ਵੀ ਸ਼ਾਮਲ ਹਨ, ਨੂੰ ਕੰਗਾਲ ਕਰਕੇ ਅਡਾਨੀ-ਅੰਬਾਨੀ ਜਿਹੇ ਕਾਰਪੋਰੇਟ ਲੋਟੂਆਂ ਅਤੇ ਇਨ੍ਹਾਂ ਦੇ ਵਿਦੇਸ਼ੀ ਜੋਟੀਦਾਰਾਂ ਦੇ ਹਿੱਤ ਪੂਰੇ ਕਰਨ ਵਾਲੀਆਂ ਨੀਤੀਆਂ ਤੋਂ ਵੀ ਚੌਕਸ ਕੀਤਾ ਜਾਵੇਗਾ। ਬਦਲਾਅ ਦੇ ਨਾਂ 'ਤੇ ਵੋਟਰਾਂ ਨੂੰ ਧੋਖਾ ਦੇ ਕੇ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਈ ਭਗਵੰਤ ਮਾਨ ਸਰਕਾਰ ਦੇ ਨਸ਼ਾ ਤਸਕਰਾਂ ਸਮੇਤ ਹਰ ਕਿਸਮ ਦੇ ਮਾਫੀਆ ਗ੍ਰੋਹਾਂ ਦੀ ਪੁਸ਼ਤ ਪਨਾਹੀ ਕਰਨ ਵਾਲੇ ਲੋਕ ਦੋਖੀ ਕਿਰਦਾਰ, ਲੋਕ ਮਾਰੂ ਨੀਤੀਆਂ, ਅਮਨ ਕਾਨੂੰਨ ਦੀ ਚਿੰਤਾਜਨਕ ਸਥਿਤੀ ਅਤੇ ਰੱਦੀ ਪ੍ਰਸ਼ਾਸਨਿਕ ਕਾਰਗੁਜ਼ਾਰੀ ਨੂੰ ਵੀ ਲੋਕਾਂ 'ਚ ਬੇਪਰਦ ਕੀਤਾ ਜਾਵੇਗਾ। ਨਾਲ ਹੀ ਲੁੱਟ ਦਾ ਨਿਜ਼ਾਮ ਕਾਇਮ ਰੱਖਣ ਲਈ ਲੋਕ ਦੋਖੀ ਤਾਕਤਾਂ ਵੱਲੋਂ ਉਛਾਲੇ ਜਾ ਰਹੇ ਬੇਲੋੜੇ-ਜਜ਼ਬਾਤੀ ਮੁੱਦਿਆਂ ਤੋਂ ਖਹਿੜਾ ਛੁਡਾ ਕੇ ਜਾਨਲੇਵਾ ਮਹਿੰਗਾਈ ਤੇ ਬੇਰੁਜ਼ਗਾਰੀ ਖਤਮ ਕਰਨ, ਸਮੁੱਚੀ ਵਸੋਂ ਨੂੰ ਇੱਕਸਾਰ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਅਤੇ ਪੀਣ ਵਾਲਾ ਸਵੱਛ ਪਾਣੀ ਮੁਫਤ ਦਿੱਤੇ ਜਾਣ, ਸਮਾਜਕ ਸੁਰੱਖਿਆ, ਐਮ ਐਸ ਪੀ ਅਤੇ ਜਨਤਕ ਵੰਡ ਪ੍ਰਣਾਲੀ ਦੀ ਗਰੰਟੀ ਕਰਨ ਆਦਿ ਬੁਨਿਆਦੀ ਮੰਗਾਂ ਪੂਰੀਆਂ ਕਰਾਉਣ ਲਈ ਆਰ-ਪਾਰ ਦੇ ਘੋਲਾਂ 'ਚ ਨਿਤਰਨ ਦੀ ਲੋਕਾਈ ਨੂੰ ਅਪੀਲ ਕੀਤੀ ਜਾਵੇਗੀ। ਰਾਜ ਕਮੇਟੀ ਨੇ ਧਰਮ ਨਿਰਪੱਖ ਅਤੇ ਜਮਹੂਰੀ ਭਾਰਤ ਨੂੰ ਮਨੂੰ ਸਿਮਰਤੀ ਦੇ ਚੌਖਟੇ ਵਾਲੇ ਕੱਟੜ ਹਿੰਦੂ ਰਾਸ਼ਟਰ 'ਚ ਤਬਦੀਲ ਕਰਨ ਦੇ ਆਰ.ਐਸ.ਐਸ. ਦੇ ਕੋਝੇ ਨਿਸ਼ਾਨੇ ਦੀ ਪੂਰਤੀ ਲਈ ਧਰਮਾਂ-ਜਾਤਾਂ ਦੀ ਵੰਡ ਤੇਜ਼ ਕਰਨ ਵਾਸਤੇ ਸੰਘ ਪਰਵਾਰ ਦੇ ਖਰੂਦੀ ਗ੍ਰੋਹਾਂ ਵੱਲੋਂ ਘੱਟ ਗਿਣਤੀਆਂ, ਖਾਸ ਕਰਕੇ ਮੁਸਲਮਾਨਾਂ ਤੇ ਈਸਾਈਆਂ ਅਤੇ ਦਲਿਤਾਂ-ਇਸਤਰੀਆਂ 'ਤੇ ਢਾਏ ਜਾ ਰਹੇ ਅਕਹਿ ਜ਼ੁਲਮਾਂ ਦਾ ਗੰਭੀਰ ਨੋਟਿਸ ਲੈਂਦਿਆਂ ਇਹ ਗੱਲ ਡੂੰਘੀ ਚਿੰਤਾ ਨਾਲ ਨੋਟ ਕੀਤੀ ਹੈ ਕਿ ਹਿੰਦੂਤਵੀ ਟੋਲਿਆਂ ਦੇ ਉਕਤ ਕਾਰਿਆਂ ਨਾਲ ਲੱਖਾਂ ਕੁਰਬਾਨੀਆਂ ਸਦਕਾ ਹਾਸਲ ਕੀਤੀ ਅਜ਼ਾਦੀ ਅਤੇ ਦੇਸ਼ ਦੀ ਏਕਤਾ-ਅਖੰਡਤਾ ਲਈ ਵੀ ਗੰਭੀਰ ਖਤਰੇ ਖੜ੍ਹੇ ਹੋ ਰਹੇ ਹਨ। ਮੀਟਿੰਗ ਦੀ ਰਾਇ ਹੈ ਕਿ ਖਾਲਿਸਤਾਨੀ ਅਨਸਰਾਂ ਵੱਲੋਂ ਵਿਦੇਸ਼ਾਂ ਅੰਦਰ ਭਾਰਤੀ ਸਫਾਰਤਖਾਨਿਆਂ ਸਾਹਵੇਂ ਕੀਤੇ ਜਾ ਰਹੇ ਭੜਕਾਊ ਵਿਖਾਵੇ ਦੇਸ਼-ਵਿਦੇਸ਼ 'ਚ ਵੱਸਦੇ ਸਿੱਖ ਭਰਾਵਾਂ ਲਈ ਚਿੰਤਾਵਾਂ ਖੜ੍ਹੀਆਂ ਕਰਨ ਦੇ ਨਾਲ-ਨਾਲ ਭਾਰਤ ਅੰਦਰ ਸਿੱਖਾਂ ਨੂੰ ਬਦਨਾਮ ਕਰਨ 'ਤੇ ਤੁਲੀਆਂ, ਘੱਟ ਗਿਣਤੀਆਂ ਵਿਰੋਧੀ ਫਿਰਕੂ ਤਾਕਤਾਂ ਨੂੰ ਬਲ ਬਖਸ਼ਦੀਆਂ ਹਨ। ਰਾਜ ਕਮੇਟੀ ਨੇ ਵਰਤਮਾਨ ਚੁਣੌਤੀ ਭਰਪੂਰ ਦੌਰ ਦੀ ਸਭ ਤੋਂ ਵੱਡੀ ਲੋੜ, ਖੱਬੀਆਂ ਧਿਰਾਂ ਦੀ ਮਜ਼ਬੂਤੀ ਅਤੇ ਇੱਕਜੁਟਤਾ ਲਈ ਹੋਰ ਵੀ ਸ਼ਿੱਦਤ ਨਾਲ ਸੰਜੀਦਾ ਯਤਨ ਕਰਨ ਦਾ ਫੈਸਲਾ ਲਿਆ ਹੈ। ਮੀਟਿੰਗ ਦੇ ਸ਼ੁਰੂ ਵਿਚ ਉੜੀਸਾ ਰੇਲ ਹਾਦਸੇ ਅਤੇ ਮਨੀਪੁਰ ਵਿਚਲੀ ਹਿੰਸਾ 'ਚ ਮਾਰੇ ਗਏ ਨਿਰਦੋਸ਼ ਲੋਕਾਂ, ਉੱਘੇ ਅੰਬੇਦਕਰੀ ਵਿਦਵਾਨ ਤੇ ਮਿਸਾਲੀ ਰਹਿਬਰ ਲਾਹੌਰੀ ਰਾਮ ਬਾਲੀ ਅਤੇ ਡਾ. ਅਮਰ ਸਿੰਘ ਆਜ਼ਾਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਭਾਈਚਾਰਕ ਸਾਂਝ ਦੀ ਰਾਖੀ ਲਈ 8 ਜੁਲਾਈ 1987 ਨੂੰ ਸ਼ਹੀਦ ਹੋਏ ਸਾਥੀ ਗੁਰਨਾਮ ਸਿੰਘ ਉੱਪਲ ਨੂੰ ਵੀ ਸੂਹੀ ਸ਼ਰਧਾਂਜਲੀ ਭੇਟ ਕੀਤੀ ਗਈ।

# ਮੀਂਹ ਨਾਲ ਪ੍ਰਸ਼ਾਸਨ ਦੇ ਵੀ ਭਾਅ ਦੀ ਬਣੀ, ਲੱਖਾਂ ਦਾ ਨੁਕਸਾਨ



**ਖਰੜ (ਹਰਨਾਮ ਸਿੰਘ ਡੱਲਾ)**-ਪਿਛਲੇ ਦੋ ਦਿਨਾਂ ਦੀ ਭਾਰੀ ਬਾਰਿਸ਼ ਨੇ ਸਾਰੇ ਪੰਜਾਬ ਵਿੱਚ ਹਾਹਾਕਾਰ ਮਚਾਈ ਹੋਈ ਹੈ। ਚੰਡੀਗੜ੍ਹ ਟ੍ਰਾਈ ਸਿਟੀ ਦੇ ਸ਼ਹਿਰ ਵੀ ਇੰਦਰ ਦੇਵਤਾ ਦੀ ਕਰੋਪੀ ਦੇ ਸ਼ਿਕਾਰ ਹੋ ਰਹੇ ਹਨ। ਪਰ ਖਰੜ, ਕੁਰਾਲੀ ਅਤੇ ਆਸ ਪਾਸ ਦੇ ਇਲਾਕਿਆਂ ਵਿੱਚ ਮੰਜਰ ਦੇਖਣ ਵਾਲਾ ਅਤੇ ਚਿੰਤਾਜਨਕ ਹੈ। ਖਰੜ ਸ਼ਹਿਰ ਦੀਆਂ ਬਹੁਤੀਆਂ ਕਲੋਨੀਆਂ ਅਤੇ ਪੁਰਾਣੀਆਂ ਬਸਤੀਆਂ ਵਿੱਚ ਲੋਕਾਂ ਨੂੰ ਅੱਜ ਰਾਤ ਤੜਕੇ ਤਿੰਨ ਦੇ ਕਰੀਬ ਖੱਜਲ ਖੁਆਰ ਹੋਣਾ ਪਿਆ ਜਦੋਂ ਬਾਰਿਸ਼ ਦਾ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਜਾ ਵੜਿਆ। ਲੋਕਾਂ ਨੂੰ ਸਮਾਨ ਸੁਰੱਖਿਅਤ ਥਾਂ ਉੱਤੇ ਰੱਖਣ ਦਾ ਮੌਕਾ ਵੀ ਨਹੀਂ ਮਿਲਿਆ ਕਿ ਪਾਣੀ ਉਨ੍ਹਾਂ ਦੇ ਘਰਾਂ ਵਿੱਚ ਆ ਵੜਿਆ। ਸ਼ਹਿਰ ਦੀਆਂ ਪੌਸ਼ ਕਲੋਨੀਆਂ ਸ਼ਿਵਾਲਿਕ ਇਨਕਲੇਵ, ਸ਼ਿਵਜੋਤ ਇਨਕਲੇਵ, ਦਸਮੇਸ਼ ਨਗਰ, ਰਣਜੀਤ ਨਗਰ, ਗਾਰਡਨ ਕਲੋਨੀ, ਜਮਨਾ ਅਪਾਰਟਮੈਂਟ, ਆਰੀਆ ਕਾਲਜ ਰੋਡ, ਨਿੱਝਰ ਚੌਂਕ ਏਰੀਆ, ਸੰਨੀ ਇਨਕਲੇਵ, ਐੱਲ ਆਈ ਸੀ ਕਲੋਨੀ, ਛੱਜੂ ਮਾਜਰਾ, ਸਿਵਲ ਹਸਪਤਾਲ ਰੋਡ, ਰੰਧਾਵਾ ਰੋਡ, ਬਡਾਲਾ ਰੋਡ, ਅਨਾਜ ਮੰਡੀ, ਰੇਲਵੇ ਰੋਡ ਵਗੈਰਾ ਸੜਕਾਂ ਪਾਣੀ ਵਿੱਚ ਡੁੱਬੀਆਂ ਹੋਈਆਂ ਹਨ। ਦਸਮੇਸ਼ ਨਗਰ ਦੇ ਬਹੁਤ ਸਾਰੇ ਘਰਾਂ ਵਿੱਚ ਵੜੇ ਪਾਣੀ ਨੇ ਲੋਕਾਂ ਦਾ ਭਾਰੀ ਮਾਲੀ ਨੁਕਸਾਨ ਕੀਤਾ ਹੈ। ਇਸੇ ਤਰ੍ਹਾਂ ਬਾਲਮੀਕ ਮਾਜਰੀ ਅਤੇ ਗੁਰੂ ਤੇਗ ਬਹਾਦਰ ਨਗਰ ਵਿੱਚ ਤਿੰਨ ਮਕਾਨ ਡਿਗ ਗਏ ਹਨ। ਹਾਲੇ ਤੱਕ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਪ੍ਰਸ਼ਾਸਨ ਵਿਰੁੱਧ ਜੰਤਾ ਨਗਰ, ਪਾਲਮ ਇਨਕਲੇਵ, ਦਸਮੇਸ਼ ਨਗਰ, ਗੁਰੂ ਤੇਗ ਬਹਾਦਰ ਨਗਰ ਅਤੇ ਨੈਨਾ ਫਲੋਰ ਦੇ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਕਿ ਇਨ੍ਹਾਂ ਕਲੋਨੀਆਂ ਵਿੱਚੋਂ ਲੰਘਦੇ ਨਾਲੇ ਉੱਤੇ ਕੋਲੋਨਾਈਜ਼ਰਾਂ ਵਲੋਂ ਕਬਜ਼ੇ ਕਰਕੇ ਮਕਾਨ ਉਸਾਰੀ ਕਰ ਲੈਣ ਕਰਕੇ ਹੀ ਪਾਣੀ ਦਾ ਨਿਕਾਸ ਲੋਕਾਂ ਲਈ ਸਿਰਦਰਦੀ ਬਣਿਆ ਹੋਇਆ ਹੈ। ਜਦੋਂ ਕਿ ਇਨ੍ਹਾਂ ਬਸਤੀਆਂ ਦੀਆਂ ਰੈਜੀਡੈਂਟ ਐਸੋਸੀਏਸ਼ਨਾਂ ਨੇ ਨਗਰ ਕੌਂਸਲ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਾਰ ਵਾਰ ਦਰਖਾਸਤਾਂ ਦੇ ਕੇ ਮੰਗ ਕੀਤੀ ਹੈ ਕਿ ਡਰੇਨ ਨਾਲੇ ਉੱਤੇ ਕਬਜ਼ੇ ਚੁਕਵਾ ਕੇ ਨਾਲਾ ਪੱਕਾ ਕਰਵਾਇਆ ਜਾਵੇ। ਪਰ ਪ੍ਰਸ਼ਾਸਨ ਕੁੰਭ ਕਰਨ ਦੀ ਨੀਂਦ ਸੁੱਤਾ ਪਿਆ ਹੈ ਅਤੇ ਲੋਕ ਪ੍ਰਸ਼ਾਸਨ ਵੱਲੋਂ ਵੱਟੀ ਘੇਸਲ ਦਾ ਬਦਤਰ ਖਮਿਆਜ਼ਾ ਭੁਗਤ ਰਹੇ ਹਨ।

# ਯੰਗ 'ਵਰਸਿਟੀ ਰੈਂਕਿੰਗਜ਼-2023 'ਚ ਐੱਲ ਪੀ ਯੂ ਚੋਟੀ ਦੀਆਂ ਯੂਨੀਵਰਸਿਟੀਆਂ 'ਚ



**ਜਲੰਧਰ (ਸ਼ੈਲੀ ਐਲਬਰਟ)**-ਟਾਈਮਜ਼ ਹਾਇਰ ਐਜੂਕੇਸ਼ਨ ਵਰਲਡ ਯੂਨੀਵਰਸਿਟੀ ਰੈਂਕਿੰਗ ਸਿਸਟਮ ਦੁਆਰਾ ਵਿਸ਼ਵ ਪ੍ਰਸਿੱਧ 'ਯੰਗ ਯੂਨੀਵਰਸਿਟੀ ਰੈਂਕਿੰਗਜ਼-2023' ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੂੰ 1973 ਤੋਂ ਬਾਅਦ ਬਣਾਈਆਂ ਗਈਆਂ ਯੂਨੀਵਰਸਿਟੀਆਂ ਵਿੱਚੋਂ ਵਿਸ਼ਵ ਰੈਂਕ ਬੈਂਡ 251-300 ਵਿੱਚ ਰੱਖਿਆ ਹੈ। ਆਈ ਆਈ ਟੀ ਗੁਹਾਟੀ ਅਤੇ ਭੁਵਨੇਸ਼ਵਰ (301-350) ਬੈਂਡ, ਆਈ ਆਈ ਟੀ ਮੰਡੀ (351-400) ਬੈਂਡ, ਸਮੇਤ ਤਿੰਨ ਆਈ ਆਈ ਟੀਜ਼ ਅਤੇ ਦੁਨੀਆ ਦੇ ਕਈ ਹੋਰ ਸਰਕਾਰੀ ਅਤੇ ਨਿੱਜੀ ਅਦਾਰੇ ਤੋਂ ਅੱਗੇ ਹੁੰਦਿਆਂ ਐਲ ਪੀ ਯੂ ਨੇ ਅਜਿਹੀ ਸ਼ਾਨਦਾਰ ਰੈਂਕਿੰਗ ਦੇ ਨਾਲ ਇੱਕ ਵਾਰ ਫਿਰ ਗਲੋਬਲ ਸਿੱਖਿਆ ਵਿੱਚ ਇੱਕ ਬੈਂਚਮਾਰਕ ਬਣਾਇਆ ਹੈ। ਸਿੰਗਾਪੁਰ ਦੀ ਨਾਨਯਾਂਗ ਟੈਕਨੋਲੋਜੀਕਲ ਯੂਨੀਵਰਸਿਟੀ ਲੀਗ ਟੇਬਲ ਵਿੱਚ ਸਿਖਰ 'ਤੇ ਹੈ; ਦੂਜੇ ਸਥਾਨ 'ਤੇ ਹਾਂਗਕਾਂਗ ਯੂਨੀਵਰਸਿਟੀ ਆਫ ਸਾਇੰਸ ਐਂਡ ਟੈਕਨਾਲੋਜੀ; ਜਦਕਿ, ਪੈਰਿਸ ਸਾਇੰਸਜ਼ ਐਟ ਲੈਟਰਸ - ਪੀ ਐਸ ਐਲ ਰਿਸਰਚ ਯੂਨੀਵਰਸਿਟੀ ਪੈਰਿਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਨ੍ਹਾਂ ਸਾਰਿਆਂ ਨੇ 20ਵੀਂ ਸਦੀ ਵਿੱਚ ਆਪਣੀ ਹੋਂਦ ਸ਼ੁਰੂ ਕੀਤੀ; ਜਦੋਂ ਕਿ ਐਲ ਪੀ ਯੂ ਦੀ ਸਥਾਪਨਾ ਇਸ ਸਦੀ ਵਿੱਚ ਹੀ ਹੋਈ ਸੀ। ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਉਨ੍ਹਾਂ ਦੇ ਸਾਰੇ ਮੁੱਖ ਮਿਸ਼ਨਾਂ - ਅਧਿਆਪਨ, ਖੋਜ, ਗਿਆਨ ਦਾ ਪ੍ਰਚਾਰ ਅਤੇ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਵਿੱਚ ਨਿਰਣਾ ਕੀਤਾ ਜਾਂਦਾ ਹੈ। ਐਲ ਪੀ ਯੂ ਵਿੱਚ ਸਾਰਿਆਂ ਨੂੰ ਵਧਾਈ ਦਿੰਦਿਆਂ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਇੱਕ ਵਾਰ ਫਿਰ ਸਾਰਿਆਂ ਨੂੰ ਸੱਦਾ ਦਿੱਤਾ ਕਿ ਉਹ ਐਲ ਪੀ ਯੂ ਨੂੰ ਵਿਸ਼ਵ ਵਿੱਚ ਚੋਟੀ ਦੇ ਸਥਾਨ 'ਤੇ ਵੇਖਣ ਲਈ ਸਖਤ ਮਿਹਨਤ ਕਰਦੇ ਰਹਿਣ।

## ਸਾਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ)** ਗੁਰਦੁਆਰਾ ਦੁਰਗਾਪੁਰ 22 ਹਾੜ ਸਾਲਾਨਾ ਜੋੜ ਮੇਲਾ ਸ਼ਰਧਾ ਪੂਰਵਕ ਮਨਾਇਆ ਗਿਆ। ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਤਿੰਨ ਦਿਨ ਰੱਖੇ ਗਏ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਇਸ ਵਿੱਚ ਰਾਗੀਆ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਗੁਰੂ ਦਾ ਲੰਗਰ ਵੀ ਲਗਾਇਆ ਗਿਆ। ਇਸ ਮੌਕੇ ਅਮਰੀਕ ਸਿੰਘ, ਦਲਬੀਰ ਸਿੰਘ, ਜਸਵੀਰ, ਦੀਪ ਸਿੰਘ, ਪਵਨਦੀਪ ਸਿੰਘ, ਕੁਲਵਿੰਦਰ ਸਿੰਘ ਸੋਨੂੰ, ਸ਼ੀਦਾ, ਸੋਨੂੰ ਕਮਲ ਸਿੰਘ, ਸਿਮਰ ਕੌਰ, ਬਿੰਦਾ, ਚਰਨਜੀਤ ਸਿੰਘ, ਐਮ ਸੀ ਬਲਵਿੰਦਰ ਭੁੰਬਲਾ, ਹਰਮੇਸ਼ ਮੇਸੀ, ਅਜੇ, ਗੋਪੀ ਨੇ ਜੋੜਿਆਂ ਦੀ ਸੇਵਾ ਕੀਤੀ। ਲੋਕ ਭਾਰੀ ਸੰਖਿਆ ਵਿੱਚ ਹਾਜ਼ਰ ਸਨ।

## 105 ਗ੍ਰਾਮ ਹੈਰੋਇਨ ਸਮੇਤ ਕਾਬੂ



**ਫਿਲੌਰ, (ਨਿਰਮਲ)** ਮੁਖਵਿੰਦਰ ਸਿੰਘ ਭੁੱਲਰ, ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾੜੇ ਅਨਸਰਾਂ/ਨਸਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਮਨਪ੍ਰੀਤ ਸਿੰਘ ਢਿੱਲੋਂ ਪੁਲਿਸ ਕਪਤਾਨ, ਇਨਵੈਸਟੀਗੇਸ਼ਨ, ਜਲੰਧਰ ਦਿਹਾਤੀ ਅਤੇ ਜਗਦੀਸ਼ ਰਾਜ ਉਪ ਪੁਲਿਸ ਕਪਤਾਨ, ਸਬ ਡਵੀਜ਼ਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਹਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਨੇ 1 ਨਸ਼ਾ ਤਸਕਰ ਨੂੰ ਗ੍ਰਿਫਤਾਰ ਕੀਤਾ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਜਗਦੀਸ਼ ਰਾਜ ਉਪ ਪੁਲਸ ਕਪਤਾਨ, ਸਬ ਡਵੀਜ਼ਨ ਫਿਲੌਰ ਨੇ ਦੱਸਿਆ ਕਿ ਸਬ ਇੰਸਪੈਕਟਰ ਪਰਦੀਪ ਕੁਮਾਰ ਚੌਂਕੀ ਲਸਾੜਾ ਵੱਲੋਂ ਸੱਤਪਾਲ ਉਰਫ ਸੱਤਾ ਪੁੱਤਰ ਪਿਆਰਾ ਲਾਲ ਵਾਸੀ ਸੇਲਕੀਆਨਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 105 ਗ੍ਰਾਮ ਹੈਰੋਇਨ, ਇੱਕ ਡਿਜੀਟਲ ਕੰਡਾ ਅਤੇ ਜੈਨ ਕਾਰ ਬਰਾਮਦ ਕਰਕੇ ਮੁਕੱਦਮਾ ਦਰਜ ਕੀਤਾ ਗਿਆ। ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਲੁਕਛਿਪ ਕੇ ਕਾਫੀ ਸਮੇਂ ਤੋਂ ਫਿਲੌਰ ਸ਼ਹਿਰ ਦੇ ਆਸ ਪਾਸ ਦੇ ਪਿੰਡਾਂ ਵਿੱਚ ਨਸ਼ਾ ਵੇਚਣ ਦਾ ਕਾਰੋਬਾਰ ਕਰ ਰਿਹਾ ਸੀ। ਦੋਸ਼ੀ ਨਿਰਮਲਜੀਤ ਸਿੰਘ ਉਰਫ ਨਿੰਮਾ ਪੁੱਤਰ ਜਸਵੰਤ ਰਾਏ ਵਾਸੀ ਪਿੰਡ ਸੇਲਕੀਆਨਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਖਿਲਾਫ ਪਹਿਲਾਂ ਵੀ ਨਸ਼ਾ ਵੇਚਣ ਦੇ ਮੁਕੱਦਮੇ ਦਰਜ ਹਨ। ਇਸ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

## ਕੋਟਲੀ ਅਰਾਈਆਂ 'ਚ ਔਰਤਾਂ ਲਈ ਰੋਜ਼ਗਾਰ ਸਿਖਲਾਈ ਕੈਂਪ ਲਗਾਇਆ




**ਆਦਮਪੁਰ (ਪਰਮਜੀਤ ਸਿੰਘ )**- ਭੁਪਿੰਦਰ ਸਿੰਘ ਹੁੰਦਲ ਹੁਣਾ ਵਲੋਂ ਸੰਸਥਾਪਕ ਮੇਰਾ ਪਿੰਡ 360 ਫਾਊਂਡੇਸ਼ਨ ਦੇ ਮੁੱਖ ਕੇਂਦਰ ਪਿੰਡ ਕੋਟਲੀ ਅਰਾਈਆਂ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ ਜਾ ਰਹੇ ਹਨ, ਜਿਸ ਅਧੀਨ ਸੰਸਥਾ ਵੱਲੋਂ ਵੱਖ ਵੱਖ ਤਰੀਕੇ ਨਾਲ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਹਰ ਸਮੇਂ ਵਧੀਆ ਉਪਰਾਲੇ ਕੀਤੇ ਜਾ ਰਹੇ ਹਨ। ਬੀਤੇ ਦਿਨ ਸੰਸਥਾ ਵੱਲੋਂ ਆਲੇ ਦੁਆਲੇ ਦੇ ਪਿੰਡਾਂ ਦੀਆਂ ਔਰਤਾਂ ਨੂੰ ਉੱਦਮੀ ਬਣਾਉਣ ਲਈ ਅਤੇ ਆਤਮ ਨਿਰਭਰ ਬਣਾਉਣ ਲਈ ਜੂਟ ਦਾ ਸਮਾਨ ਬਣਾਉਣ ਦਾ 15 ਦਿਨ ਦਾ ਸਿਖਲਾਈ ਕੈਂਪ ਲਗਾਇਆ ਗਿਆ, ਜਿਸ ਵਿੱਚ 35 ਔਰਤਾਂ ਨੇ ਸਿਖਲਾਈ ਪ੍ਰਾਪਤ ਕੀਤੀ। ਸੰਸਥਾ ਦਾ ਮੰਤਵ ਔਰਤਾਂ ਨੂੰ ਬਾਹਰਲੇ ਦੇਸ਼ਾਂ ਵਿੱਚੋਂ ਰੋਜ਼ਗਾਰ ਮੁਹੱਈਆ ਕਰਵਾਉਣਾ ਹੈ। ਜਿਸ ਦੇ ਸੰਬੰਧ 'ਚ ਭਵਿੱਖ ਵਿੱਚ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਸੰਸਥਾ ਦੇ ਮੈਨੇਜਰ ਪੀਉਸ ਨਰ, ਮਨੀਸ਼ਾ ਨਰ, ਅਮਨਦੀਪ ਸਿੰਘ ਅਤੇ ਸੁਨੀਲ ਆਦਿ ਹਾਜ਼ਰ ਸਨ।

## ਪੀਰ ਬਾਬਾ ਫੁੰਮਣ ਸ਼ਾਹ ਦਾ ਸਲਾਨਾ ਜੋੜ ਮੇਲਾ ਭਲਕੇ

**ਆਦਮਪੁਰ (ਪਰਮਜੀਤ ਸਿੰਘ)**- ਆਦਮਪੁਰ ਦੇ ਮੁਹੱਲਾ ਸੱਗਰਾਂ (ਨਜ਼ਦੀਕ ਪਾਣੀ ਵਾਲੀ ਟੈਂਕੀ) ਵਿਖੇ ਮਸਤ ਬਲੀ ਪੀਰ ਬਾਬਾ ਫੁੰਮਣ ਸ਼ਾਹ ਦਾ ਸਲਾਨਾ ਜੋੜ ਮੇਲਾ ਮੁੱਖ ਸੇਵਾਦਾਰ ਬਾਬਾ ਮਨਮੋਹਨ ਸਿੰਘ ਦੀ ਰਹਿਨੁਮਾਈ ਹੇਠ 11 ਜੁਲਾਈ ਦਿਨ ਮੰਗਲਵਾਰ ਨੂੰ ਬਹੁਤ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। 11 ਜੁਲਾਈ ਨੂੰ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ ਅਤੇ 12 ਤੋਂ 2.30 ਵਜੇ ਤੱਕ ਮਹਿਫਲ ਸਜਾਈ ਜਾਵੇਗੀ।

## ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ 'ਚ ਅੱਜ ਛੁੱਟੀ ਦਾ ਐਲਾਨ

**ਰੋਪੜ (ਬਿੰਦਰਾ)**- ਦੁਪਹਿਰ 2 ਵਜੇ ਬਾਰਿਸ਼ ਰੁਕ ਗਈ ਅਤੇ ਜਨਤਾ ਦੀ ਘਬਰਾਹਟ ਘਟੀ ਹੈ। ਪਰ ਦੋ ਦਿਨ ਤੋਂ ਪੈ ਰਹੀ ਬਾਰਿਸ਼ ਇਕ ਆਫਤ ਬਣ ਕੇ ਆਈ । ਰੋਪੜ 'ਚ 275 ਐਮ ਬਾਰਿਸ਼ ਹੋਈ ਜੋ ਇਕ ਰਿਕਾਰਡ ਹੈ। ਦੁਪਹਿਰ 2 ਵਜੇ ਸਤਲੁਜ ਦਰਿਆ ਵਿੱਚ ਪਾਣੀ ਦਾ ਬਹਾਓ 1,61,604 ਕਿਊਸਿਕ ਬਾਰਿਸ਼ ਹੋਈ। ਬਰਸਾਤ ਕਾਰਨ ਰੋਪੜ ਨੇੜੇ ਬੁਦਕੀ ਅਤੇ ਸਰਾਂ ਨਦੀ ਵਿਚ ਹੜ੍ਹ ਆ ਗਿਆ ਹੈ। ਸਤਲੁਜ ਦਰਿਆ ਵਿੱਚ ਪਾਣੀ ਵਧਣ ਕਾਰਨ ਦਰਿਆ ਕਿਨਾਰੇ ਆਈ ਆਈ ਟੀ ਸੜਕ 'ਤੇ ਬਣੀਆਂ ਝੁੱਗੀਆਂ ਵਿਚ ਪਾਣੀ ਵੜ ਗਿਆ ਜੋ ਖਾਲੀ ਕਰਵਾ ਦਿੱਤੀਆਂ ਗਈਆਂ ਹਨ। ਇਨ੍ਹਾਂ ਦੀ ਆਰਜ਼ੀ ਰਿਹਾਇਸ਼ ਅਤੇ ਭੋਜਨ ਦਾ ਪ੍ਰਬੰਧ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਪ੍ਰੀਤੀ ਯਾਦਵ, ਐਸ ਐਸ ਪੀ ਰੋਪੜ ਵਿਵੇਕ ਸ਼ੀਲ ਸੋਨੀ ਪ੍ਰਭਾਵਿਤ ਇਲਾਕੇ ਵਿੱਚ ਖੁਦ ਹਾਲਾਤ ਦਾ ਜਾਇਜ਼ਾ ਲੈਣ ਪੁੱਜੇ। ਉਨ੍ਹਾਂ ਲੋਕਾਂ ਨੂੰ ਪ੍ਰਸ਼ਾਸਨ ਤੇ ਸਰਕਾਰੀ ਕਰਮਚਾਰੀਆਂ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਅਫਵਾਹਾਂ ਤੋਂ ਵੀ ਖਬਰਦਾਰ ਰਹਿਣ ਲਈ ਆਖਿਆ। ਡਿਪਟੀ ਕਮਿਸ਼ਨਰ ਨੇ ਆਈ ਆਈ ਟੀ ਰੋਪੜ ਅਤੇ ਬੁਦਕੀ ਨਦੀ ਦੇ ਹੜ੍ਹ ਦਾ ਜਾਇਜ਼ਾ ਲਿਆ। ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਰੂਪਨਗਰ ਨੇ ਜ਼ਿਲ੍ਹੇ ਦੇ ਸਾਰੇ ਸਰਕਾਰੀ ਤੇ ਪ੍ਰਾਈਵੇਟ ਵਿੱਦਿਅਕ ਅਦਾਰਿਆਂ ਵਿਚ 10 ਜੁਲਾਈ ਨੂੰ ਛੁੱਟੀ ਦਾ ਐਲਾਨ ਕੀਤਾ ਹੈ।

# ਫੁਗਲਾਣਾ 'ਚ ਪੀਰ ਬਾਬਾ ਭੂਰੀ ਸ਼ਾਹ ਦੀ ਯਾਦ 'ਚ ਸਲਾਨਾ ਜੋੜ ਮੇਲਾ

**ਮੇਹਟੀਆਣਾ ( ਜਗਤਾਰ ਸਿੰਘ ਭੁੰਗਰਨੀ )**- ਪਿੰਡ ਫੁਗਲਾਣਾ ਵਿਖੇ ਦਰਬਾਰ ਬਾਬਾ ਭੂਰੀ ਸ਼ਾਹ ਦੀ ਮਜ਼ਾਰ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਪੀਰ ਬਾਬਾ ਪੀਰ ਬਾਬਾ ਭੂਰੀ ਸ਼ਾਹ ਦੀ ਯਾਦ ਵਿੱਚ ਸਲਾਨਾ ਜੋੜ ਮੇਲਾ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਗੋਨੀ ਸ਼ਾਹ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ ਸੇਵਾਦਾਰ ਅਵਤਾਰ ਸਿੰਘ ਮਿੱਠੂ, ਅਸ਼ਵਨੀ ਬਾਂਸਲ ਨੇ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਚਿਰਾਗ, ਚਾਦਰ ਅਤੇ ਝੰਡੇ ਦੀ ਰਸਮ ਸੰਗਤਾਂ ਵੱਲੋਂ ਅਦਾ ਕੀਤੀ ਗਈ। ਪ੍ਰਬੰਧਕਾਂ ਦੱਸਿਆ ਕਿ ਸਲਾਨਾ ਜੋੜ ਮੇਲੇ ਮੌਕੇ ਹੈਪੀ ਮੁਮਤਾਜ ਕਵਾਲ ਪਾਰਟੀ, ਬਲਵਿੰਦਰ ਹੁਸ਼ਿਆਰਪੁਰੀ, ਤੋਤਾ ਜ਼ੈਲਦਾਰ ਸੂਫੀ ਗਾਇਕ, ਉਂਕਾਰ ਗੁਰਸ਼ਾਨ ਐਂਡ ਪਾਰਟੀ ਗੋਬਿੰਦਪੁਰ, ਦਵਿੰਦਰ ਹਸਨ, ਸੁੱਖਾ ਬਾਘਾ ਵਾਡਰ, ਰਾਜ ਕੁਮਾਰ ਨਕਾਲ ਪਾਰਟੀ ਬੀਬੀ ਦੀ ਪੰਡੋਰੀ, ਸਿਤਾਰੇ ਪੰਜਾਬ ਦੇ ਭੰਗੜਾ ਪਾਰਟੀ ਨੇ ਪੀਰਾਂ ਦੀ ਮਹਿਫਲ ਸਜਾਈ। ਇਸ ਮੌਕੇ ਬਾਬਾ ਮਦਨ ਲਾਲ ਬੱਡਲਾ, ਬਾਬਾ ਰਾਜੂ ਸ਼ਾਹ ਬੱਡਲਾ, ਬਾਬਾ ਕੁਸੇਤਰ ਗਿਰੀ, ਸੁਆਮੀ ਪ੍ਰੇਮਾ ਨੰਦ ਠੱਕਰਵਾਲ, ਬਾਬਾ ਸੋਨੂੰ ਸ਼ਾਹ ਬੱਡਲਾ, ਬਾਬਾ ਦੀਸ਼ੇ ਸ਼ਾਹ ਮੋਨਾ ਕਲਾਂ, ਬਾਬਾ ਰੰਗੀ ਰਾਮ ਮੋਨਾ ਕਲਾਂ, ਬਾਬਾ ਜੋਗਿੰਦਰ ਸਿੰਘ ਮੋਨਾ ਕਲਾਂ, ਬਾਬਾ ਰਾਂਝਾ ਮੀਆਂ ਫੁਗਲਾਣਾ, ਬਾਬਾ ਧਰਮਪਾਲ ਬਘਾਣਾ, ਸਿਮਰਨ ਮਹੰਤ ਬੱਡਲਾ, ਹਰੀਸ਼ ਕੁਮਾਰ ਬੋਹਣ, ਬਾਬਾ ਘਨੱਈਆ ਦਾਸ ਦਿਹਾਣਾ, ਬਾਬਾ ਜੰਗੀ ਸ਼ਾਹ ਪੰਡੋਰੀ ਕੱਦ, ਬਾਬਾ ਰਾਮ ਲਾਲ ਪੰਡੋਰੀ ਕੱਦ ਆਦਿ ਫੱਕਰ ਫਕੀਰਾਂ ਨੇ ਪੁੱਜ ਕੇ ਦਰਬਾਰ ਦੀ ਹਾਜ਼ਰੀ ਭਰੀ। ਪ੍ਰਬੰਧਕਾਂ ਵੱਲੋਂ ਫੱਕਰ ਫਕੀਰਾਂ ਅਤੇ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਪੰਜਾਬ ਦੇ ਨਾਮਵਰ ਕਲਾਕਾਰ, ਨਕਾਲ ਅਤੇ ਕਵਾਲਾਂ ਨੇ ਪੀਰਾਂ ਦੀ ਮਹਿਫਲ ਸਜਾਈ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਗੋਨੀ ਸ਼ਾਹ ਫੁਗਲਾਣਾ, ਅਵਤਾਰ ਸਿੰਘ ਮਿੱਠੂ, ਅਸ਼ਵਨੀ ਬਾਂਸਲ, ਬੱਧੂ ਰਾਮ, ਨਿਕਲ ਕੁਮਾਰ, ਹਰਮਨ ਸਿੰਘ, ਨਿਹਾਲ ਬਾਂਸਲ, ਅਜੈ ਕੁਮਾਰ, ਹਰਪ੍ਰੀਤ ਸਿੰਘ, ਲਖਵਿੰਦਰ ਸਿੰਘ, ਬਲਰਾਜ, ਕੁਲਵੰਤ ਸਿੰਘ, ਲਖਵਿੰਦਰ ਸਿੰਘ ਫੁਗਲਾਣਾ, ਸਾਹਿਲ ਧੀਰ, ਅਸ਼ਵਨੀ ਕੁਮਾਰ, ਜੋਗਿੰਦਰ ਪਾਲ ਸਿੰਘ, ਸਰਪੰਚ ਗੁਰਬਖਸ਼ ਕੌਰ ਫੁਗਲਾਣਾ, ਹਰਮੇਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ। ਇਸ ਮੌਕੇ ਛਬੀਲ, ਚਾਹ ਪਕੌੜੇ, ਦਾਤਾ ਜੀ ਦੇ ਲੰਗਰ ਅਤੁੱਟ ਵਰਤਾਏ ਗਏ। ਬਾਬਾ ਮੋਤਾ ਸਿੰਘ ਮਸਤਾਨਾ ਮੇਹਟੀਆਣਾ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ।

# ਸ਼ਹੀਦ ਬਾਬਾ ਮੱਤੀ ਸਾਹਿਬ ਦੇ ਜਨਮ ਦਿਹਾੜੇ ਮੌਕੇ ਗੁਰਮਤਿ ਸਮਾਗਮ ਦੇ ਪੋਸਟਰ ਰਿਲੀਜ਼




**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਬੱਡਲਾ ਵਿਖੇ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਦੇ ਜਨਮ ਅਸਥਾਨ 'ਤੇ ਸਮੂਹ ਨਗਰ ਨਿਵਾਸੀਆਂ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਸ਼ਹੀਦ ਬਾਬਾ ਮੱਤੀ ਸਾਹਿਬ ਦੇ ਜਨਮ ਦਿਹਾੜੇ ਮੌਕੇ ਮਹਾਨ ਗੁਰਮਤਿ ਸਮਾਗਮ 15 ਜੁਲਾਈ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੁਰਿੰਦਰ ਸਿੰਘ ਬਾਜਵਾ, ਨੰਬਰਦਾਰ ਤਜਿੰਦਰ ਸਿੰਘ ਘੁੰਮਣ ਨੇ ਦੱਸਿਆ ਕਿ ਸ਼ਹੀਦ ਬਾਬਾ ਮੱਤੀ ਸਾਹਿਬ ਦੇ ਜਨਮ ਦਿਹਾੜੇ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 15 ਜੁਲਾਈ ਨੂੰ ਪਾਏ ਜਾਣਗੇ।

ਉਪਰੰਤ ਖੁੱਲ੍ਹੇ ਪੰਡਾਲ ਵਿੱਚ ਸੰਤ ਬਾਬਾ ਪਿਆਰਾ ਸਿੰਘ ਸਿਰਥੱਲੀਏ, ਭਾਈ ਗੁਰਸਰਨ ਸਿੰਘ ਇੰਟਰਨੈਸ਼ਨਲ ਕਵੀਸ਼ਰੀ ਜਥਾ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਬੰਧਕਾਂ ਵੱਲੋਂ ਮਹਾਨ ਗੁਰਮਤਿ ਸਮਾਗਮ ਸਬੰਧੀ ਪੋਸਟਰ ਰਿਲੀਜ਼ ਕੀਤੇ ਗਏ। ਪ੍ਰਬੰਧਕਾਂ ਨੇ ਦੱਸਿਆ ਕਿ 15 ਜੁਲਾਈ ਨੂੰ ਸ਼ਹੀਦ ਬਾਬਾ ਮੱਤੀ ਸਾਹਿਬ ਸੇਵਾ ਸੁਸਾਇਟੀ ਡਰੋਲੀ ਕਲਾਂਡ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 25 ਵਾਂ ਖੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਸੁਰਿੰਦਰ ਸਿੰਘ ਬਾਜਵਾ, ਭਾਈ ਚੜ੍ਹਤ ਸਿੰਘ ਹੈੱਡ ਗ੍ਰੰਥੀ, ਨੰਬਰਦਾਰ ਤਜਿੰਦਰ ਸਿੰਘ ਘੁੰਮਣ, ਬਲਕਾਰ ਸਿੰਘ ਖਜ਼ਾਨਚੀ, ਗੁਰਮੇਲ ਸਿੰਘ ਸਹਿ. ਖਜ਼ਾਨਚੀ, ਗੁਰਬਚਨ ਸਿੰਘ, ਰਘਬੀਰ ਸਿੰਘ ਆਦਿ ਹਾਜ਼ਰ ਸਨ।

# ਅੰਬੇਡਕਰ ਭਵਨ ਦੇ ਮੋੜ 'ਤੇ ਸੜਕ 'ਚ 18-20 ਫੁੱਟ ਚੌੜਾ ਪਾੜ ਪਿਆ

**ਰੋਪੜ (ਗੁਰਚਰਨ ਸਿੰਘ ਬਿੰਦਰਾ)**-ਸਰਹਿੰਦ ਨਹਿਰ ਦੇ ਕੰਢੇ ਦੀ ਸੜਕ ਵਿੱਚ ਅੰਬੇਡਕਰ ਭਵਨ ਦੇ ਮੋੜ 'ਤੇ ਸੜਕ ਵਿੱਚ 18-20 ਫੁੱਟ ਚੌੜਾ ਅਤੇ ਏਨਾ ਹੀ ਡੂੰਘਾ ਪਾੜ ਪੈ ਗਿਆ । ਬਿਜਲੀ ਦੇ ਖੰਭੇ ਵੀ ਡਿਗ ਗਏ ਹਨ। ਬਿਜਲੀ ਦੀਆਂ ਤਾਰਾਂ ਸੜਕ 'ਤੇ ਪਈਆਂ ਹਨ । ਇਹ ਰਸਤਾ ਬੰਦ ਹੋ ਗਿਆ । ਇਥੇ ਦੋ ਕਾਰਾਂ ਟੁੱਟੀ ਸੜਕ ਵਿੱਚ ਡਿਗ ਗਈਆਂ ਜਿਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਕੱਢਿਆ ਗਿਆ। ਨਵੀਂ ਅਨਾਜ ਮੰਡੀ ਵਿੱਚ 4-4 ਫੁੱਟ ਪਾਣੀ ਸੜਕਾਂ 'ਤੇ ਭਰ ਗਿਆ ਅਤੇ 2-2 ਫੁੱਟ ਪਾਣੀ ਦੁਕਾਨਾਂ ਦੇ ਅੰਦਰ ਵੜ ਗਿਆ। ਸਤਲੁਜ ਦਰਿਆ ਵਿੱਚ ਪਾਣੀ ਦਾ ਬਹਾਓ ਵਧਣ ਨਾਲ ਨੂਰਪੁਰ ਬੇਦੀ ਅਤੇ ਬੇਟ ਇਲਾਕੇ ਵਿੱਚ ਲੋਕਾਂ ਨੂੰ ਸੁਚੇਤ ਰਹਿਣ ਅਤੇ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਗਿਆ ਹੈ। ਰੋਪੜ ਹੈਡਵਰਕਸ ਤੇ ਦੁਪਹਿਰ 12 ਵਜੇ 1,36000 ਕਿਊਸਿਕ ਪਾਣੀ ਲੰਘ ਰਿਹਾ ਹੈ ਜੋ ਕਿ ਮਿਨੀ ਫਲੱਡ ਦਾ ਸੂਚਕ ਹੈ। ਡਿਪਟੀ ਕਮਿਸ਼ਨਰ ਰੂਪਨਗਰ ਪ੍ਰੀਤੀ ਯਾਦਵ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਬਿਨਾਂ ਕਿਸੇ ਜ਼ਰੂਰੀ ਕੰਮ ਦੇ ਘਰੋਂ ਬਾਹਰ ਨਾ ਜਾਣ। ਵਿਧਾਇਕ ਦਿਨੇਸ਼ ਚੱਢਾ ਨੇ ਨੂਰਪੁਰ ਬੇਦੀ ਦੇ ਪਿੰਡਾਂ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ। ਉਨ੍ਹਾ ਸਰਕਾਰ ਵਲੋਂ ਹਰ ਪ੍ਰਕਾਰ ਦੀ ਸਹਾਇਤਾ ਦਾ ਭਰੋਸਾ ਦਿੱਤਾ। ਮੌਸਮ ਵਿਭਾਗ ਵੱਲੋਂ ਰੋਪੜ ਜ਼ਿਲ੍ਹੇ ਵਿੱਚ ਹੋਰ ਮੀਂਹ ਦੀ ਚਿਤਾਵਨੀ ਨੇ ਲੋਕਾਂ 'ਚ ਘਬਰਾਹਟ ਪੈਦਾ ਕਰ ਦਿੱਤੀ ਹੈ।

# ਪੀ ਟੀ ਯੂ ਦੇ ਮੈਨੇਜਮੈਂਟ ਐਂਡ ਹਾਸਪੀਟੈਲਿਟੀ ਡਿਪਾਰਟਮੈਂਟ ਨੇ 100 ਫੀਸਦੀ ਪਲੇਸਮੈਂਟ ਦਾ ਰਿਕਾਰਡ ਕੀਤਾ ਦਰਜ

**ਜਲੰਧਰ (ਸ਼ੈਲੀ ਐਲਬਰਟ)** ਆਈ ਕੇ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ (ਆਈ ਕੇ ਜੀ ਪੀ ਟੀ ਯੂ) ਮੇਨ ਕੈਂਪਸ ਦੇ ਮੈਨੇਜਮੈਂਟ ਅਤੇ ਹੋਸਪਿਟੈਲਿਟੀ ਵਿਭਾਗ 'ਚ ਸਾਲ 2022-23 ਲਈ 100% ਕੈਂਪਸ ਪਲੇਸਮੈਂਟ ਅਤੇ ਵਿਦਿਆਰਥੀਆਂ ਦੀ ਸਿਖਲਾਈ ਦਾ ਰਿਕਾਰਡ ਦਰਜ ਕੀਤਾ ਗਿਆ ਹੈ। ਵਿਭਾਗ ਦੇ ਵਿਦਿਆਰਥੀਆਂ ਨੂੰ ਪੀ ਐਨ ਬੀ ਮੈਟਲਾਈਫ ਅਤੇ ਹੋਟਲ ਟ੍ਰਾਈਡੈਂਟ, ਜੈਪੁਰ ਦੁਆਰਾ ਬਿਹਤਰ ਪੈਕੇਜਾਂ 'ਤੇ ਭਰਤੀ ਕੀਤਾ ਗਿਆ ਹੈ। ਵਿਭਾਗ ਦੇ ਵਿਦਿਆਰਥੀਆਂ ਨੇ 4 ਅਤੇ 5 ਸਟਾਰ ਹੋਟਲਾਂ 'ਚ ਛੇ ਮਹੀਨੇ ਦੀ ਉਦਯੋਗਿਕ ਸਿਖਲਾਈ ਲਈ 100% ਪਲੇਸਮੈਂਟ ਵੀ ਹਾਸਲ ਕੀਤੀ ਹੈ। ਇਹ ਵਿਦਿਆਰਥੀ ਬੀ ਐਚ ਐਮ ਸੀ ਟੀ ਦੇ ਹਨ। ਇਸੇ ਤਰ੍ਹਾਂ ਐਮ ਬੀ ਏ ਦੇ ਵਿਦਿਆਰਥੀਆਂ ਨੂੰ ਬੀ ਸੀ ਸੀ ਐਲ ਝਾਰਖੰਡ, ਵੇਰਕਾ ਮਿਲਕ ਪਲਾਂਟ ਜਲੰਧਰ, ਟੀਮਲੀਜ ਸਰਵਿਸਿਜ ਲਿਮਟਿਡ ਨਵੀਂ ਦਿੱਲੀ, ਇਨਕਨਟ ਡਿਜੀਟਲ ਹੈਦਰਾਬਾਦ, ਸੋਲੀਟੇਅਰ ਇਨਫੋਸਿਸ ਮੋਹਾਲੀ, ਐਚ ਏ ਐਲ ਆਦਿ ਵਰਗੀਆਂ ਨਾਮਵਰ ਕੰਪਨੀਆਂ ਵਿੱਚ ਉਦਯੋਗਿਕ ਸਿਖਲਾਈ ਲਈ ਚੁਣਿਆ ਗਿਆ ਹੈ। ਇਹ ਜਾਣਕਾਰੀ ਵਿਭਾਗ ਦੇ ਮੁਖੀ ਪ੍ਰੋਫੈਸਰ ਡਾ. ਹਰਮੀਨ ਸੋਚ ਨੇ ਜਾਰੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਹੁਤ ਵੱਡੀਆਂ ਹਨ। ਇਸ ਵਿਭਾਗ ਦੇ ਵਿਦਿਆਰਥੀ ਪਹਿਲਾਂ ਇੰਡੋਨੇਸੀਆ 'ਚ ਥੋੜ੍ਹੇ ਸਮੇਂ ਦੇ ਪ੍ਰੋਗਰਾਮਾਂ ਲਈ ਚੁਣੇ ਗਏ ਹਨ ਅਤੇ ਉਹ ਯੂਰਪ ਅਤੇ ਕੈਨੇਡਾ ਵਿੱਚ ਵੀ ਅੱਗੇ ਦੀ ਪੜ੍ਹਾਈ ਕਰ ਰਹੇ ਹਨ। ਇਹ ਵਿਭਾਗ ਯੂਜੀਸੀ ਫੰਡ ਪ੍ਰਾਪਤ ਪੀਐਚ.ਡੀ. ਵਿਦਿਆਰਥੀਆਂ ਦੀ ਭਰਤੀ ਕਰਨ ਵਿੱਚ ਮੋਹਰੀ ਹੈ ਜੋ ਪ੍ਰਬੰਧਨ ਦੇ ਅਤਿ-ਆਧੁਨਿਕ ਖੇਤਰਾਂ ਵਿੱਚ ਖੋਜ ਕਰ ਰਹੇ ਹਨ। ਇਹਨਾਂ ਪੀ.ਐੱਚ.ਡੀ ਵਿਦਿਆਰਥੀਆਂ ਦੇ ਸੰਦਰਭ ਵਿੱਚ ਯੂਨੀਵਰਸਿਟੀ ਨੂੰ ਵੱਖ-ਵੱਖ ਅਦਾਰਿਆਂ ਤੋਂ 4 ਕਰੋੜ ਰੁਪਏ ਦੀ ਸਹਾਇਤਾ ਵੀ ਮਿਲੀ ਹੈ! ਇਸ ਵਿਭਾਗ ਦੇ ਸਾਰੇ ਫੈਕਲਟੀ ਮੈਂਬਰ ਪੀ.ਐੱਚ.ਡੀ. ਹਨ ਅਤੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕਲਾਸਰੂਮ ਦੀ ਅਧਿਆਪਨ ਖੇਡਾਂ, ਅਭਿਆਸਾਂ ਆਦਿ ਨਾਲ ਅਨੁਭਵੀ ਹੋਵੇ। ਉਨ੍ਹਾਂ ਦੱਸਿਆ ਕਿ ਇਸ ਸਮੇਂ ਵਿਭਾਗ ਦੀਆਂ ਕੁਝ ਬਾਕੀ ਸੀਟਾਂ ਲਈ ਦਾਖਲੇ ਚੱਲ ਰਹੇ ਹਨ, ਜਿਨ੍ਹਾਂ ਵਿੱਚ ਬੀ ਬੀ ਏ, ਬੀ ਐਚ ਐਮ ਸੀ ਟੀ ਅਤੇ ਐਮ ਬੀ ਏ ਸ਼ਾਮਲ ਹਨ।

# ਦਰਿਆਵਾਂ ਤੇ ਨਦੀਆਂ ਸਮੇਤ ਨੀਵੇਂ ਇਲਾਕਿਆਂ 'ਚ ਜਾਣ ਤੋਂ ਗੁਰੇਜ਼ ਕੀਤਾ ਜਾਵੇ : ਰੰਧਾਵਾ

**ਬਹਿਰਾਮ (ਅਵਤਾਰ ਕਲੇਰ)** ਡਿਪਟੀ ਕਮਿਸ਼ਨਰ ਨਵਜੋਤਪਾਲ ਸਿੰਘ ਰੰਧਾਵਾ ਨੇ ਦੱਸਿਆ ਕਿ ਹਿਮਾਚਲ ਪ੍ਰਦੇਸ਼ ਦੇ ਪਹਾੜੀ ਇਲਾਕਿਆਂ ਵਿੱਚ ਮੀਂਹ ਪੈਣ ਦੇ ਕਾਰਨ ਰੋਪੜ ਹੈਡਵਰਕਸ ਤੋਂ ਮਿਲੀ ਸੂਚਨਾ ਦੇ ਅਨੁਸਾਰ ਰਾਤ 11 ਵਜੇ ਤੱਕ 35000 ਸੀ.ਐਸ ਦੇ ਕਰੀਬ ਪਾਣੀ ਛੱਡਿਆ ਗਿਆ ਸੀ। ਉਨ੍ਹਾਂ ਕਿਹਾ ਕਿ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਹੁਣ ਇਹ ਪਾਣੀ 50000 ਸੀ.ਐਸ ਤੱਕ ਛੱਡੇ ਜਾਣ ਦੀ ਸੰਭਾਵਨਾ ਹੈ, ਜੋ ਕਿਉਂਕਿ 50000 ਤੋਂ 140000 ਸੀ.ਐਸ ਵਿਚਕਾਰ ਆਉਂਦਾ ਹੈ ਅਤੇ ਇਹ ਲੋਅ ਫਲੱਡ ਦੇ ਹਾਲਾਤਾਂ ਅਧੀਨ ਆਉਂਦਾ ਹੈ। ਉਨ੍ਹਾਂ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਰੋਪੜ ਹੈਡ ਵਰਕ ਤੋਂ ਪਾਣੀ ਛੱਡਣ ਨਾਲ ਕਿਸੇ ਵੀ ਸਮੇਂ ਦਰਿਆਵਾਂ 'ਚ ਪਾਣੀ ਦਾ ਪੱਧਰ ਉੱਚਾ ਹੋ ਸਕਦਾ ਹੈ, ਇਸ ਲਈ ਦਰਿਆਵਾਂ ਅਤੇ ਨਦੀਆਂ ਦੇ ਨੇੜੇ ਰਹਿਣ ਵਾਲੇ ਪਿੰਡ ਵਾਸੀ ਇਹਨਾਂ 'ਚ ਬਿਲਕੁੱਲ ਨਾ ਜਾਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਥਾਪਿਤ ਕੀਤੇ ਗਏ ਫਲੱਡ ਕੰਟਰੋਲ ਰੂਮ ਦਾ ਨੰਬਰ 01823-220645 ਹੈ। ਇਸੇ ਤਰ੍ਹਾਂ ਤਰ੍ਹਾਂ ਤਹਿਸੀਲ ਪੱਧਰ 'ਤੇ ਸਥਾਪਿਤ ਕੀਤੇ ਕੰਟਰੋਲ ਰੂਮਾਂ 'ਚ ਤਹਿਸੀਲ ਬਲਾਚੌਰ ਦਾ 01885-220075 ਅਤੇ ਤਹਿਸੀਲ ਬੰਗਾ ਦਾ 01823-264666 ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਸਬੰਧਤ ਕੋਈ ਵੀ ਜਾਣਕਾਰੀ ਸਾਂਝੀ ਕਰਨ ਜਾਂ ਸੂਚਨਾ ਦੇਣ ਲਈ ਇਨ੍ਹਾਂ ਕੰਟਰੋਲ ਰੂਮ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹੜ੍ਹਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ।

## ਸ਼ਹੀਦ ਭਗਤ ਸਿੰਘ ਨਗਰ ਦੇ ਸਕੂਲਾਂ ਤੇ ਹੋਰ ਵਿੱਦਿਅਕ ਅਦਾਰਿਆਂ 'ਚ ਅੱਜ ਛੁੱਟੀ ਦਾ ਐਲਾਨ

**ਬਹਿਰਾਮ (ਅਵਤਾਰ ਕਲੇਰ)** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵੱਲੋਂ ਬੀਤੇ ਕੱਲ੍ਹ ਤੋਂ ਪੰਜਾਬ ਭਰ ਵਿਚ ਪੈ ਰਹੇ ਭਾਰੀ ਮੀਂਹ ਦਰਮਿਆਨ 10 ਜੁਲਾਈ ਦਿਨ ਸੋਮਵਾਰ ਨੂੰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਰੇ ਸਰਕਾਰੀ, ਅਰਧ ਸਰਕਾਰੀ, ਮਾਨਤਾ ਪ੍ਰਾਪਤ (ਪ੍ਰਾਇਮਰੀ, ਮਿਡਲ, ਹਾਈ ਅਤੇ ਸੈਕੰਡਰੀ) ਸਕੂਲਾਂ ਅਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਹੈ। ਡਿਪਟੀ ਕਮਿਸਨਰ ਨੇ ਦੱਸਿਆ ਕਿ ਭਾਰੀ ਵਰਖਾ ਹੋਣ ਕਾਰਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਕਾਰੀ ਸਕੂਲਾਂ, ਪਿੰਡਾਂ ਅਤੇ ਸ਼ਹਿਰਾਂ ਦੇ ਕਾਫੀ ਹਿੱਸੇ ਵਿੱਚ ਪਾਣੀ ਭਰ ਗਿਆ ਹੈ। ਇਸ ਕਾਰਨ ਬੱਚਿਆਂ ਦਾ ਸਕੂਲ ਆਉਣਾ-ਜਾਣਾ ਬਹੁਤ ਮੁਸ਼ਕਲ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹਾਲਾਤ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਸਰਕਾਰੀ ਪ੍ਰਾਈਵੇਟ ਸਕੂਲਾਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

# ਕਿਸਾਨ ਤੇ ਧਰਤੀ ਨੂੰ ਬਚਾਉਣ ਲਈ ਯੋਗ ਉਪਰਾਲੇ ਕਰਨੇ ਸਮੇਂ ਦੀਆਂ ਸਰਕਾਰਾਂ ਦੇ ਮੁੱਖ ਕੰਮ : ਢਿੱਲੋਂ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਡਾਕਟਰ ਸੁਖਦੇਵ ਸਿੰਘ ਢਿੱਲੋਂ ਐਗਰੀਕਲਚਰ ਟੈਕਨੋਕਰੇਟਸ ਜਥੇਬੰਦੀ ਦੇ ਜਨਰਲ ਸਕੱਤਰ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸਰਮਾਏਦਾਰੀ ਦੌੜ ਦੀ ਪੈਦਾਵਾਰ ਖ੍ਰੀਦਦਾਰ ਦੀ ਸੌੜੀ ਸੋਚ ਨੇ ਬਹੁਤ ਸਮੱਸਿਆਵਾਂ ਪੈਦਾ ਕੀਤੀਆਂ ਹੋਈਆਂ ਹਨ। ਮੁਨਾਫੇ ਦੀ ਦੌੜ ਨੇ ਖੇਤੀ ਨੂੰ ਰਵਾਇਤੀ ਖੇਤੀ ਤੋਂ ਮੁਨਾਫਾ ਕਮਾਉਣ ਦਾ ਧੰਦਾ ਬਣਾ ਕੇ ਇੱਕ ਵਿਸ਼ੇਸ਼ ਫਸਲ ਵੱਲ ਧੱਕ ਦਿੱਤਾ ਹੈ ਅਤੇ ਸਵੈ ਚਾਲਕ ਸਟਾਟਰ ਨੇ ਧਰਤੀ ਹੇਠਲੇ ਪਾਣੀ ਦੀ ਨਿਕਾਸੀ ਬੇਲੋੜੀ ਵਧਾਈ ਹੈ। ਜਿਸ ਕਰਕੇ ਧਰਤੀ ਹੇਠਲਾ ਪਾਣੀ ਹੱਦੋਂ ਵੱਧ ਡੂੰਘਾਈ ਤੱਕ ਹੇਠਾਂ ਚਲਾ ਗਿਆ ਹੈ। ਆਉਣ ਵਾਲੇ ਸਮੇਂ ਵਿੱਚ ਸਮਾਜ ਨੂੰ ਬਹੁਤ ਭਿਆਨਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਖੇਤੀ ਇਕ ਅਜਿਹਾ ਖੇਤਰ ਹੈ ਜੋ ਸਦਾ ਕੁਦਰਤ 'ਤੇ ਨਿਰਭਰ ਹੈ। ਮੀਂਹ, ਹਨੇਰੀ, ਗੜੇ, ਸੋਕਾ, ਠੰਢ, ਕੋਹਰਾ ਖੇਤੀ ਨੂੰ ਹਰ ਵੇਲੇ ਅਸਰ ਅੰਦਾਜ਼ ਰੱਖਦੇ ਹਨ। ਫਿਰ ਵੀ ਕਿਸਾਨ ਵਡੇਰਾ ਹੌਸਲਾ ਰੱਖਦਾ ਹੋਇਆ ਇਨ੍ਹਾਂ ਕੁਦਰਤੀ ਆਫਤਾਂ ਨਾਲ ਸਦੀਆਂ ਤੋਂ ਮੁਕਾਬਲਾ ਕਰਦਾ ਆ ਰਿਹਾ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਨੇ ਖੇਤੀ ਤੇ ਕੁਦਰਤੀ ਆਫਤਾਂ ਵਿੱਚ ਘਿਰੇ ਕਿਸਾਨ ਦਾ ਕਦੀ ਵੀ ਭਲਾ ਨਹੀਂ ਕੀਤਾ। ਜਦੋਂ ਕਿ ਸਮੁੱਚੇ ਸਮਾਜ ਅਤੇ ਸਰਕਾਰ ਨੂੰ ਕਿਸਾਨ ਦਾ ਸਾਥ ਦੇਣਾ ਜ਼ਰੂਰੀ ਹੈ ਕਿਉਂਕਿ ਜੇਕਰ ਅੱਧੀ ਤੋਂ ਵੱਧ ਵਸੋਂ ਜੋ ਕਿਸਾਨ, ਮਜ਼ਦੂਰ ਤੇ ਮਿਹਨਤਕਸ਼ ਹਨ ਜੋ ਕੁਦਰਤ ਨਾਲ ਮੁਕਾਬਲਾ ਕਰਨ ਲਈ ਸਦਾ ਤਿਆਰ ਰਹਿੰਦੇ ਹਨ, ਨੂੰ ਅਣਗੌਲਿਆਂ ਕਰਕੇ ਪੰਜਾਬ, ਦੇਸ਼, ਸਮਾਜ ਅਤੇ ਭਵਿੱਖ ਸੁਰੱਖਿਅਤ ਨਹੀਂ ਹੋਏਗਾ। ਇਸੇ ਹੀ ਤਰ੍ਹਾਂ ਕੁਦਰਤੀ ਸਰੋਤਾਂ ਨੂੰ ਸਾਂਭਣ ਲਈ ਸਾਂਝੇ ਯਤਨਾਂ, ਵਿੱਦਿਆ ਅਤੇ ਖੋਜ ਦੇ ਯਕਮੁਸ਼ਤ ਯਤਨ ਕਰਨੇ ਜ਼ਰੂਰੀ ਹੋਣਗੇ ਜੋ ਦੇਸ਼, ਰਾਜਾਂ, ਸਮਾਜ ਅਤੇ ਸਮੂਹ ਲੋਕਾਈ ਦੇ ਭਲੇ ਵਿੱਚ ਹੋਵੇਗਾ।

# ਆਦਿਵਾਸੀ ਬਹੁਜਨ ਸਮਾਜ ਦੇ ਹਿੱਤਾਂ ਲਈ ਚਿੰਤਤ ਰਹੋ ਤੇ ਚਲਦੇ ਰਹੋ : ਸੰਤ ਸਰਵਣ ਦਾਸ



**ਹੁਸ਼ਿਆਰਪੁਰ (ਓ ਪੀ ਰਾਣਾ)** ਭਾਰੀ ਮੀਂਹ ਦੇ ਬਾਵਜੂਦ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੀ ਵਿਸ਼ੇਸ਼ ਮੀਟਿੰਗ ਧਾਮ ਸੱਚਖੰਡ ਚਾਨਣਪੁਰੀ ਸ਼ੇਰਗੜ੍ਹ (ਅਸਲਾਮਾਬਾਦ) ਚੰਡੀਗੜ੍ਹ ਰੋਡ ਵਿਖੇ ਸੰਤ ਧਰਮ ਪਾਲ, ਸੰਤ ਮਨਜੀਤ ਸਿੰਘ ਵਿਛੋਹੀ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਵਿੱਚ 'ਆਦਿ ਧਰਮ ਗੁਰੂ' ਸੰਤ ਸਰਵਣ ਦਾਸ ਸਲੇਮਟਾਵਰੀ ਲੁਧਿਆਣਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਸੰਤ ਸਰਵਣ ਦਾਸ ਨੇ ਕਿਹਾ ਕਿ ਆਦਿ ਵਾਸੀ ਬਹੁਜਨ ਸਮਾਜ ਦੇ ਧਾਰਮਿਕ, ਸਮਾਜਿਕ ਸੰਵਿਧਾਨਕ ਹਿੱਤਾਂ ਲਈ ਪੜ੍ਹੇ ਲਿਖੇ, ਬੁਧੀਜੀਵੀ, ਨੌਜਵਾਨ ਵਰਗ ਨੂੰ ਹਮੇਸ਼ਾ ਚਿਤੰਕ ਰਹਿਣਾ ਚਾਹੀਦਾ ਅਤੇ ਚੱਲਦੇ ਰਹਿਣਾ ਚਾਹੀਦਾ ਹੈ, ਕਿਉਂਕਿ ਚੱਲਦੇ ਵਹਿਣ ਸਵੱਛ ਤੇ ਸ਼ਾਫ ਰਹਿੰਦੇ ਹਨ। ਉਨ੍ਹਾਂ ਕਿਹਾ ਆਦਿ ਧਰਮ ਸੰਤ ਸਮਾਜ ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਕੌਮ ਦੇ ਮਹਾਨ ਰਹਿਬਰ ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ, ਮਹਾਤਮਾ ਜੋਤੀ ਰਾਓ ਫੂਲੇ ਦੀ ਵਿਚਾਰਧਾਰਾ ਨੂੰ ਜਨ-ਜਨ, ਘਰ-ਘਰ ਤੱਕ ਪਹੁੰਚਾਉਣ ਲਈ ਹਮੇਸ਼ਾ ਤੱਤਪਰ ਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜਾਅਲੀ ਜਾਤੀ ਸਰਟੀਫਿਕੇਟ ਬਣਾਕੇ ਗਰੀਬ ਆਦਿ ਵਾਸੀ ਬਹੁਜਨ ਸਮਾਜ ਦੀਆਂ ਰਾਖਵੇਂਕਰਨ ਦੀਆਂ ਨੌਕਰੀਆਂ ਹੜੱਪਣ ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਬਹੁਤ ਅਹਿਮ ਮਾਮਲਾ ਹੈ। ਕੋਈ ਵੀ ਸਰਕਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੇ ਭਵਿੱਖ ਨੂੰ ਬਰਬਾਦ ਕਰਨ ਵਾਲਿਆਂ ਖਿਲਾਫ ਕਾਰਵਾਈ ਕਰਨ ਲਈ ਗੰਭੀਰ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਵਿਦਿਆਰਥੀਆਂ ਦੀਆਂ ਰੋਕੀਆਂ ਡਿਗਰੀਆਂ ਤੁਰੰਤ ਜਾਰੀ ਨਾ ਕੀਤੀਆਂ ਅਤੇ ਦਾਖਲੇ ਨਾ ਕਰਵਾਏ ਗਏ ਤਾਂ ਆਦਿ ਧਰਮ ਸਾਧੂ ਸਮਾਜ ਆਲ ਇੰਡੀਆ ਆਦਿ ਧਰਮ ਮਿਸ਼ਨ ਵੱਲੋਂ 2 ਅਕਤੂਬਰ 2021 ਵਾਂਗ ਸੜਕਾਂ 'ਤੇ ਉੱਤਰਨ ਲਈ ਤਿਆਰ ਹੈ। ਉਨ੍ਹਾ ਕਿਹਾ ਜਿਹੜੇ ਟੈਕਨੀਕਲ ਕਾਲਜ, ਯੂਨੀਵਰਸਿਟੀਆਂ ਵਿਦਿਆਰਥੀਆਂ ਨਾਲ ਇਸ ਮਸਲੇ ਤੇ ਤਾਲਮੇਲ ਨਹੀਂ ਕਰਦੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਸੰਤ ਸਮਾਜ ਨੇ ਕਿਹਾ ਕਿ ਸਵਰਨ ਜਾਤੀ ਦੇ ਲੋਕਾਂ ਵੱਲੋਂ ਅਨੁਸੂਚਿਤ ਜਾਤੀ ਦੇ ਜਾਅਲੀ ਐਸ ਸੀ ਸਰਟੀਫਿਕੇਟ ਬਣਾ ਕੇ ਲਾਭ ਲੈ ਰਹੇ ਲੋਕਾਂ ਖਿਲਾਫ ਕਾਨੂੰਨੀ ਕਾਰਵਾਈ ਕਰਕੇ ਉਨ੍ਹਾਂ ਦੀਆਂ ਬਣਾਈਆਂ ਜਾਇਦਾਦਾਂ ਕੁਰਕ ਕੀਤੀਆਂ ਜਾਣ ਅਤੇ ਅਨੁਸੂਚਿਤ ਜਾਤੀ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਪੁਰਾਣਾ ਬੈਕਲਾਗ ਪੂਰਾ ਕਰਕੇ ਸਰਕਾਰੀ ਨੌਕਰੀਆਂ ਦਿੱਤੀਆਂ ਜਾਣ। ਇਸ ਮੌਕੇ ਸੰਤ ਧਰਮ ਪਾਲ ਸੰਚਾਲਕ ਧਾਮ ਸੱਚਖੰਡ ਚਾਨਣ ਪੁਰੀ ਸ਼ੇਰਗੜ੍ਹ, ਬਲਵੀਰ ਸਿੰਘ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ (ਰਜਿ) ਹੁਸ਼ਿਆਰਪੁਰ, ਜਗਦੀਸ਼ ਬੱਧਣ ਪ੍ਰਧਾਨ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਚੈਰੀਟੇਬਲ ਸਭਾ (ਰਜਿ.) ਹੁਸ਼ਿਆਰਪੁਰ, ਬੀ ਆਰ ਬੱਧਣ ਮੈਨੇਜਰ, ਰਾਮ ਪਾਲ ਬਜਵਾੜਾ, ਰਮੇਸ਼ ਸੰਧੂ ਸ਼ੇਰਗੜ੍ਹ, ਗੁਰਮੁੱਖ ਸਿੰਘ, ਦਵਿੰਦਰ ਜੱਸਲ, ਪਰਮਜੀਤ ਸਿੰਘ ਖਾਲਸਾ, ਹਰਿ ਭਗਵਾਨ, ਸੁਰਿੰਦਰ ਸਿੱਧੂ ਸਾਬਕਾ ਕੌਂਸਲਰ, ਪ੍ਰੀਤਮ ਸਿੰਘ ਧੰਮੀ, ਸਤੀਸ਼ ਕੁਮਾਰ ਖ਼ਾਨਪੁਰ, ਗੁਰਮੇਲ ਸੰਧੂ, ਰਜਿੰਦਰ ਕੁਮਾਰ ਪੰਚ, ਚਰਨਜੀਤ ਸਿੰਘ ਭੁਲੇਟ, ਸਾਹਿਬ ਸਿੰਘ ਸੋਨੂੰ, ਹੈਪੀ ਸਿੰਘ ਹੁਕੜਾਂ, ਰਾਜ ਕੁਮਾਰ, ਜੋਤ ਨਿਰੰਜਨ, ਦਵਿੰਦਰ ਸੰਧੂ, ਜਗਦੀਸ਼ ਸੰਧੂ, ਬਲਵੀਰ ਕੌਰ, ਰਣਜੀਤ ਕੌਰ, ਸਵਰਨ ਕੌਰ, ਨੀਲਮ, ਜਸਵਿੰਦਰ ਕੌਰ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।